JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

To view our online newspaper visit punjabipost.ca/epaper | Vol 22* Issue 29 | Friday, February 10, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

**ਹੈਲਥ ਫੰਡਿੰਗ ਲਈ ਫੈਡਰਲ ਸਰਕਾਰ ਨੇ 196 ਬਿਲੀਅਨ ਡਾਲਰ ਦਾ ਵਾਧਾ ਕਰਨ ਦਾ ਪ੍ਰਗਟਾਇਆ ਤਹੱਈਆ**



ਪੰਨਾ 02

**ਕੀ ਅਡਾਨੀ ਵਰਗਿਆਂ ਦੇ ਕਾਰੋਬਾਰੀ ਕਲੰਕ ਵੀ ਦੇਸ਼ਭਗਤੀ ਦੇ ਤਮਗੇ ਮੰਨਣੇ ਪੈ ਜਾਣਗੇ?**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

# ਡੇਅਕੇਅਰ ਹਾਦਸੇ ਵਿੱਚ ਮਾਰੇ ਗਏ ਬੱਚਿਆਂ ਦੇ ਪਰਿਵਾਰਾਂ ਨਾਲ ਟਰੂਡੋ ਨੇ ਕੀਤਾ ਦੁੱਖ ਸਾਂਝਾ



ਕਿਊਬਿਕ, 9 ਫਰਵਰੀ (ਪੋਸਟ ਬਿਊਰੋ) : ਲਵਾਲ, ਕਿਊਬਿਕ ਦੇ ਡੇਅਕੇਅਰ ਦੀ ਇਮਾਰਤ ਵਿੱਚ ਸਿਟੀ ਬੱਸ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਰੇ ਦੋ ਬੱਚਿਆਂ ਦੀ ਯਾਦ ਵਿੱਚ ਵੀਰਵਾਰ ਰਾਤ ਨੂੰ ਕਰਵਾਏ ਗਏ ਵਿਜਿਲ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਿੱਸਾ ਲਿਆ ਗਿਆ।

ਮਾਂਟਰੀਅਲ ਦੇ ਉੱਤਰ ਵੱਲ ਸਥਿਤ ਇਸ ਸਬਅਰਬ ਵਿੱਚ ਵਾਪਰੇ ਇਸ ਹਾਦਸੇ ਵਿੱਚ ਕਈ ਬੱਚੇ ਜ਼ਖ਼ਮੀ ਵੀ ਹੋਏ ਤੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਹ ਘਟਨਾ ਕਿਆਸ ਤੋਂ ਬਾਹਰੀ ਹੈ। ਉਨ੍ਹਾਂ ਆਖਿਆ ਕਿ ਪਰਿਵਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਅਸੀਂ ਉਨ੍ਹਾਂ ਦੇ ਨਾਲ ਹਾਂ। ਟਰੂਡੋ ਨੇ ਆਖਿਆ ਕਿ ਫਰਸਟ ਰਿਸਪਾਂਡਰਜ਼ ਨੇ ਜਿਹੜਾ ਹੀਰੋ ਵਾਲਾ ਕੰਮ ਕੀਤਾ ਅਸੀਂ ਉਸ ਲਈ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਪਰ ਉਸ ਸਮੇਂ ਜੋ ਕੁੱਝ ਉਨ੍ਹਾਂ ਵੇਖਿਆ ਤੇ ਜਿਸ ਸੰਘਰਸ਼ ਵਿੱਚੋਂ ਉਹ ਲੰਘੇ ਉਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ।

ਜ਼ਿਕਰਯੋਗ ਹੈ ਕਿ ਗਾਰਡੇਰੀ ਐਜੂਕੇਟਿਵ ਸੇਂਟ ਰੋਜ਼ ਡੇਅਕੇਅਰ ਦੇ ਸਾਹਮਣੇ ਵਾਲੇ ਹਿੱਸੇ ਵਿੱਚ ਸਵੇਰੇ 8:30 ਵਜੇ ਸਿਟੀ ਬੱਸ ਟਕਰਾ ਜਾਣ ਤੋਂ ਬਾਅਦ ਚਾਰ ਸਾਲਾਂ ਦੇ ਦੋ ਬੱਚਿਆਂ ਦੀ ਮੌਤ ਹੋ ਗਈ। ਜ਼ਖ਼ਮੀ ਹਾਲਤ ਵਿੱਚ ਛੇ ਹੋਰਨਾਂ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਤੋਂ ਤੁਰੰਤ ਬਾਅਦ ਬੱਸ ਦੇ 51 ਸਾਲਾ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਉੱਤੇ ਫਰਸਟ ਡਿਗਰੀ ਮਰਡਰ ਦੇ ਦੋ ਤੇ ਹਾਦਸੇ ਨੂੰ ਅੰਜਾਮ ਦੇਣ ਸਬੰਧੀ ਸੱਤ ਚਾਰਜਿਜ਼ ਲਾਏ ਗਏ ਹਨ। ਸਿਟੀ ਦੇ ਮੇਅਰ ਸਟੀਫਨ ਬੋਇਰ ਵੀ ਇਸ ਕਮਿਊਨਿਟੀ ਦੇ ਇੱਕਠ ਵਿੱਚ ਪ੍ਰਧਾਨ ਮੰਤਰੀ ਨਾਲ ਮੌਜੂਦ ਸਨ। ਇਸ ਦੌਰਾਨ ਚਰਚ ਦੀ ਐਂਟਰੈਂਸ ਉੱਤੇ ਮ੍ਰਿਤਕ ਬੱਚਿਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ ਤੇ ਫੁੱਲ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਬਰਫੀਲੇ ਤੂਫਾਨ ਦੇ ਬਾਵਜੂਦ ਚਰਚ ਦੇ ਬਾਹਰ ਇੱਕਠੇ ਹੋਏ ਦਰਜਨਾਂ ਲੋਕਾਂ ਨਾਲ ਬੋਇਰ ਤੇ ਟਰੂਡੋ ਨੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

# ਹੈਲਥ ਕੇਅਰ ਫੰਡਿੰਗ ਬਾਰੇ ਫੈਡਰਲ ਮੰਤਰੀਆਂ ਨਾਲ ਉਸਾਰੂ ਰਹੀ ਗੱਲਬਾਤ : ਫੋਰਡ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਵੀਰਵਾਰ ਨੂੰ ਦੱਸਿਆ ਕਿ ਹੈਲਥ ਕੇਅਰ ਫੰਡਿੰਗ ਦੇ ਸਬੰਧ ਵਿੱਚ ਦੋ ਫੈਡਰਲ ਮੰਤਰੀਆਂ ਨਾਲ ਹੋਈ ਉਨ੍ਹਾਂ ਦੀ ਗੱਲਬਾਤ ਕਾਫੀ ਉਸਾਰੂ ਰਹੀ। ਪਰ ਉਨ੍ਹਾਂ ਆਖਿਆ ਕਿ ਅਜੇ ਥੋੜ੍ਹਾ ਕੰਮ ਹੋਰ ਕਰਨ ਵਾਲਾ ਰਹਿੰਦਾ ਹੈ।

ਫੋਰਡ ਤੇ ਓਨਟਾਰੀਓ ਦੀ ਸਿਹਤ ਮੰਤਰੀ ਸਿਲਵੀਆ ਜੋਨਜ਼ ਵੱਲੋਂ ਪ੍ਰੋਵਿੰਸ਼ੀਅਲ ਵਿਧਾਨਸਭਾ ਵਿੱਚ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨਿਕ ਲੀਬਲਾਂਕ ਤੇ ਫੈਡਰਲ ਸਿਹਤ ਮੰਤਰੀ ਜੀਨ ਯਵੇਨ ਡਕਲਸ ਨਾਲ ਇੱਕ ਘੰਟੇ ਲਈ ਮੀਟਿੰਗ ਕੀਤੀ ਗਈ। ਮੀਟਿੰਗ ਤੋਂ ਪਹਿਲਾਂ ਫੋਰਡ ਨੇ ਆਖਿਆ ਕਿ ਹੋਮ ਕੇਅਰ ਤੇ ਲਾਂਗ ਟਰਮ ਕੇਅਰ ਲਈ ਉਹ ਫੈਡਰਲ ਸਰਕਾਰ ਤੋਂ ਵੱਧ ਫੰਡ ਤੇ ਲੰਮੇਂ ਸਮੇਂ ਲਈ ਵਿੱਤੀ ਮਦਦ ਚਾਹੁੰਦੇ ਹਨ।

ਮੀਟਿੰਗ ਤੋਂ ਬਾਅਦ ਫੋਰਡ ਨੇ ਆਖਿਆ ਕਿ ਪ੍ਰੋਵਿੰਸ ਤੇ ਓਟਵਾ ਦੇਸ਼ ਭਰ ਵਿੱਚ ਹੈਲਥ ਕੇਅਰ ਵਿੱਚ ਸੁਧਾਰ ਦਾ ਸਾਂਝਾ ਟੀਚਾ ਰੱਖਦੇ ਹਨ। ਪਰ ਉਨ੍ਹਾਂ ਆਖਿਆ ਕਿ ਉਹ ਡੀਲ ਤੋਂ ਪਹਿਲਾਂ ਦੇਸ਼ ਭਰ ਦੇ ਆਪਣੇ ਹਮਰੁਤਬਾ ਅਧਿਕਾਰੀਆਂ ਨਾਲ ਸਲਾਹ ਵੀ ਕਰਨਾ ਚਾਹੁੰਦੇ ਹਨ। ਫੈਡਰਲ ਮੰਤਰੀਆਂ ਨਾਲ ਆਪਣੇ ਆਫਿਸ ਦੇ ਬਾਹਰ ਖੜ੍ਹੇ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਗੱਲਬਾਤ ਕਾਫੀ ਉਸਾਰੂ ਰਹੀ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਸਿਆਸਤ ਨੂੰ ਪਾਸੇ ਛੱਡ ਕੇ ਇਸ ਮਾਮਲੇ ਵਿੱਚ ਸਾਨੂੰ ਸਾਰੇ ਪ੍ਰੀਮੀਅਰਜ਼ ਨੂੰ ਇੱਕਜੁੱਟ ਰਹਿਣਾ ਚਾਹੀਦਾ ਹੈ। ਅਸੀਂ ਸਾਰੇ ਕੈਨੇਡੀਅਨਜ਼ ਦੀ ਬਿਹਤਰੀ ਲਈ ਕੰਮ ਕਰ ਰਹੇ ਹਾਂ।

# ਜਾਂਚ ਦੌਰਾਨ ਪੁਲਿਸ ਨੂੰ 8.9 ਮਿਲੀਅਨ ਡਾਲਰ ਦੀ ਕੋਕੀਨ ਮਿਲੀ, ਦੋ ਗ੍ਰਿਫਤਾਰ



ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ (ਵਾਇਆਰਪੀ) ਵੱਲੋਂ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿੱਚ ਰਿਚਮੰਡ ਹਿੱਲ ਦੇ ਦੋ ਵਾਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਕੋਲੋਂ 9 ਮਿਲੀਅਨ ਡਾਲਰ ਮੁੱਲ ਦੀ ਕੋਕੀਨ ਵੀ ਬਰਾਮ ਕੀਤੀ ਗਈ।

ਪ੍ਰੋਜੈਕਟ ਏਰੀਜ਼ ਦੇ ਨਾਂ ਹੇਠ ਇਹ ਜਾਂਚ ਸਤੰਬਰ ਵਿੱਚ ਸ਼ੁਰੂ ਕੀਤੀ ਗਈ। ਪੁਲਿਸ ਨੂੰ ਸੂਹ ਮਿਲੀ ਸੀ ਕਿ ਦੋ ਮਸ਼ਕੂਕਾਂ ਕੋਲ ਵੱਡੀ ਮਾਤਰਾ ਵਿੱਚ ਕੋਕੀਨ ਮੌਜੂਦ ਹੈ। ਜਨਵਰੀ ਵਿੱਚ ਸਰਚ ਵਾਰੰਟ ਕਢਵਾ ਕੇ ਵਾਅਨ ਦੇ ਸਟੋਰੇਜ ਲਾਕਰ ਤੇ ਰਿਚਮੰਡ ਹਿੱਲ ਸਥਿਤ ਇੱਕ ਘਰ ਦੀ ਜਾਂਚ ਕੀਤੀ ਗਈ। ਇੱਥੋਂ ਹੀ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਅਧਿਕਾਰੀਆਂ ਨੂੰ ਜਾਂਚ ਦੌਰਾਨ 8.9 ਮਿਲੀਅਨ ਡਾਲਰ ਮੁੱਲ ਦੀ ਕੋਕੀਨ ਤੇ 260,000 ਡਾਲਰ ਨਕਦੀ ਬਰਾਮਦ ਹੋਈ। ਇਸ ਦੇ ਨਾਲ ਹੀ 100,000 ਡਾਲਰ ਦੇ ਲਗਜ਼ਰੀ ਕੱਪੜੇ ਵੀ ਮਿਲੇ।

# ਜ਼ਮਾਨਤ ਸਬੰਧੀ ਕਾਨੂੰਨ ਵਿੱਚ ਸੁਧਾਰ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਸਰਕਾਰ : ਲਾਮੇਟੀ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰਜ਼ ਵੱਲੋਂ ਕੈਨੇਡਾ ਦੇ ਬੇਲ ਲਾਅ ਵਿੱਚ ਤਬਦੀਲੀਆਂ ਕਰਨ ਦੀ ਕੀਤੀ ਗਈ ਬੇਨਤੀ ਤੋਂ ਬਾਅਦ ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਆਖਿਆ ਕਿ ਉਹ ਇਸ ਲਾਅ ਵਿੱਚ ਸੁਧਾਰ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

ਇਸ ਸਾਲ ਦੇ ਸ਼ੁਰੂ ਵਿੱਚ ਪ੍ਰੋਵਿੰਸ਼ੀਅਲ ਪ੍ਰੀਮੀਅਰਜ਼ ਨੇ ਸਰਬਸੰਮਤੀ ਨਾਲ ਲਿਬਰਲ ਸਰਕਾਰ ਤੋਂ ਮੰਗ ਕੀਤੀ ਸੀ ਕਿ ਬੇਲ ਸਿਸਟਮ ਵਿੱਚ ਫੌਰੀ ਸੁਧਾਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ...ਬਾਕੀ ਪੰਨਾ 2 'ਤੇ

# ਮਹਾਂਮਾਰੀ ਤੋਂ ਬਾਅਦ ਮਿਰੇਕਲ ਆਨ ਮੇਨ ਸਟਰੀਟ ਨੇ ਇੱਕਠੀ ਕੀਤੀ ਇੱਕ ਮਿਲੀਅਨ ਡਾਲਰ ਤੋਂ ਵੀ ਵੱਧ ਦੀ ਰਕਮ



ਹਾਲਟਨ, 9 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਤੇ ਮਾਲਟਨ ਵਿੱਚ ਕਰਵਾਏ ਗਏ ਚੈਰਿਟੀ ਪ੍ਰੋਗਰਾਮ ਮਿਰੇਕਲ ਆਨ ਮੇਨ ਸਟਰੀਟ ਦੌਰਾਨ ਹਾਲਟਨ ਤੇ ਬਰੈਂਪਟਨ ਦੇ ਪਰਿਵਾਰਾਂ ਤੇ ਵਿਅਕਤੀਆਂ ਵੱਲੋਂ ਵੱਧ ਚੜ੍ਹ ਕੇ ਯੋਗਦਾਨ ਪਾਇਆ ਗਿਆ।

ਇਸ ਦੌਰਾਨ ਟਾਈਗਰਜੀਤ ਸਿੰਘ ਫਾਊਂਡੇਸ਼ਨ (ਟੀਜੇਐਸਐਫ) ਵੱਲੋਂ ਹਾਲਟਨ ਰੀਜਨਲ ਪੁਲਿਸ ਤੇ ਪੀਲ ਰੀਜਨਲ ਪੁਲਿਸ ਨਾਲ ਮਿਲ ਕੇ ਹਾਲੀਡੇਅ ਸੀਜ਼ਨ ਵਿੱਚ ਵਧੇਰੇ ਪਰਿਵਾਰਾਂ ਤੇ ਬੱਚਿਆਂ ਦੀ ਮਦਦ ਕਰਨ ਦਾ ਮਿਥਿਆ ਟੀਚਾ ਪੂਰਾ ਕੀਤਾ ਗਿਆ। ਇਹ ਸਾਂਝੀ ਕੋਸ਼ਿਸ਼ ਪ੍ਰਿਜ਼ੈਂਟਿੰਗ ਪਾਰਟਨਰ ਸਿਟੀ ਆਫ ਬਰੈਂਪਟਨ ਤੇ ਪ੍ਰਿਜ਼ੈਂਟਿੰਗ ਸਪਾਂਸਰ ਵਾਲੇਸ ਸ਼ੈਵਰਲੇ ਦੀ ਮਦਦ ਨਾਲ ਪੂਰੀ ਹੋਈ। ਮਹਾਂਮਾਰੀ ਤੋਂ ਬਾਅਦ ਮੇਨ ਸਟਰੀਟ ਟੌਏ ਡਰਾਈਵ ਪਹਿਲਕਦਮੀ ਤਹਿਤ 1,000,000 ਡਾਲਰ ਦੀ ਡੋਨੇਸ਼ਨ ਤੇ ਸਪਾਂਸਰਸ਼ਿਪ ਹਾਸਲ ਹੋਈ ...ਬਾਕੀ ਪੰਨਾ 2 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5T 1T1

HURRY NOW
COURR-2302FLYER
LIMITED TIME PROMO CODE
use our code for additional discount*
Best deals on LUXURY KITCHEN APPLIANCES
OURR HOME & APPLIANCES
ਪੂਰਾ ਇਸ਼ਤਿਹਾਰ ਪੰਨਾ 6 'ਤੇ ਦੇਖੋ
100% Satisfaction Guaranteed
Authorized dealer for ALL MAJOR BRANDS
Unboxed units & new in-box units available
PRICE BEAT guarantee
DELIVERY now available
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST, LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553 www.ourrhomeappliances.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
www.ufsinsurance.com
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill
KSG Pest Control Inc.

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2354 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic.12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

# ਹੈਲਥ ਫੰਡਿੰਗ ਲਈ ਫੈਡਰਲ ਸਰਕਾਰ ਨੇ 196 ਬਿਲੀਅਨ ਡਾਲਰ ਦਾ ਵਾਧਾ ਕਰਨ ਦਾ ਪ੍ਰਗਟਾਇਆ ਤਹੱਈਆ

## ਅਗਲੇ ਦਸ ਸਾਲਾਂ ਵਿੱਚ ਨਵੇਂ ਫੰਡਾਂ ਦੇ ਰੂਪ ਵਿੱਚ ਦਿੱਤੇ ਜਾਣਗੇ 46 ਬਿਲੀਅਨ ਡਾਲਰ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡਾ ਦੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਲਈ ਹੈਲਥ ਫੰਡਿੰਗ ਵਿੱਚ 196.1 ਬਿਲੀਅਨ ਡਾਲਰ ਦਾ ਵਾਧਾ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਇਹ ਫੰਡ ਅਗਲੇ ਦਸ ਸਾਲਾਂ ਵਿੱਚ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਹਾਸਲ ਹੋਣਗੇ। ਇਸ ਦੇ ਨਾਲ ਹੀ ਸਰਕਾਰ ਨੇ ਕੈਨੇਡਾ ਦੇ ਢਹਿ ਢੇਰੀ ਹੋ ਰਹੇ ਹੈਲਥ ਕੇਅਰ ਸਿਸਟਮ ਵਿੱਚ ਨਵੀਂ ਰੂਹ ਫੂਕਣ ਲਈ 46.2 ਬਿਲੀਅਨ ਡਾਲਰ ਦੇ ਨਵੇਂ ਫੰਡ ਦੇਣ ਦਾ ਐਲਾਨ ਕੀਤਾ ਹੈ।

ਇਸ ਨਵੀਂ ਪੇਸ਼ਕਸ਼ ਨਾਲ ਰਕਮ ਕੈਨੇਡਾ ਹੈਲਥ ਟਰਾਂਸਫਰ (ਸੀਐਚਟੀ) ਰਾਹੀਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਦਿੱਤੀ ਜਾਵੇਗੀ ਤੇ ਇਸ ਦੇ ਨਾਲ ਹੀ ਫੈਡਰਲ ਸਰਕਾਰ ਹਰ ਪ੍ਰੋਵਿੰਸ ਤੇ ਟੈਰੇਟਰੀ ਨਾਲ ਦੁਵੱਲੀਆਂ ਡੀਲਜ਼ ਵੀ ਸਾਈਨ ਕਰੇਗੀ। ਇਹ ਨਵੇਂ ਫੰਡ ਇਸ ਉਮੀਦ ਨਾਲ ਦਿੱਤੇ ਜਾਣਗੇ ਕਿ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਰਕਾਰਾਂ ਹੈਲਥ ਉੱਤੇ ਕੀਤੇ ਜਾਣ ਵਾਲੇ ਆਪਣੇ ਮੌਜੂਦਾ ਖਰਚਿਆਂ ਨੂੰ ਮੇਨਟੇਨ ਕਰਨਗੀਆਂ ਤੇ ਹੈਲਥ ਨਾਲ ਸਬੰਧਤ ਜਾਣਕਾਰੀ ਜਿਸ ਤਰ੍ਹਾਂ ਇੱਕਠੀ ਕੀਤੀ ਜਾਂਦੀ ਹੈ, ਸਾਂਝੀ ਕੀਤੀ ਜਾਂਦੀ ਹੈ ਤੇ ਵਰਤੀ ਜਾਂਦੀ ਹੈ ਉਸ ਵਿੱਚ ਪੂਰੀ ਪਾਰਦਰਸ਼ਤਾ ਲਿਆਂਦੀ ਜਾਵੇਗੀ ਤੇ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਆਪਣੇ ਕੁੱਝ ਚੋਣਵੇਂ ਮੰਤਰੀਆਂ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਦੁਪਹਿਰ ਨੂੰ ਇਸ ਪ੍ਰਸਤਾਵ ਨੂੰ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਅਧਿਕਾਰੀਆਂ ਸਾਹਮਣੇ ਪੇਸ਼ ਕੀਤਾ। ਕੋਵਿਡ-19 ਮਹਾਂਮਾਰੀ ਤੋਂ ਬਾਅਦ ਟਰੂਡੋ ਵੱਲੋਂ ਮੰਤਰੀਆਂ ਨਾਲ ਨਿਜੀ ਤੌਰ ਉੱਤੇ ਕੀਤੀ ਗਈ ਇਹ ਪਹਿਲੀ ਮੀਟਿੰਗ ਸੀ। ਸ਼ੁਰੂਆਤੀ ਸੰਕੇਤ ਇਹ ਮਿਲੇ ਹਨ ਕਿ ਪ੍ਰੋਵਿੰਸਾਂ ਦੀਆਂ ਮੰਗਾਂ ਦੇ ਹਿਸਾਬ ਨਾਲ ਫੈਡਰਲ ਸਰਕਾਰ ਦੀ ਇਹ ਪੇਸ਼ਕਸ਼ ਖਰੀ ਨਹੀਂ ਉਤਰੀ ਹੈ ਤੇ ਬਹੁਤੇ ਮੰਤਰੀ ਇਸ ਤੋਂ ਸੰਤੁਸ਼ਟ ਨਹੀਂ ਹਨ। ਫੈਡਰਲ ਸਰਕਾਰ ਵੱਲੋਂ ਕੀਤੀ ਗਈ ਪੇਸ਼ਕਸ਼ ਹੇਠ ਲਿਖੇ ਅਨੁਸਾਰ ਹੈ :

- ਬੱਚਿਆਂ ਦੇ ਹਸਪਤਾਲਾਂ, ਐਮਰਜੰਸੀ ਰੂਮਜ਼ ਤੇ ਸਰਜੀਕਲ ਸੈਂਟਰਜ਼ ਉੱਤੇ ਪਏ ਹੋਏ ਵਾਧੂ ਦਬਾਅ ਨੂੰ ਘਟਾਉਣ ਲਈ ਕੌਮੀ ਪੱਧਰ ਉੱਤੇ ਬਿਨਾਂ ਸ਼ਰਤ 2 ਬਿਲੀਅਨ ਡਾਲਰ ਕੈਨੇਡਾ ਹੈਲਥ ਟਰਾਂਸਫਰ (ਸੀਐਚਟੀ) ਲਈ ਦਿੱਤੇ ਜਾਣਗੇ।
- ਅਗਲੇ ਪੰਜ ਸਾਲਾਂ ਵਿੱਚ ਸੀਐਚਟੀ ਵਿੱਚ ਪੰਜ ਫੀ ਸਦੀ ਦਾ ਵਾਧਾ ਕੀਤਾ ਜਾਵੇਗਾ ਤੇ ਪੰਜ ਸਾਲ ਬਾਅਦ ਇਸ ਨੂੰ ਸਥਾਈ ਵਾਧਾ ਬਣਾ ਦਿੱਤਾ ਜਾਵੇਗਾ ਜਿਸ ਤਹਿਤ ਅਗਲੇ ਦਸ ਸਾਲਾਂ ਵਿੱਚ ਅੰਦਾਜ਼ਨ 17.3 ਬਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ।
- ਹਰੇਕ ਪ੍ਰੋਵਿੰਸ ਤੇ ਟੈਰੇਟਰੀ ਦੀਆਂ ਹੈਲਥ ਕੇਅਰ ਲੋੜਾਂ ਦੇ ਹਿਸਾਬ ਨਾਲ ਅਗਲੇ ਦਸ ਸਾਲਾਂ ਵਿੱਚ 25 ਬਿਲੀਅਨ ਡਾਲਰ ਦਿੱਤੇ ਜਾਣਗੇ ਪਰ ਇਨ੍ਹਾਂ ਵਿੱਚ ਤਰਜੀਹੀ ਖੇਤਰ ਜਿਵੇਂ ਕਿ ਪਰਿਵਾਰਾਂ ਦੀ ਹੈਲਥ ਕੇਅਰ ਤੱਕ ਪਹੁੰਚ, ਮੈਂਟਲ ਹੈਲਥ ਤੇ ਸਬਸਟਾਂਸ ਅਬਿਊਜ਼ ਸਰਵਿਸਿਜ਼ ਵਿੱਚ ਨਿਵੇਸ਼ ਤੇ ਹੈਲਥ ਇਨਫਰਮੇਸ਼ਨ ਸਿਸਟਮ ਦਾ ਆਧੁਨਿਕੀਕਰਨ ਆਦਿ ਸ਼ਾਮਲ ਹੋਣਗੇ।
- ਪਰਸਨਲ ਸਪੋਰਟ ਵਰਕਰਜ਼ ਤੇ ਸਬੰਧਤ ਕਿੱਤਿਆਂ ਨਾਲ ਜੁੜੇ ਮੁਲਾਜ਼ਮਾਂ ਦੇ ਭੱਤਿਆਂ ਵਿੱਚ ਘੰਟਿਆਂ ਦੇ ਹਿਸਾਬ ਨਾਲ ਵਾਧਾ ਕਰਨ ਲਈ ਅਗਲੇ ਪੰਜ ਸਾਲਾਂ ਵਾਸਤੇ 1.7 ਬਿਲੀਅਨ ਡਾਲਰ ਦਿੱਤੇ ਜਾਣਗੇ। ਇਸ ਤਹਿਤ ਹਰ ਪੱਧਰ ਉੱਤੇ ਸਰਕਾਰਾਂ ਰਲ ਕੇ ਇਨ੍ਹਾਂ ਵਰਕਰਜ਼ ਨੂੰ ਹੈਲਥ ਕੇਅਰ ਖੇਤਰ ਨਾਲ ਜੋੜੀ ਰੱਖਣ, ਰਕਰੂਟ ਕਰਨ ਤੇ ਹੈਲਥ ਕੇਅਰ ਵਰਕਰਜ਼ ਦੇ ਦਸਤਾਵੇਜ਼ਾਂ ਨੂੰ ਮਾਨਤਾ ਦੇਣ ਲਈ ਕੰਮ ਕਰਨਗੀਆਂ।
- ਮੈਡੀਕਲ ਟਰੈਵਲ ਨੂੰ ਕਵਰ ਕਰਨ ਤੇ ਨੌਰਥ ਵਿੱਚ ਹੈਲਥ ਕੇਅਰ ਡਲਿਵਰੀ ਦੀ ਲਾਗਤ ਪੂਰੀ ਕਰਨ ਲਈ ਟੈਰੇਟੋਰੀਅਲ ਹੈਲਥ ਇਨਵੈਸਟਮੈਂਟ ਫੰਡ ਲਈ ਪੰਜ ਸਾਲਾਂ ਵਿੱਚ 150 ਮਿਲੀਅਨ ਡਾਲਰ ਖਰਚੇ ਜਾਣਗੇ।
- ਮੂਲਵਾਦੀ ਲੋਕਾਂ ਨੂੰ ਦਰਪੇਸ਼ ਹੈਲਥ ਸਬੰਧੀ ਚੁਣੌਤੀਆਂ ਨਾਲ ਸਿੱਝਣ ਲਈ ਅਗਲੇ ਦਸ ਸਾਲਾਂ ਵਿੱਚ 2 ਬਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ।

ਟਰੂਡੋ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਹ ਫੰਡ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵੱਲੋਂ ਪਹਿਲਾਂ ਤੋਂ ਹੀ ਹੈਲਥ ਕੇਅਰ ਉੱਤੇ ਕੀਤੇ ਜਾ ਰਹੇ ਨਿਵੇਸ਼ ਤੋਂ ਵੱਖਰੇ ਹੋਣਗੇ।

ਪ੍ਰਧਾਨ ਮੰਤਰੀ ਨੇ ਪ੍ਰੀਮੀਅਰਜ਼ ਨਾਲ ਬੰਦ ਦਰਵਾਜ਼ੇ ਵਿੱਚ ਮੀਟਿੰਗ ਕੀਤੀ ਤੇ ਫੈਡਰਲ ਅਧਿਕਾਰੀਆਂ ਵੱਲੋਂ ਇਸ ਬਾਰੇ ਸੀਮਤ ਜਾਣਕਾਰੀ ਹੀ ਮੁਹੱਈਆ ਕਰਵਾਈ ਗਈ। ਕਿਸੇ ਵੀ ਪ੍ਰੀਮੀਅਰ ਵੱਲੋਂ ਫੈਡਰਲ ਸਰਕਾਰ ਨਾਲ ਅੱਜ ਕੋਈ ਡੀਲ ਸਿਰੇ ਨਹੀਂ ਚੜ੍ਹਾਈ ਗਈ। ਅਗਲੇ ਕਦਮ ਵਿੱਚ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਰਕਾਰਾਂ ਇਨ੍ਹਾਂ ਫੰਡਾਂ ਨੂੰ ਵਰਤਣ ਤੇ ਆਪਣੇ ਸਿਸਟਮ ਵਿੱਚ ਸੁਧਾਰ ਕਰਨ ਲਈ ਐਕਸ਼ਨ ਪਲੈਨ ਤਿਆਰ ਕਰਨਗੀਆਂ।

# ਉਮਰਦਰਾਜ਼ ਹੋ ਚੁੱਕੀ ਕੁਈਨਜ਼ ਪਾਰਕ ਦੀ ਇਮਾਰਤ ਨੂੰ ਲੋੜ ਹੈ ਮੁਰੰਮਤ ਦੀ



ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : 130 ਸਾਲ ਪੁਰਾਣੀ ਓਨਟਾਰੀਓ ਵਿਧਾਨਸਭਾ ਦੀ ਇਮਾਰਤ ਹੁਣ ਉਮਰਦਰਾਜ਼ ਹੋ ਚੁੱਕੀ ਹੈ ਤੇ ਇਸ ਦਾ ਅੰਦਾਜ਼ਾ ਇਸ ਨੂੰ ਵੇਖ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਸਾਰੇ ਇਮਾਰਤ ਵਿੱਚ ਪੁਰਾਣੀਆਂ ਪਾਈਪਾਂ ਤੇ ਐਸਬੈਸਟੋਸ ਦਾ ਜਾਲ ਵਿਛਿਆ ਹੋਇਆ ਹੈ, ਸਾਰੀਆਂ ਕੇਬਲਜ਼ ਕਾਫੀ ਪੁਰਾਣੀਆਂ ਹੋ ਚੁੱਕੀਆਂ ਹਨ, ਇਸ ਦਾ ਸਟੀਮ ਹੀਟਿੰਗ ਸਿਸਟਮ ਵੀ ਜਵਾਬ ਦੇਣ ਵਾਲਾ ਹੈ ਤੇ ਫਾਇਰ ਸੇਫਟੀ ਸਿਸਟਮ ਨੂੰ ਵੀ ਅਪਗ੍ਰੇਡ ਕਰਨ ਦੀ ਲੋੜ ਹੈ। ਬੁਨਿਆਦੀ ਢਾਂਚੇ ਵਿੱਚ ਆਈਆਂ ਇਨ੍ਹਾਂ ਖਾਮੀਆਂ ਨੂੰ ਦੂਰ ਕਰਨ ਤੇ ਪੂਰੀ ਇਮਾਰਤ ਦੀ ਮੁਰੰਮਤ ਉੱਤੇ ਕਈ ਸਾਲ ਲੱਗ ਜਾਣਗੇ ਤੇ ਇਸ ਦੇ ਮੱਦੇਨਜ਼ਰ ਸਾਰੇ ਸਰਕਾਰੀ ਤੰਤਰ ਨੂੰ ਘੱਟੋ ਘੱਟ ਅੱਠ ਸਾਲਾਂ ਲਈ ਕਿਤੇ ਹਰ ਸ਼ਿਫਟ ਕਰਨਾ ਹੋਵੇਗਾ।

ਇਹ ਓਟਵਾ ਵਿੱਚ ਪਾਰਲੀਆਮੈਂਟ ਦੇ ਸੈਂਟਰ ਬਲਾਕ ਵਿੱਚ ਚੱਲ ਰਹੇ ਪ੍ਰੋਜੈਕਟ ਵਰਗਾ ਹੀ ਹੈ। ਇਸ ਲਈ ਓਨਟਾਰੀਓ ਦੀ ਲੈਜਿਸਲੇਟਿਵ ਕਮੇਟੀ ਦੇ ਮੈਂਬਰ ਵੀਰਵਾਰ ਨੂੰ ਓਟਵਾ ਜਾਣਗੇ ਤੇ ਉੱਥੋਂ ਦੇ ਅਧਿਕਾਰੀਆਂ ਤੋਂ ਇਸ ਸਬੰਧ ਵਿੱਚ ਜਾਣਕਾਰੀ ਇੱਕਠੀ ਕਰਕੇ ਲਿਆਉਣਗੇ। ਲੈਜਿਸਲੇਟਿਵ ਮਾਮਲਿਆਂ ਬਾਰੇ ਮੰਤਰੀ ਪਾਲ ਕੈਲੈਂਡਰਾ ਨੇ ਆਖਿਆ ਕਿ ਓਨਟਾਰੀਓ ਵਿਧਾਨਸਭਾ ਵਿੱਚ ਕੀ ਕੀ ਕੰਮ ਕਰਵਾਉਣ ਵਾਲਾ ਹੈ ਇਸ ਬਾਰੇ ਰਿਪੋਰਟ ਜਲਦ ਹੀ ਆਉਣ ਵਾਲੀ ਹੈ ਤੇ ਇਹ ਕੰਮ ਬਿਲਕੁਲ ਵੀ ਸਸਤਾ ਨਹੀਂ ਹੋਵੇਗਾ। ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਇਸ ਕੰਮ ਉੱਤੇ ਘੱਟੋ ਘੱਟ ਇੱਕ ਬਿਲੀਅਨ ਡਾਲਰ ਤੱਕ ਖਰਚ ਹੋਵੇਗਾ।

ਕੁਈਨ ਪਾਰਕ ਦੀ ਇਸ ਇਮਾਰਤ ਦੀ ਮੁਰੰਮਤ ਬਲਾਕ ਦਰ ਬਲਾਕ ਕਰਨ ਦੇ ਬਦਲ ਉੱਤੇ ਵੀ ਵਿਚਾਰ ਕੀਤਾ ਗਿਆ ਸੀ ਪਰ ਕੈਲੈਂਡਰਾ ਨੇ ਆਖਿਆ ਕਿ ਇਹ ਸੰਭਵ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਸਾਰੀ ਵਿਧਾਨ ਸਭਾ ਇੱਕੋ ਸਮੇਂ ਉੱਤੇ ਕੰਮ ਕਰਦੀ ਨਹੀਂ ਰਹਿ ਸਕਦੀ। ਇਸ ਦੌਰਾਨ ਸਪੀਕਰ ਟੈੱਡ ਆਰਨੌਟ ਨੇ ਆਖਿਆ ਕਿ ਸਾਰੀ ਅਸੈਂਬਲੀ ਨੂੰ ਇੱਕ ਵਾਰੀ ਕਿਤੇ ਹੋਰ ਸ਼ਿਫਟ ਕਰਨ ਨਾਲ ਘੱਟ ਅੜਿੱਕੇ ਪੈਣਗੇ ਤੇ ਇਸ ਉੱਤੇ ਖਰਚਾ ਵੀ ਘੱਟ ਆਵੇਗਾ।

# ਸਬੂਤਾਂ ਦੀ ਘਾਟ ਕਾਰਨ ਰਾਜ ਗਰੇਵਾਲ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਰੱਦ ਕਰਨ ਦੀ ਕੀਤੀ ਮੰਗ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਸਾਬਕਾ ਲਿਬਰਲ ਐਮਪੀ ਰਾਜ ਗਰੇਵਾਲ ਵੱਲੋਂ ਆਪਣੇ ਖਿਲਾਫ ਲਾਏ ਗਏ ਦੋ ਕ੍ਰਿਮੀਨਲ ਚਾਰਜਿਜ਼ ਨੂੰ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਰਾਜ ਗਰੇਵਾਲ ਦੇ ਵਕੀਲ ਨੇ ਤਰਕ ਦਿੰਦਿਆਂ ਆਖਿਆ ਕਿ ਵਿਸ਼ਵਾਸ ਤੋੜਨ ਦੇ ਦੋ ਮਾਮਲਿਆਂ ਵਿੱਚ ਪ੍ਰੋਸੀਕਿਊਟਰ ਉਨ੍ਹਾਂ ਦੇ ਮੁਵੱਕਿਲ ਖਿਲਾਫ ਦੋਸ਼ ਸਿੱਧ ਕਰਨ ਲਈ ਲੋੜੀਂਦੇ ਸਬੂਤ ਮੁਹੱਈਆ ਨਹੀਂ ਕਰਵਾ ਸਕੇ। ਇਸ ਤਰ੍ਹਾਂ ਦੀਆਂ ਲੱਭਤਾਂ ਨੂੰ ਸਿੱਧ ਕਰਨ ਵਿੱਚ ਕ੍ਰਾਊਨ ਵੀ ਅਸਫਲ ਰਹੇ ਹਨ। ਜ਼ਿਕਰਯੋਗ ਹੈ ਕਿ ਕ੍ਰਾਊਨ ਵੱਲੋਂ ਇਹ ਸਿੱਧ ਕੀਤਾ ਜਾਣਾ ਸੀ ਕਿ ਗਰੇਵਾਲ ਨੇ ਨਿਜੀ ਫਾਇਦੇ ਲਈ ਆਪਣੇ ਸਿਆਸੀ ਆਫਿਸ ਦੀ ਵਰਤੋਂ ਕੀਤੀ ਹੈ। ਇਸ ਦੌਰਾਨ ਵੱਡੇ ਲੋਨ ਦੇ ਬਦਲੇ ਪ੍ਰਧਾਨ ਮੰਤਰੀ ਦੇ ਈਵੈਂਟਸ ਤੱਕ ਲੋਕਾਂ ਦੀ ਪਹੁੰਚ ਕਰਵਾਈ ਤੇ ਇਮੀਗ੍ਰੇਸ਼ਨ ਫਾਈਲਜ਼ ਵਿੱਚ ਵੀ ਮਦਦ ਕੀਤੀ। ਬਾਅਦ ਵਿੱਚ ਇਸ ਪੈਸੇ ਨਾਲ ਜੂਏ ਕਾਰਨ ਚੜ੍ਹਿਆ ਆਪਣਾ ਕਰਜ਼ਾ ਚੁਕਾਇਆ। ਪਰ ਸੋਮਵਾਰ ਨੂੰ ਜੱਜ ਸਾਹਮਣੇ ਬੋਲਦਿਆਂ ਗਰੇਵਾਲ ਦੇ ਡਿਫੈਂਸ ਲਾਇਰ ਨਾਦਰ ਹਸਨ ਨੇ ਆਖਿਆ ਕਿ ਇਸ ਪੂਰੇ ਮਾਮਲੇ ਦੀਆਂ ਪ੍ਰੋਸੀਡਿੰਗਜ਼ ਦੌਰਾਨ ਜਿੰਨੇ ਵੀ ਤੱਥ ਤੇ ਸਬੂਤ ਪੇਸ਼ ਕੀਤੇ ਗਏ ਸਰਕਾਰੀ ਵਕੀਲ ਚਾਹੁੰਦੇ ਹਨ ਕਿ ਜੱਜ ਉਨ੍ਹਾਂ ਨੂੰ ਅੱਖੋਂ ਪਰੋਖੇ ਕਰ ਦੇਣ।



ਗਰੇਵਾਲ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਹੋਏ ਤੇ ਉਨ੍ਹਾਂ ਦੇ ਵਕੀਲ ਵੱਲੋਂ ਉਨ੍ਹਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰਨ ਦੀ ਅਪੀਲ ਕੀਤੀ।

# ਕੈਨੇਡੀ ਰੋਡ ਉੱਤੇ ਸਥਿਤ ਜ਼ਮੀਨ ਨੂੰ ਵਿਕਸਤ ਕਰਨ ਲਈ ਲੋਕਾਂ ਦੀ ਰਾਇ ਜਾਨਣਾ ਚਾਹੁੰਦੀ ਹੈ ਸਿਟੀ ਆਫ ਬਰੈਂਪਟਨ

ਬਰੈਂਪਟਨ, 9 ਫਰਵਰੀ (ਪੋਸਟ ਬਿਊਰੋ) : ਕੈਨੇਡੀ ਰੋਡ ਐਸ, ਹਾਈਵੇਅ 401 ਤੇ 407 ਉੱਤੇ ਸਥਿਤ ਸਿਟੀ ਲੈਂਡਜ਼ ਦੇ ਭਵਿੱਖ ਬਾਰੇ ਰੈਜ਼ੀਡੈਂਟਸ, ਕਾਰੋਬਾਰੀਆਂ ਤੇ ਲੋਕਲ ਸਟੇਕਹੋਲਡਰਜ਼ ਦੀ ਰਾਇ ਜਾਨਣ ਲਈ ਸਿਟੀ ਆਫ ਬਰੈਂਪਟਨ ਵੱਲੋਂ ਕਮਿਊਨਿਟੀ ਪੱਧਰ ਉੱਤੇ ਅੱਜ ਤੋਂ ਵਿਸ਼ੇਸ਼ ਉਪਰਾਲਾ ਸ਼ੁਰੂ ਕੀਤਾ ਗਿਆ ਹੈ।




ਸਿਟੀ ਦੇ 2040 ਵਿਜ਼ਨ ਵਿੱਚ ਅਪਟਾਊਨ ਬਰੈਂਪਟਨ ਦੇ ਪੂਰਬ ਵੱਲ ਸਥਿਤ ਇਹ 45•3 ਹੈਕਟੇਅਰ (112 ਏਕੜ) ਜ਼ਮੀਨ ਸਿਟੀ ਆਫ ਬਰੈਂਪਟਨ ਦੀ ਮਲਕੀਅਤ ਹੈ ਤੇ ਇਸ ਨੂੰ ਰੀਜਨਲ ਮੰਜ਼ਿਲ ਵਿੱਚ ਬਦਲਿਆ ਜਾ ਸਕਦਾ ਹੈ। 2019 ਵਿੱਚ ਕਰਵਾਏ ਗਏ ਤਕਨੀਕੀ ਵਿਸ਼ਲੇਸ਼ਣ ਵਿੱਚ ਇਹ ਆਖਿਆ ਗਿਆ ਸੀ ਕਿ ਇਸ ਇਲਾਕੇ ਨੂੰ ਸਪੋਰਟਸ ਕਾਂਪਲੈਕਸ ਤੋਂ ਨਵੇਂ ਸ਼ਹਿਰੀ ਇਲਾਕੇ ਵਿੱਚ ਬਦਲਿਆ ਜਾ ਸਕਦਾ ਹੈ ਤੇ ਇਸ ਨੂੰ ਰਿਹਾਇਸ਼ੀ, ਕਾਰੋਬਾਰੀ, ਮਨੋਰੰਜਨ ਤੇ ਟੂਰਿਜ਼ਮ ਦੇ ਪੱਖ ਤੋਂ ਬਿਹਤਰੀਨ ਢੰਗ ਨਾਲ ਵਿਕਸਤ ਕੀਤਾ ਜਾ ਸਕਦਾ ਹੈ।

ਇਸ ਸਮੇਂ ਇਹ ਏਰੀਆ ਸੀਏਏ ਸਪੋਰਟਸ ਤੇ ਐਂਟਰਟੇਨਮੈਂਟ ਫੈਸਿਲਿਟੀ (ਜੋ ਪਹਿਲਾਂ ਪਾਵਰੇਡ ਸੈਂਟਰ ਸੀ) ਹੈ। ਇਸ ਇਲਾਕੇ ਨੂੰ ਆਧੁਨਿਕ ਅਰਬਨ ਏਰੀਆ ਵਿੱਚ ਤਬਦੀਲ ਕਰਨ ਲਈ ਇਸ ਪ੍ਰੋਜੈਕਟ ਵਿੱਚ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਵਾਸਤੇ ਸਿਟੀ ਵੱਲੋਂ ਐਕਸਪ੍ਰੈਸ਼ਨ ਆਫ ਇੰਟਰਸਟ (ਈਓਆਈ) ਲਾਂਚ ਕੀਤਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਸਿਟੀ ਇੱਥੇ ਸਟੇਟ ਆਫ ਦ ਆਰਟ, ਮਲਟੀਪਰਪਸ ਕ੍ਰਿਕਟ ਫੈਸਿਲਿਟੀ ਵੀ ਕਾਇਮ ਕਰਨੀ ਚਾਹੁੰਦੀ ਹੈ। ਇਸ ਏਰੀਆ ਨੂੰ ਵਿਕਸਤ ਕਰਨ ਲਈ ਬਰੈਂਪਟਨ ਵਾਸੀ ਕੀ ਸੋਚ ਰੱਖਦੇ ਹਨ ਇਸ ਦਾ ਪਤਾ ਲਵਾਉਣ ਲਈ ਇੱਕ ਸਰਵੇਖਣ ਕਰਵਾਇਆ ਜਾ ਰਿਹਾ ਹੈ। ਇਸ ਸਰਵੇਖਣ ਵਿੱਚ ਲੋਕ ਆਪਣੀ ਰਾਇ 28 ਫਰਵਰੀ, 2023 ਤੱਕ ਦੇ ਸਕਦੇ ਹਨ। ਇਸ ਸਬੰਧੀ ਆਪਣੇ ਵਿਚਾਰ ਆਨਲਾਈਨ ਭੇਜੇ ਜਾ ਸਕਦੇ ਹਨ।

# ਹੈਲਥ ਕੇਅਰ ਲਈ ਨਵੀਂ ਫੈਡਰਲ ਫੰਡਿੰਗ ਅਗਲੀ ਗੱਲਬਾਤ ਲਈ ਡਾਊਨਪੇਮੈਂਟ ਹੈ : ਫੋਰਡ



ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਹੈਲਥ ਕੇਅਰ ਲਈ ਦਿੱਤੀ ਜਾਣ ਵਾਲੀ 46 ਬਿਲੀਅਨ ਡਾਲਰ ਰੂਪੀ ਨਵੀਂ ਫੰਡਿੰਗ ਤਾਂ ਅਜੇ ਸ਼ੁਰੂਆਤ ਹੈ ਤੇ ਇਸ ਨੂੰ ਅਗਲੀ ਗੱਲਬਾਤ ਲਈ ਡਾਊਨਪੇਅਮੈਂਟ ਮੰਨਿਆ ਜਾਣਾ ਚਾਹੀਦਾ ਹੈ।

ਫੋਰਡ ਵੱਲੋਂ ਇਹ ਟਿੱਪਣੀ ਮੰਗਲਵਾਰ ਦੁਪਹਿਰ ਨੂੰ ਹੋਰਨਾਂ ਪ੍ਰੀਮੀਅਰਜ਼ ਨਾਲ ਕੀਤੀ ਗਈ ਸਾਂਝੀ ਕਾਨਫਰੰਸ ਦੌਰਾਨ ਕੀਤੀ ਗਈ। ਇਸ ਤੋਂ ਕੁੱਝ ਘੰਟੇ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਲਈ ਫੰਡ ਮੁਹੱਈਆ ਕਰਵਾਉਣ ਦਾ ਤਹੱਈਆ ਪ੍ਰਗਟਾਇਆ ਗਿਆ ਸੀ। ਟਰੂਡੋ ਨੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਅਗਲੇ ਦਸ ਸਾਲਾਂ ਵਿੱਚ 196 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਕੀਤੀ ਹੈ। ਜਿਸ ਨਾਲ ਇਹ ਪ੍ਰੋਵਿੰਸ ਤੇ ਟੈਰੇਟਰੀਜ਼ ਹੈਲਥ ਕੇਅਰ ਡਾਟਾ ਇੱਕਠਾ ਕਰਨ ਤੇ ਡਿਜੀਟਲ ਰਿਕਾਰਡ ਰੱਖਣ ਵਾਸਤੇ ਮਦਦ ਹਾਸਲ ਕਰ ਸਕਣਗੇ। ਪਰ ਫੈਡਰਲ ਸਰਕਾਰ ਨੇ ਨਵੇਂ ਫੰਡਾਂ ਦੇ ਰੂਪ ਵਿੱਚ ਸਿਰਫ 46 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ।

ਫੋਰਡ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੋਧੇ ਹੋਏ ਦੁਵੱਲੇ ਸਮਝੌਤੇ ਤਹਿਤ ਇਸ ਰਕਮ ਵਿੱਚੋਂ ਵੀ ਅਗਲੇ ਦਸ ਸਾਲਾਂ ਵਿੱਚ ਓਨਟਾਰੀਓ ਨੂੰ 8•4 ਬਿਲੀਅਨ ਡਾਲਰ ਹਾਸਲ ਹੋਣਗੇ। ਇਸ ਦੇ ਨਾਲ ਹੀ ਕੈਨੇਡਾ ਹੈਲਥ ਟਰਾਂਸਫਰ ਦੇ ਰੂਪ ਵਿੱਚ ਹੈਲਥ ਕੇਅਰ ਵਿੱਚ ਐਮਰਜੰਸੀ ਸੁਧਾਰ ਲਈ ਓਨਟਾਰੀਓ ਨੂੰ 776 ਮਿਲੀਅਨ ਡਾਲਰ ਮਿਲਣਗੇ।

# ਲੇਕ ਓਨਟਾਰੀਓ ਵਿੱਚ ਡਿੱਗਣ ਵਾਲੇ ਵਿਅਕਤੀ ਨੂੰ ਬਚਾਇਆ ਗਿਆ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਦੇ ਵਾਟਰਫਰੰਟ ਵਿਖੇ ਲੇਕ ਓਨਟਾਰੀਓ ਦੇ ਬਰਫੀਲੇ ਪਾਣੀਆਂ ਵਿੱਚ ਡਿੱਗਣ ਵਾਲੇ ਵਿਅਕਤੀ ਨੂੰ ਐਮਰਜੰਸੀ ਅਮਲੇ ਵੱਲੋਂ ਬਚਾਅ ਲਿਆ ਗਿਆ।

ਇੱਕ ਵਿਅਕਤੀ ਦੇ ਪਾਣੀ ਵਿੱਚ ਡਿੱਗਣ ਦੀਆਂ ਖਬਰਾਂ ਦੇ ਕੇ ਐਮਰਜੰਸੀ ਅਮਲੇ ਨੂੰ ਸਵੇਰੇ 4:00 ਵਜੇ ਯੌਰਕ ਸਟਰੀਟ ਤੇ ਕੁਈਨਰ ਕੁਏ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਇਹ ਵਿਅਕਤੀ ਇੱਟਾਂ ਦੀ ਕੰਧ ਤੇ ਬੇੜੇ ਦਰਮਿਆਨ ਪਾਣੀ ਵਿੱਚ ਡਿੱਗਿਆ। ਉਸ ਨੇ ਨਾਲ ਦੀ ਨਾਲ ਹੀ ਮਦਦ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਨੇੜੇ ਖੜ੍ਹੇ ਇੱਕ ਵਿਅਕਤੀ ਨੇ ਉਸ ਦੀ ਚੀਕ ਪੁਕਾਰ ਸੁਣੀ ਤੇ ਉਸ ਨੂੰ ਲਾਈਫ ਪ੍ਰਿਜ਼ਰਵਰ ਦਿੱਤਾ। ਐਮਰਜੰਸੀ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਪਾਣੀ ਵਿੱਚ ਪੌੜੀ ਲਾ ਕੇ ਇਸ ਵਿਅਕਤੀ ਨੂੰ ਬਾਹਰ ਕੱਢਿਆ। ਉਸ ਨੂੰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

# ਜ਼ਮਾਨਤ ਸਬੰਧੀ ਕਾਨੂੰਨ ਵਿੱਚ ਸੁਧਾਰ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਸਰਕਾਰ : ਲਾਮੇਟੀ

...ਪੰਨਾ 1 ਦਾ ਬਾਕੀ

ਲਿਬਰਲ ਸਰਕਾਰ ਨੂੰ ਲਿਖੇ ਪੱਤਰ ਵਿੱਚ ਪ੍ਰੀਮੀਅਰਜ਼ ਨੇ ਆਖਿਆ ਕਿ ਉਨ੍ਹਾਂ ਤੋਂ ਅਕਸਰ ਇਹ ਮੰਗ ਕੀਤੀ ਜਾਂਦੀ ਹੈ ਕਿ ਦੋਸ਼ੀਆਂ ਨੂੰ ਜ਼ਮਾਨਤ ਉੱਤੇ ਰਿਹਾਅ ਕਰ ਦਿੱਤੇ ਜਾਣ ਨਾਲ ਉਹ ਬਾਹਰ ਆ ਕੇ ਹੋਰ ਜੁਰਮਾਂ ਨੂੰ ਅੰਜਾਮ ਦਿੰਦੇ ਹਨ ਤੇ ਇਸ ਸੱਭ ਨੂੰ ਰੋਕਣ ਲਈ ਜ਼ਮਾਨਤ ਸਬੰਧੀ ਇਸ ਕਾਨੂੰਨ ਵਿੱਚ ਸੁਧਾਰ ਕਰਨ ਦੀ ਲੋੜ ਹੈ।

ਪ੍ਰੀਮੀਅਰਜ਼ ਵੱਲੋਂ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਹਥਿਆਰਾਂ ਨਾਲ ਸਬੰਧਤ ਕੁੱਝ ਖਾਸ ਜੁਰਮਾਂ ਲਈ ਜਦੋਂ ਦੋਸ਼ੀਆਂ ਵੱਲੋਂ ਜ਼ਮਾਨਤ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਹ ਪੁੱਛਣਾ ਬਣਦਾ ਹੈ ਕਿ ਕਿਉਂ ਨਾ ਉਨ੍ਹਾਂ ਨੂੰ ਜੇਲ੍ਹ ਵਿੱਚ ਹੀ ਬੰਦ ਰਹਿਣ ਦਿੱਤਾ ਜਾਵੇ। ਵੀਰਵਾਰ ਨੂੰ ਕੈਨੇਡੀਅਨ ਬਾਰ ਐਸੋਸਿਏਸ਼ਨ ਸਾਹਮਣੇ ਦਿੱਤੇ ਭਾਸ਼ਣ ਵਿੱਚ ਲਾਮੇਟੀ ਨੇ ਆਖਿਆ ਕਿ ਪ੍ਰਸਤਾਵਿਤ ਸੁਧਾਰ ਪ੍ਰੋਵਿੰਸ਼ੀਅਲ ਨਿਆਂ ਮੰਤਰੀਆਂ ਨਾਲ ਕੀਤੀ ਜਾਣ ਵਾਲੀ ਮੀਟਿੰਗ ਵਿੱਚ ਵਿਚਾਰੇ ਜਾਣਗੇ।

ਉਨ੍ਹਾਂ ਆਖਿਆ ਕਿ ਪ੍ਰੋਵਿੰਸਾਂ ਵੱਲੋਂ "ਰਿਵਰਸ ਓਨਸ" ਸਿਸਟਮ ਸ਼ੁਰੂ ਕਰਨ ਦੇ ਪ੍ਰਸਤਾਵ ਨੂੰ ਲੈ ਕੇ ਲਿਬਰਲ ਸਰਕਾਰ ਗੰਭੀਰ ਹੈ ਤੇ ਹਥਿਆਰਾਂ ਨਾਲ ਸਬੰਧਤ ਕੁੱਝ ਜੁਰਮਾਂ ਲਈ ਇਸ ਉੱਤੇ ਵਿਚਾਰ ਕੀਤਾ ਜਾ ਸਕਦਾ ਹੈ। ਸਾਨੂੰ ਰਲ ਕੇ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਇਸ ਦੌਰਾਨ ਫੈਡਰਲ ਕੰਜ਼ਰਵੇਟਿਵਾਂ ਵੱਲੋਂ ਵੀ ਸਰਕਾਰ ਉੱਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਹਥਿਆਰਾਂ ਨਾਲ ਸਬੰਧਤ ਜੁਰਮਾਂ ਨੂੰ ਵਾਰੀ ਵਾਰੀ ਅੰਜਾਮ ਦੇਣ ਵਾਲਿਆਂ ਨੂੰ ਜ਼ਮਾਨਤ ਨਾ ਦਿੱਤੇ ਜਾਣ ਬਾਰੇ ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

## ਮਹਾਂਮਾਰੀ ਤੋਂ ਬਾਅਦ ਮਿਰੇਕਲ ਆਨ ਮੇਨ ਸਟਰੀਟ ਨੇ ਇੱਕਠੀ ਕੀਤੀ ਇੱਕ ਮਿਲੀਅਨ ਡਾਲਰ ਤੋਂ ਵੀ ਵੱਧ ਦੀ ਰਕਮ

...ਪੰਨਾ 1 ਦਾ ਬਾਕੀ

ਤੇ ਫਿਰ ਇਸ ਨੂੰ ਹਾਲਟਨ ਰੀਜਨ, ਬਰੈਂਪਟਨ ਦੇ ਲੋੜਵੰਦ ਪਰਿਵਾਰਾਂ ਤੇ ਬੱਚਿਆਂ ਦੇ ਨਾਲ ਨਾਲ ਕਈ ਕਮਿਊਨਿਟੀ ਚੈਰੀਟੇਬਲ ਸੰਸਥਾਵਾਂ ਜਿਨ੍ਹਾਂ ਵਿੱਚ ਸਾਲਵੇਸ਼ਨ ਆਰਮੀ ਚੈਪਟਰਜ਼, ਹਾਲਟਨ ਵੁਮਨਜ਼ ਪਲੇਸ, ਸੀਐਮਐਚਏ, ਬਿੱਗ ਬ੍ਰਦਰਜ਼ ਬਿੱਗ ਸਿਸਟਰਜ਼, ਫੇਥ ਉੱਤੇ ਆਧਾਰਿਤ ਸੰਸਥਾਵਾਂ, ਐਲੀਮੈਂਟਰੀ ਸਕੂਲ, ਬੌਏ ਗਰਲਜ਼ ਕਲੱਬ ਆਫ ਪੀਲ, ਬੱਚਿਆਂ ਦੇ ਹਸਪਤਾਲ ਜਿਵੇਂ ਕਿ ਬਰੈਂਪਟਨ ਸਿਵਿਕ ਹਸਪਤਾਲ, ਸ਼ਾਮਲ ਹਨ, ਵਿੱਚ ਵੰਡਿਆ ਗਿਆ।

ਇਸ ਮੌਕੇ ਟੀਜੇਐਸਐਫ ਦੇ ਚੇਅਰਮੈਨ ਟਾਈਗਰਜੀਤ ਸਿੰਘ ਨੇ ਆਖਿਆ ਕਿ ਬਿਮਾਰੀ ਤੇ ਗਰੀਬੀ ਕਿਸੇ ਨਾਲ ਫਰਕ ਨਹੀਂ ਕਰਦੀਆਂ ਤੇ ਕਿਸੇ ਨੂੰ ਦੇਣ ਦਾ ਜਜ਼ਬਾ ਵੀ ਇਹ ਫਰਕ ਨਹੀਂ ਸਮਝਦਾ। ਉਨ੍ਹਾਂ ਆਖਿਆ ਕਿ ਸਾਡੀ ਸੰਸਥਾ ਦਾ ਮੰਤਵ ਵੀ ਇਹੋ ਹੈ। ਉਨ੍ਹਾਂ ਆਪਣੇ ਸਪਾਂਸਰਜ਼, ਕਾਰੋਬਾਰੀ ਭਾਈਵਾਲਾਂ, ਵਾਲੰਟੀਅਰਜ਼, ਸਕੂਲਾਂ, ਮੀਡੀਆ ਤੇ ਕਮਿਊਨਿਟੀ ਦਾ ਇਸ ਵੱਡੀ ਮਦਦ ਲਈ ਸ਼ੁਕਰੀਆ ਅਦਾ ਕੀਤਾ। ਇਸ ਦੌਰਾਨ ਟੀਜੇਐਸਐਫ ਦੇ ਪ੍ਰੈਜ਼ੀਡੈਂਟ ਟਾਈਗਰਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਇਸ ਨੇਕ ਕੰਮ ਵਿੱਚ ਯੋਗਦਾਨ ਪਾਉਣ ਵਾਲੇ ਹਰ ਸ਼ਖ਼ਸ ਦੇ ਉਹ ਦਿਲੋਂ ਧੰਨਵਾਦੀ ਹਨ। ਇਸ ਦੌਰਾਨ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਉਹ ਟਾਈਗਰਜੀਤ ਸਿੰਘ ਫਾਊਂਡੇਸ਼ਨ ਦੇ ਸਪੋਰਟ ਵਿੱਚ ਹਨ ਤੇ ਟਾਈਗਰਜ਼ ਮਿਲ ਕੇ ਜਿਹੜਾ ਕਮਿਊਨਿਟੀ ਲਈ ਕੰਮ ਕਰ ਰਹੇ ਹਨ ਅਸੀਂ ਉਸ ਲਈ ਉਨ੍ਹਾਂ ਦੇ ਧੰਨਵਾਦੀ ਹਾਂ। ਇਸ ਮੌਕੇ ਪੀਲ ਪੁਲਿਸ ਦੇ ਚੀਫ ਨਿਸ਼ਾਨ ਦੁਰੱਈਅੱਪਾ ਤੇ ਮਿਲਟਨ ਦੇ ਮੇਅਰ ਗੌਰਡ ਕ੍ਰੈਂਟਜ਼, ਹਾਲਟਨ ਪੁਲਿਸ ਚੀਫ ਸਟੀਫਨ ਟੈਨਰ, ਹਾਲਟਨ ਪੁਲਿਸ ਦੇ ਡਿਪਟੀ ਚੀਫ ਰੌਜਰ ਵਿਲਕੀ, ਹਾਲਟਨ ਪੁਲਿਸ ਸਾਰਜੈਂਟ ਰਿੱਕ ਜਡਸਨ ਨੇ ਵੀ ਟੀਜੇਐਸਐਫ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਮਿਲਟਨ ਤੋਂ ਐਮਪੀਪੀ ਪਰਮ ਗਿੱਲ, ਬਰੈਂਪਟਨ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ, ਲੀਜ਼ਾ ਰਾਇਤ, ਬਰੈਂਪਟਨ ਤੇ ਮਿਲਟਨ ਕਾਊਂਸਲ ਮੈਂਬਰ ਵੀ ਮੌਜੂਦ ਸਨ।

# ਕਾਰਜੈਕਿੰਗ ਦੇ ਮਾਮਲੇ ਵਿੱਚ 6 ਗ੍ਰਿਫਤਾਰ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਇੱਕ ਮਹਿਲਾ ਤੋਂ ਕਾਰ ਖੋਹਣ, ਉਸ ਨੂੰ ਲੁੱਟਣ ਤੇ ਗੱਡੀ ਵਿੱਚੋਂ ਬਾਹਰ ਸੁੱਟਣ ਦੇ ਮਾਮਲੇ ਦੀ ਜਾਂਚ ਦੌਰਾਨ ਟੋਰਾਂਟੋ ਪੁਲਿਸ ਵੱਲੋਂ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚ ਇੱਕ ਵਿਅਕਤੀ ਬ੍ਰਿਟਿਸ਼ ਕੋਲੰਬੀਆ ਨਾਲ ਵੀ ਸਬੰਧਤ ਹੈ।

15 ਜਨਵਰੀ, ਐਤਵਾਰ ਨੂੰ ਪੁਲਿਸ ਅਧਿਕਾਰੀਆਂ ਨੂੰ ਕਿਸੇ ਵਿਅਕਤੀ ਦੇ ਚੋਰੀ ਨਾਲ ਗੱਡੀ ਵਿੱਚ ਦਾਖਲ ਹੋਣ ਦੀਆਂ ਖਬਰਾਂ ਦੇ ਕੇ ਟੋਰਾਂਟੋ ਦੇ ਉੱਤਰ ਵਿੱਚ ਐਗਲਿੰਟਨ ਐਵਨਿਊ ਈਸਟ ਤੇ ਮਾਊਂਟ ਪਲੈਜ਼ੈਂਟ ਰੋਡ ਇਲਾਕੇ ਵਿੱਚ ਸੱਦਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਮਹਿਲਾ ਆਪਣੇ ਜਾਣਕਾਰ ਵਿਅਕਤੀ ਨੂੰ ਮਿਲਣ ਗਈ ਤੇ ਉਹ ਉਸ ਦੀ ਗੱਡੀ ਵਿੱਚ ਜਾ ਬੈਠੀ। ਕਾਰ ਵਿੱਚ ਬੈਠਦਿਆਂ ਸਾਰ ਹੀ ਆਪਣਾ ਮੂੰਹ ਸਿਰ ਲਪੇਟੀ ਬੈਠੇ ਦੋ ਵਿਅਕਤੀਆਂ ਨੇ ਮਹਿਲਾ ਉੱਤੇ ਗੰਨ ਤਾਣ ਦਿੱਤੀ ਤੇ ਉਸ ਨੂੰ ਜ਼ਬਰਦਸਤੀ ਗੱਡੀ ਵਿੱਚ ਹੀ ਬੈਠਣ ਲਈ ਆਖਿਆ। ਫਿਰ ਤਿੰਨ ਵਿਅਕਤੀਆਂ ਨੇ ਮਹਿਲਾ ਦਾ ਫੋਨ ਤੇ ਉਸ ਦੀਆਂ ਚਾਬੀਆਂ ਚੋਰੀ ਕਰ ਲਈਆਂ।

ਫਿਰ ਇਹ ਸਾਰੇ ਵਿਅਕਤੀ ਉਸ ਮਹਿਲਾ ਨੂੰ ਲੈ ਕੇ ਉਸ ਦੇ ਘਰ ਚਲੇ ਗਏ ਤੇ ਉਨ੍ਹਾਂ ਉਸ ਨੂੰ ਲੁੱਟ ਲਿਆ। ਪੁਲਿਸ ਨੇ ਦੱਸਿਆ ਕਿ ਇਸ ਸਾਰੇ ਘਟਨਾਕ੍ਰਮ ਵਿੱਚ ਲੁਟੇਰਿਆਂ ਨੇ ਮਹਿਲਾ ਨੂੰ ਗੱਡੀ ਵਿੱਚੋਂ ਬਾਹਰ ਸੁੱਟ ਦਿੱਤਾ ਤੇ ਆਪ ਫਰਾਰ ਹੋ ਗਏ। ਟੋਰਾਂਟੋ ਪੁਲਿਸ ਅਧਿਕਾਰੀ ਇਸ ਡਾਕੇ ਵਿੱਚ ਵਰਤੀ ਗਈ ਗੱਡੀ ਦੀ ਪਛਾਣ ਕਰਨ ਵਿੱਚ ਕਾਮਯਾਬ ਰਹੇ ਤੇ ਉਨ੍ਹਾਂ ਨੇ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਟਰੈਕ ਕਰ ਲਿਆ। 17 ਜਨਵਰੀ ਨੂੰ ਜਾਂਚਕਾਰਾਂ ਨੇ ਐਡੀਲੇਡ ਸਟਰੀਟ ਵੈਸਟ ਤੇ ਪੀਟਰ ਸਟਰੀਟ ਏਰੀਆ ਵਿੱਚ ਸ਼ੱਕੀ ਗੱਡੀ ਨੂੰ ਲੋਕੇਟ ਕਰ ਲਿਆ ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਨ੍ਹਾਂ ਦੀ ਪਛਾਣ ਮਿਸੀਸਾਗਾ ਦੇ 26 ਸਾਲਾ ਓਮਰ ਬੇਕਰੀ, ਬਰਨਾਬੀ, ਬੀਸੀ ਦੇ 30 ਸਾਲਾ ਡੈਨੀਅਲ ਓਫਰੀ ਤੇ ਟੋਰਾਂਟੋ ਦੇ 32 ਸਾਲਾ ਜੁਗਰਾਜ ਰੰਧਾਵਾ ਵਜੋਂ ਕੀਤੀ ਗਈ ਹੈ। ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਹਥਿਆਰਾਂ ਦੀ ਮਦਦ ਨਾਲ ਡਾਕਾ ਮਾਰਨ, ਅਗਵਾਕਾਂਡ ਨੂੰ ਅੰਜਾਮ ਦੇਣ ਸਮੇਤ ਕਈ ਹੋਰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਂਚ ਦੌਰਾਨ ਪੁਲਿਸ ਨੇ ਚਾਰ ਸਰਚ ਵਾਰੰਟ ਕਢਵਾਏ, ਕਈ ਭਰੀਆਂ ਹੋਈਆਂ ਹੈਂਡਗੰਨਜ਼ (ਜਿਨ੍ਹਾਂ ਦਾ ਮੁੱਲ 150,000 ਡਾਲਰ ਦੇ ਨੇੜੇ ਤੇੜੇ ਹੈ), 8 ਕਿੱਲੋ ਤੋਂ ਵੱਧ ਦੇ ਨਸ਼ੀਲੇ ਪਦਾਰਥ ਜਿਨ੍ਹਾਂ ਵਿੱਚ ਫੈਂਟਾਨਿਲ, ਕੋਕੀਨ, ਹੈਰੋਈਨ ਤੇ ਕ੍ਰਿਸਟਲ ਮੈੱਥ ਸ਼ਾਮਲ ਹਨ, ਬਰਾਮਦ ਕੀਤੇ ਹਨ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਨਸ਼ਿਆਂ ਦੀ ਬਾਜ਼ਾਰ ਵਿੱਚ ਕੀਮਤ 1.3 ਮਿਲੀਅਨ ਡਾਲਰ ਹੈ।

ਇਨ੍ਹਾਂ ਤੋਂ ਇਲਾਵਾ ਪੁਲਿਸ ਵੱਲੋਂ ਤਿੰਨ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ। ਇਨ੍ਹਾਂ ਵਿੱਚ ਮਿਸੀਸਾਗਾ ਦੇ 22 ਸਾਲਾ ਨਾਇਮਾ ਕਾਨਾਮੁਗਾਇਰ, ਟੋਰਾਂਟੋ ਦਾ 26 ਸਾਲਾ ਅਬੀਰਿਜਕ ਉਨਲ ਤੇ ਐਜੈਕਸ, ਓਨਟਾਰੀਓ ਦਾ 26 ਸਾਲਾ ਅਲੀ ਜਾਬਾਲ੍ਹਾ ਸ਼ਾਮਲ ਹਨ। ਇਨ੍ਹਾਂ ਉੱਤੇ 45 ਚਾਰਜਿਜ਼ ਲਾਏ ਗਏ ਹਨ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਜ਼ਖ਼ਮੀ




ਮਾਰਖਮ, 9 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਮਾਰਖਮ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਜ਼ਖ਼ਮੀ ਹੋ ਗਈ। ਘਟਨਾ ਨੂੰ ਅੰਜਾਮ ਦੇਣ ਵਾਲਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਹਿੱਟ ਐਂਡ ਰੰਨ ਦੀ ਰਿਪੋਰਟ ਦੇ ਕੇ ਯੌਰਕ ਪੁਲਿਸ ਨੂੰ ਰਾਤੀਂ 8:30 ਵਜੇ ਤੋਂ ਬਾਅਦ ਸਟੀਲਜ਼ ਐਵਨਿਊ ਤੇ ਬਾਥਰਸਟ ਸਟਰੀਟ ਨੇੜੇ ਟਾਊਨਜ਼ਗੇਟ ਡਰਾਈਵ ਤੇ ਐਮੇਰਾਲਡ ਲੇਨ ਉੱਤੇ ਸੱਦਿਆ ਗਿਆ। ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਇੱਥੇ ਉਸ ਦਾ ਆਪਰੇਸ਼ਨ ਵੀ ਕੀਤਾ ਗਿਆ। ਉਸ ਦੀ ਹਾਲਤ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਜਿਸ ਸਮੇਂ ਹਾਦਸਾ ਵਾਪਰਿਆ ਮਹਿਲਾ ਸੜਕ ਪਾਰ ਕਰ ਰਹੀ ਸੀ। ਪੁਲਿਸ ਨੇ ਦੱਸਿਆ ਕਿ ਇਸ ਮਹਿਲਾ ਨੂੰ ਕਾਲੇ ਰੰਗ ਦੀ ਐਸਯੂਵੀ ਵੱਲੋਂ ਟੱਕਰ ਮਾਰੀ ਗਈ। ਹਾਦਸੇ ਦੇ ਚਸ਼ਮਦੀਦਾਂ ਨੂੰ ਪੁਲਿਸ ਵੱਲੋਂ ਸਾਹਮਣੇ ਆਉਣ ਦੀ ਅਪੀਲ ਕੀਤੀ ਗਈ ਹੈ।

# ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਕੇ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਬਾਰੇ ਵਿਚਾਰ ਕਰ ਰਹੇ ਹਨ ਸ਼ਰੇਨਰ




ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀ ਗ੍ਰੀਨ ਪਾਰਟੀ ਦੇ ਆਗੂ ਮਾਈਕ ਸ਼ਰੇਨਰ ਨੇ ਓਨਟਾਰੀਓ ਦੀ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਖੜ੍ਹੇ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਹੈ।

ਚੋਣਾਂ ਵਿੱਚ ਘਾਟਾ ਪੈਣ ਤੋਂ ਬਾਅਦ ਪਿਛਲੇ ਸਾਲ ਸਟੀਵਨ ਡੈਲ ਡੂਕਾ ਵੱਲੋਂ ਅਹੁਦਾ ਛੱਡ ਦਿੱਤੇ ਜਾਣ ਮਗਰੋਂ ਲਿਬਰਲਾਂ ਕੋਲ ਕੋਈ ਪਰਮਾਨੈਂਟ ਲੀਡਰ ਨਹੀਂ ਹੈ। ਕਈ ਲਿਬਰਲ ਇਸ ਦੌੜ ਵਿੱਚ ਹਿੱਸਾ ਲੈਣ ਦੇ ਚਾਹਵਾਨ ਹਨ। ਇਨ੍ਹਾਂ ਵਿੱਚ ਐਮਪੀ ਤੇ ਓਨਟਾਰੀਓ ਦੇ ਸਾਬਕਾ ਕੈਬਨਿਟ ਮੰਤਰੀ ਯਾਸਿਰ ਨਕਵੀ, ਐਮਪੀ ਨਥਾਨੀਅਲ ਅਰਸਕੀਨ-ਸਮਿੱਥ ਤੇ ਓਨਟਾਰੀਓ ਦੀ ਲਿਬਰਲ ਕਾਕਸ ਦੇ ਮੌਜੂਦਾ ਮੈਂਬਰ ਟੈੱਡ ਸੂ ਸ਼ਾਮਲ ਹਨ।

ਪਰ ਲਿਬਰਲਾਂ ਦੇ ਇੱਕ ਗਰੁੱਪ, ਜਿਸ ਵਿੱਚ ਸਾਬਕਾ ਕੈਬਨਿਟ ਮੰਤਰੀ ਡੈੱਬ ਮੈਥਿਊਜ਼ ਤੇ ਲਿਜ਼ ਸੈਂਡਲਜ਼ ਸ਼ਾਮਲ ਹਨ, ਵੱਲੋਂ ਐਤਵਾਰ ਨੂੰ ਇੱਕ ਪੱਤਰ ਜਾਰੀ ਕਰਕੇ ਸ਼ਰੇਨਰ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਤੇ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ। ਜਵਾਬ ਵਿੱਚ ਸ਼ਰੇਨਰ ਨੇ ਆਖਿਆ ਕਿ ਉਹ ਇਸ ਬਾਰੇ ਸੋਚਣ ਲਈ ਕੁੱਝ ਸਮਾਂ ਚਾਹੁੰਦੇ ਹਨ।

# ਮੈਰਿਟ ਸਟਾਈਲਜ਼ ਬਣੀ ਓਨਟਾਰੀਓ ਐਨਡੀਪੀ ਦੀ ਨਵੀਂ ਆਗੂ

ਓਨਟਾਰੀਓ, 5 ਫਰਵਰੀ (ਪੋਸਟ ਬਿਊਰੋ) : ਮੈਰਿਟ ਸਟਾਈਲਜ਼ ਨੂੰ ਰਸਮੀ ਤੌਰ ਉੱਤੇ ਸ਼ਨਿੱਚਰਵਾਰ ਨੂੰ ਓਨਟਾਰੀਓ ਐਨਡੀਪੀ ਦਾ ਨਵਾਂ ਆਗੂ ਚੁਣ ਲਿਆ ਗਿਆ। ਬਹੁਗਿਣਤੀ ਪਾਰਟੀ ਮੈਂਬਰਾਂ ਵੱਲੋਂ ਆਪਣੀ ਇਸ ਇਕਲੌਤੀ ਉਮੀਦਵਾਰ ਦੇ ਹੱਕ ਵਿੱਚ ਵੋਟ ਪਾਈ ਗਈ।



ਡਾਊਨਟਾਊਨ ਵਿੱਚ ਕਰਵਾਏ ਗਏ ਇੱਕ ਈਵੈਂਟ ਵਿੱਚ ਕਰਵਾਈ ਗਈ ਇਸ ਲੀਡਰਸ਼ਿਪ ਸਬੰਧੀ ਵੋਟ ਤੋਂ ਬਾਅਦ ਪਾਰਟੀ ਵੱਲੋਂ ਸਟਾਈਲ ਨੂੰ ਆਗੂ ਚੁਣੇ ਜਾਣ ਦੀ ਪੁਸ਼ਟੀ ਕੀਤੀ ਗਈ। ਹੁਣ ਸਟਾਈਲ ਵਿਧਾਨਸਭਾ ਵਿੱਚ ਮੁੱਖ ਵਿਰੋਧੀ ਧਿਰ ਦੀ ਆਗੂ ਹੋਵੇਗੀ। ਇਸ ਮੌਕੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਸਟਾਈਲਜ਼ ਨੇ ਆਖਿਆ ਕਿ ਅੱਜ ਤੋਂ ਡੱਗ ਫੋਰਡ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ ਤੇ ਓਨਟਾਰੀਓ ਦੇ ਉੱਜਲੇ ਭਵਿੱਖ ਲਈ ਅਸੀਂ ਨਵੀਂ ਸ਼ੁਰੂਆਤ ਕਰਨ ਜਾ ਰਹੇ ਹਾਂ।

ਸਟਾਈਲਜ਼ 2018 ਤੋਂ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਵਿੱਚ ਐਨਡੀਪੀ ਦੀ ਮੈਂਬਰ ਹੈ ਤੇ ਲੀਡਰਸ਼ਿਪ ਦੌੜ ਵਿੱਚ ਉਸ ਤੋਂ ਇਲਾਵਾ ਕੋਈ ਹੋਰ ਉਮੀਦਵਾਰ ਖੜ੍ਹਾ ਹੀ ਨਹੀਂ ਹੋਇਆ। ਉਹ ਟੋਰਾਂਟੋ ਦੇ ਡੇਵਨਪੋਰਟ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਕਈ ਸਾਲਾਂ ਤੱਕ ਉਨ੍ਹਾਂ ਪਾਰਟੀ ਦੇ ਐਜੂਕੇਸ਼ਨ ਕ੍ਰਿਟਿਕ ਦੀ ਭੂਮਿਕਾ ਨਿਭਾਈ ਤੇ ਇਸ ਤੋਂ ਪਹਿਲਾਂ ਉਹ ਸਕੂਲ ਟਰਸਟੀ ਤੋਂ ਇਲਾਵਾ ਫੈਡਰਲ ਐਨਡੀਪੀ ਦੀ ਪ੍ਰੈਜ਼ੀਡੈਂਟ ਵੀ ਰਹਿ ਚੁੱਕੀ ਹੈ।

ਇਸ ਦੌਰਾਨ ਫੋਰਡ ਵੱਲੋਂ ਪਾਰਟੀ ਆਗੂ ਬਣਨ ਉੱਤੇ ਸਟਾਈਲਜ਼ ਨੂੰ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਆਖਿਆ ਕਿ ਓਨਟਾਰੀਓ ਦੇ ਭਵਿੱਖ ਲਈ ਉਹ ਸਾਰਿਆਂ ਨਾਲ ਰਲ ਕੇ ਕੰਮ ਕਰਨ ਲਈ ਤਾਂਘਵਾਣ ਹਨ।

# ਕਈ ਦਿਨਾਂ ਤੋਂ ਆਕਾਸ਼ ਵਿੱਚ ਮੰਡਰਾ ਰਹੇ ਚੀਨੀ ਬਲੂਨ ਨੂੰ ਅਮਰੀਕਾ ਨੇ ਫੁੰਡ ਸੁੱਟਿਆ

ਵਾਸ਼ਿੰਗਟਨ, 9 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਆਕਾਸ਼ ਵਿੱਚ ਮੌਜੂਦ ਕਥਿਤ ਤੌਰ ਉੱਤੇ ਚੀਨ ਦੇ ਸੂਹੀਆ ਬਲੂਨ ਨੂੰ ਅਮਰੀਕੀ ਫੌਜ ਵੱਲੋਂ ਸ਼ਨਿੱਚਰਵਾਰ ਨੂੰ ਫੁੰਡ ਸੁੱਟਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਬਲੂਨ ਕਈ ਦਿਨਾਂ ਤੋਂ ਨੌਰਥ ਅਮਰੀਕਾ ਦੇ ਆਕਾਸ਼ ਵਿੱਚ ਸੰਵੇਦਨਸ਼ੀਲ ਫੌਜੀ ਇਲਾਕਿਆਂ ਉੱਤੇ ਘੁੰਮ ਰਿਹਾ ਸੀ ਤੇ ਆਖਿਰਕਾਰ ਇਸ ਨੂੰ ਕੈਰੋਲੀਨਾ ਦੇ ਤਟ ਉੱਤੇ ਪਹੁੰਚਣ ਉਪਰੰਤ ਫੁੰਡ ਸੁੱਟਿਆ ਗਿਆ। ਇਸ ਉੱਤੇ ਚੀਨ ਵੱਲੋਂ ਅਗਲੀ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਹੈ।



ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਸ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ ਤੇ ਉਹ ਬੁੱਧਵਾਰ ਨੂੰ ਹੀ ਇਸ ਨੂੰ ਫੁੰਡ ਦੇਣਾ ਚਾਹੁੰਦੇ ਸਨ। ਫਿਰ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਕਿ ਇਸ ਨੂੰ ਫੁੰਡਣ ਦਾ ਸਹੀ ਸਮਾਂ ਉਦੋਂ ਹੋਵੇਗਾ ਜਦੋਂ ਇਹ ਪਾਣੀ ਦੇ ਉੱਤੇ ਹੋਵੇਗਾ। ਫੌਜੀ ਅਧਿਕਾਰੀਆਂ ਵੱਲੋਂ ਆਖਿਆ ਗਿਆ ਕਿ ਜੇ 60,000 ਫੁੱਟ ਦੀ ਉਚਾਈ ਤੋਂ ਇਸ ਨੂੰ ਫੁੰਡ ਕੇ ਹੇਠਾਂ ਲਿਆਂਦਾ ਗਿਆ ਤਾਂ ਜ਼ਮੀਨ ਉੱਤੇ ਮੌਜੂਦ ਲੋਕਾਂ ਲਈ ਇਹ ਖਤਰਾ ਹੋ ਸਕਦਾ ਹੈ। ਇਸ ਉੱਤੇ ਪ੍ਰਤੀਕਿਰਿਆ ਦਿੰਦਿਆਂ ਚੀਨ ਨੇ ਆਖਿਆ ਕਿ ਉਸ ਨੂੰ ਅਗਲੀ ਕਾਰਵਾਈ ਕਰਨ ਦਾ ਪੂਰਾ ਹੱਕ ਹੈ। ਚੀਨ ਨੇ ਅਮਰੀਕਾ ਦੀ ਆਲੋਚਨਾ ਕਰਦਿਆਂ ਆਖਿਆ ਕਿ ਇਹ ਕੌਮਾਂਤਰੀ ਰੁਝਾਨ ਦੀ ਗੰਭੀਰ ਉਲੰਘਣਾ ਹੈ ਤੇ ਅਮਰੀਕਾ ਵੱਲੋਂ ਇਸ ਮਾਮਲੇ ਨੂੰ ਖਾਹਮਖਾਹ ਦੀ ਤੂਲ ਦਿੱਤੀ ਗਈ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਇਸ ਸਾਰੇ ਮਾਮਲੇ ਉੱਤੇ ਕੈਨੇਡੀਅਨ ਅਧਿਕਾਰੀਆਂ ਵੱਲੋਂ ਪਹਿਲਾਂ ਚੁੱਪ ਧਾਰੀ ਗਈ ਸੀ ਪਰ ਰੱਖਿਆ ਮੰਤਰੀ ਆਨੰਦ ਵੱਲੋਂ ਸ਼ਨਿੱਚਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਗਿਆ ਕਿ ਇਸ ਬਲੂਨ ਵੱਲੋਂ ਕੈਨੇਡੀਅਨ ਏਅਰਸਪੇਸ ਦੀ ਵੀ ਉਲੰਘਣਾ ਕੀਤੀ ਗਈ ਸੀ। ਇਸ ਬਿਆਨ ਵਿੱਚ ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਐਟਲਾਂਟਿਕ ਉੱਤੇ ਇਸ ਬਲੂਨ ਨੂੰ ਫੁੰਡ ਸੁੱਟਣ ਸਬੰਧੀ ਆਪਰੇਸ਼ਨ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਆਖਿਆ ਕਿ ਕੈਨੇਡਾ ਵੱਲੋਂ ਆਪਣੇ ਸਾਥੀ ਅਮਰੀਕੀ ਅਧਿਕਾਰੀਆਂ ਨਾਲ ਪੂਰਾ ਤਾਲਮੇਲ ਰੱਖਿਆ ਗਿਆ ਤੇ ਇਸ ਕਾਰਵਾਈ ਦਾ ਸਮਰਥਨ ਕੀਤਾ ਗਿਆ। ਕੈਨੇਡਾ ਨੇ ਅਮਰੀਕਾ ਵੱਲੋਂ ਇਸ ਮਾਮਲੇ ਵਿੱਚ ਦਿੱਤੇ ਸਹਿਯੋਗ ਲਈ ਉਸ ਦਾ ਧੰਨਵਾਦ ਵੀ ਕੀਤਾ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 25 ਸਾਲਾ ਰਾਹਗੀਰ ਦੀ ਹੋਈ ਮੌਤ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 25 ਸਾਲਾ ਰਾਹਗੀਰ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਘਟਨਾ ਨੂੰ ਕਤਲ ਮੰਨ ਕੇ ਮਾਮਲੇ ਦੀ ਜਾਂਚ ਕਰ ਰਹੇ ਹਨ।

ਟੋਰਾਂਟੋ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਹਾਦਸਾ ਵਾਪਰਨ ਦੀਆਂ ਖਬਰਾਂ ਮਿਲਣ ਤੋਂ ਬਾਅਦ ਉਹ ਐਤਵਾਰ ਤੜ੍ਹਕੇ 4:00 ਵਜੇ ਵੁੱਡਬਾਈਨ ਐਵਨਿਊ ਦੇ ਪੂਰਬ ਵੱਲ ਡੈਨਫੋਰਥ ਤੇ ਸੀਡਰਵੈਲ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਪਹੁੰਚੇ। ਜਾਂਚਕਾਰਾਂ ਨੇ ਦੱਸਿਆ ਕਿ ਜਿਸ ਵਿਅਕਤੀ ਨੂੰ ਟੱਕਰ ਮਾਰੀ ਗਈ ਉਹ ਇਸ ਇਲਾਕੇ ਦੇ ਇੱਕ ਬਾਰ ਵਿੱਚ ਬੈਠ ਕੇ ਸ਼ਰਾਬ ਪੀ ਰਿਹਾ ਸੀ ਤੇ ਮਸ਼ਕੂਕ ਬਾਹਰ ਹੋਰਨਾਂ ਲੋਕਾਂ ਨਾਲ ਗੱਲਾਂ ਕਰ ਰਿਹਾ ਸੀ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਸ਼ਕੂਕ ਉੱਥੋਂ ਆਪਣੀ ਗੱਡੀ ਵਿੱਚ ਬੈਠ ਕੇ ਨਿਕਲਿਆ ਤੇ ਉਸ ਨੇ ਸਾਈਡਵਾਕ ਉੱਤੇ ਤੁਰੇ ਜਾ ਰਹੇ ਵਿਅਕਤੀ ਨੂੰ ਟੱਕਰ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਟੋਰਾਂਟੋ ਦੇ ਗੈਬਰੀਅਲ ਡੈਲ ਕਾਸਟੀਲੋ ਮੁਲਾਲੀ ਵਜੋਂ ਹੋਈ ਹੈ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮ੍ਰਿਤਕ ਤੇ ਮਸ਼ਕੂਕ ਦਰਮਿਆਨ ਕਿਸੇ ਗੱਲ ਨੂੰ ਲੈ ਕੇ ਬਹਿਸ ਵੀ ਹੋਈ ਸੀ ਜਾਂ ਨਹੀਂ।

ਜਾਂਚਕਾਰਾਂ ਨੇ ਦੱਸਿਆ ਕਿ ਮਸ਼ਕੂਕ, ਜਿਸ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ, ਨੂੰ ਆਖਰੀ ਵਾਰੀ ਡੈਨਫੋਰਥ ਐਵਨਿਊ ਦੇ ਪੱਛਮ ਉੱਤੇ ਵੁੱਡਬਾਈਨ ਐਵਨਿਊ ਵੱਲ ਜਾਂਦਿਆਂ ਵੇਖਿਆ ਗਿਆ।

# ਗੋ ਟਰਾਂਜ਼ਿਟ ਸਟੇਸ਼ਨ ਉੱਤੇ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਦਰਹਾਮ, 9 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਐਜੈਕਸ ਵਿੱਚ ਗੋ ਟਰਾਂਜ਼ਿਟ ਸਟੇਸ਼ਨ ਉੱਤੇ ਛੁਰੇਬਾਜ਼ੀ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਦਰਹਾਮ ਰੀਜਨਲ ਪੁਲਿਸ ਅਧਿਕਾਰੀਆਂ ਨੇ ਦਿੱਤੀ। ਦੁਪਹਿਰੇ 3:00 ਵਜੇ ਤੋਂ ਬਾਅਦ ਟਵਿੱਟਰ ਉੱਤੇ ਪੋਸਟ ਕੀਤੇ ਗਏ ਮੈਸੇਜ ਵਿੱਚ ਪੁਲਿਸ ਅਧਿਕਾਰੀਆਂ ਨੇ ਆਖਿਆ ਕਿ ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਟੋਰਾਂਟੋ ਦੇ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਜਾਰੀ ਕੀਤੀ ਗਈ ਇੱਕ ਰਲੀਜ਼ ਵਿੱਚ ਜਾਂਚਕਾਰਾਂ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਇਹ ਘਟਨਾ ਕਿਉਂ ਤੇ ਕਿਵੇਂ ਵਾਪਰੀ ਇਸ ਬਾਰੇ ਅਜੇ ਕੁੱਝ ਸਪਸ਼ਟ ਨਹੀਂ ਹੋ ਸਕਿਆ ਹੈ।



# ਟਰੂਡੋ ਤੇ ਪ੍ਰੀਮੀਅਰਜ਼ ਦਰਮਿਆਨ ਹੋਣ ਵਾਲੀ ਹੈਲਥ ਕੇਅਰ ਮੀਟਿੰਗ ਬਾਰੇ ਨਵੇਂ ਵੇਰਵੇ ਆਏ ਸਾਹਮਣੇ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਕੈਨੇਡਾ ਦੇ ਪ੍ਰੀਮੀਅਰਜ਼ ਦਰਮਿਆਨ ਮੰਗਲਵਾਰ ਨੂੰ ਹੋਣ ਜਾ ਰਹੀ ਮੀਟਿੰਗ ਬਾਰੇ ਨਵੇਂ ਵੇਰਵੇ ਸਾਹਮਣੇ ਆਏ ਹਨ।



ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਟਰੂਡੋ ਇਸ ਮੀਟਿੰਗ ਵਿੱਚ ਦੁਪਹਿਰ ਸਮੇਂ ਪਹੁੰਚਣਗੇ ਤੇ ਇਸ ਦੌਰਾਨ ਉਹ ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਹੈਲਥ ਕੇਅਰ ਨਾਲ ਸਬੰਧਤ ਫੰਡਿੰਗ ਬਾਰੇ ਦੋ ਘੰਟੇ ਦੀ ਪ੍ਰੈਜ਼ੈਂਟੇਸ਼ਨ ਦੇਣਗੇ। ਫੈਡਰਲ ਅਧਿਕਾਰੀਆਂ ਵੱਲੋਂ ਪਹਿਲਾਂ ਹੀ ਇਹ ਸੰਕੇਤ ਦਿੱਤਾ ਜਾ ਚੁੱਕਿਆ ਹੈ ਪ੍ਰਧਾਨ ਮੰਤਰੀ ਵੱਲੋਂ ਨਵੀਂ ਫੰਡਿੰਗ ਦੇ ਰੂਪ ਵਿੱਚ ਕਈ ਬਿਲੀਅਨ ਡਾਲਰ ਜਾਰੀ ਕੀਤੇ ਜਾਣਗੇ। ਫੰਡਾਂ ਵਿੱਚ ਇਹ ਵਾਧਾ ਦੋ ਤਰ੍ਹਾਂ ਕੀਤਾ ਜਾਵੇਗਾ- ਪਹਿਲਾ ਕੈਨੇਡਾ ਹੈਲਥ ਟਰਾਂਸਫਰ (ਸੀਐਚਟੀ) ਵਿੱਚ ਕੌਮੀ ਪੱਧਰ ਉੱਤੇ ਵਾਧਾ ਕਰਕੇ ਤੇ ਦੂਜਾ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਦੀਆਂ ਹੈਲਥ ਕੇਅਰ ਲੋੜਾਂ ਦੇ ਸਬੰਧ ਵਿੱਚ ਦੁਵੱਲੀ ਡੀਲ ਰਾਹੀਂ।

ਫੈਡਰਲ, ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਰਕਾਰਾਂ ਵੱਲੋਂ ਇਹ ਡੀਲਜ਼ ਇਸ ਗੱਲ ਉੱਤੇ ਕੇਂਦਰਿਤ ਹੋਣਗੀਆਂ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਲਾਗੂ ਕੀਤਾ ਜਾਵੇ ਕਿ ਜਿਸ ਨਾਲ ਹੈਲਥ ਕੇਅਰ ਵਿੱਚ ਸੁਧਾਰ ਲਈ ਪ੍ਰੀਮੀਅਰਜ਼ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਇੱਕ ਮਿਸਾਲ ਦਿੰਦਿਆਂ ਓਨਟਾਰੀਓ ਦੇ ਸੀਨੀਅਰ ਪ੍ਰੋਵਿੰਸ਼ੀਅਲ ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡਾ ਦੇ ਸੱਭ ਤੋਂ ਵੱਧ ਆਬਾਦੀ ਵਾਲੇ ਇਸ ਪ੍ਰੋਵਿੰਸ ਨੂੰ ਅਗਲੇ 10 ਸਾਲਾਂ ਵਿੱਚ 73 ਬਿਲੀਅਨ ਡਾਲਰ ਹਾਸਲ ਹੋਣਗੇ। ਇਸ ਵਿੱਚੋਂ ਅੰਦਾਜ਼ਨ 30 ਬਿਲੀਅਨ ਡਾਲਰ ਨਵੇਂ ਫੰਡ ਹੋਣਗੇ। ਇੱਕ ਅੰਦਾਜ਼ੇ ਮੁਤਾਬਕ ਜੇ ਸਾਲਾਨਾਂ ਵੇਖਿਆ ਜਾਵੇ ਤਾਂ ਇਹ ਅੰਦਾਜ਼ਨ 3 ਬਿਲੀਅਨ ਡਾਲਰ ਦਾ ਵਾਧਾ ਬਣਦੇ ਹਨ।

ਇਸ ਦੌਰਾਨ ਟਰੂਡੋ ਨੇ ਵੀ ਇਹ ਸਪਸ਼ਟ ਕੀਤਾ ਹੈ ਕਿ ਫੈਡਰਲ ਸਰਕਾਰ ਇਹ ਮੰਨਦੀ ਹੈ ਕਿ ਵੱਖ ਵੱਖ ਪ੍ਰੋਵਿੰਸਾਂ ਦੀਆਂ ਵੱਖ ਵੱਖ ਲੋੜਾਂ ਤੇ ਤਰਜੀਹਾਂ ਹਨ ਤੇ ਗੱਲਬਾਤ ਵਿੱਚ ਲਚਕ ਹੋਣਾ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਉਹ ਇਹ ਮੰਨ ਕੇ ਨਹੀਂ ਚੱਲ ਰਹੇ ਕਿ ਮੰਗਲਵਾਰ ਨੂੰ ਸਾਰੀਆਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਡੀਲ ਸਿਰੇ ਚੜ੍ਹ ਜਾਵੇਗੀ। ਉਨ੍ਹਾਂ ਸੰਕੇਤ ਦਿੱਤਾ ਕਿ ਇਹ ਕੰਮ ਤਾਂ ਆਉਣ ਵਾਲੇ ਕੁੱਝ ਹਫਤਿਆਂ ਵਿੱਚ ਸਿਰੇ ਚੜ੍ਹੇਗਾ।

# ਵਿੰਡਸ਼ੀਲਡ ਰਾਹੀਂ ਸੁੱਟੀ ਗਈ ਚੀਜ਼ ਕਾਰਨ ਮਹਿਲਾ ਗੰਭੀਰ ਜ਼ਖ਼ਮੀ

ਦਰਹਾਮ, 9 ਫਰਵਰੀ (ਪੋਸਟ ਬਿਊਰੋ) : ਚੱਲਦੀ ਗੱਡੀ ਦੀ ਵਿੰਡਸ਼ੀਲਡ ਰਾਹੀਂ ਕੋਈ ਚੀਜ਼ ਸੁੱਟ ਕੇ ਮਹਿਲਾ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।



ਜਾਂਚਕਾਰਾਂ ਨੇ ਦੱਸਿਆ ਕਿ ਇਹ ਘਟਨਾ 27 ਜਨਵਰੀ ਦੀ ਸ਼ਾਮ ਨੂੰ ਬ੍ਰੌਕ ਟਾਊਨਸ਼ਿਪ ਵਿੱਚ ਇੱਕ ਕਮਿਊਨਿਟੀ ਟਾਊਨ ਆਫ ਕੈਨਿੰਗਟਨ ਵਿੱਚ ਵਾਪਰੀ। ਜਿਹੜੀ ਮਹਿਲਾ ਜ਼ਖ਼ਮੀ ਹੋਈ ਉਹ ਗੱਡੀ ਦੀ ਪੈਸੈਂਜਰ ਸੀਟ ਉੱਤੇ ਬੈਠੀ ਸੀ। ਗੱਡੀ ਰਾਤੀਂ 8:00 ਵਜੇ ਤੋਂ ਪਹਿਲਾਂ ਕੈਮਰੂਨ ਤੇ ਐਲਬਰਟ ਸਟਰੀਟ ਤੋਂ ਲੰਘ ਰਹੀ ਸੀ ਜਦੋਂ ਵਿੰਡਸ਼ੀਲਡ ਨੂੰ ਤੋੜਦੀ ਹੋਈ ਇੱਕ ਭਾਰੀ ਵਸਤੂ ਮਹਿਲਾ ਦੇ ਸਿਰ ਵਿੱਚ ਆ ਵੱਜੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟੋਰਾਂਟੋ ਦੇ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਹਿਲਾ ਦੇ ਜ਼ਖ਼ਮ ਐਨੇ ਗੰਭੀਰ ਹਨ ਕਿ ਉਸ ਨੂੰ ਸਾਰੀ ਉਮਰ ਲਈ ਵੱਡਾ ਨੁਕਸਾਨ ਪਹੁੰਚ ਸਕਦਾ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਮਹਿਲਾ ਮਰਦੀ ਮਰਦੀ ਮਸ੍ਹਾਂ ਬਚੀ ਹੈ। ਜਾਂਚਕਾਰਾਂ ਕੋਲ ਉਹ ਵਸਤੂ ਹੈ ਜਿਹੜੀ ਵਿੰਡਸ਼ੀਲਡ ਰਾਹੀਂ ਅੰਦਰ ਸੁੱਟੀ ਗਈ ਪਰ ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਕਿਸ ਨੇ ਸੁੱਟੀ।

# ਕਾਰ ਤੇ ਟਰੱਕ ਦੀ ਟੱਕਰ ਵਿੱਚ ਮਹਿਲਾ ਜ਼ਖ਼ਮੀ

ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਗ੍ਰਿਮਸਬੀ ਵਿੱਚ ਕਿਊਈਡਬਲਿਊ ਉੱਤੇ ਕਾਰ ਤੇ ਟਰਾਂਸਪੋਰਟ ਟਰੱਕ ਦਰਮਿਆਨ ਹੋਈ ਜ਼ਬਰਦਸਤ ਟੱਕਰ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਇਸ ਹਾਦਸੇ ਮਗਰੋਂ ਫੋਰਟ ਈਰੀ ਨੂੰ ਜਾਣ ਵਾਲੀਆਂ ਸਾਰੀਆਂ ਲੇਨਜ਼ ਬੰਦ ਕਰ ਦਿੱਤੀਆਂ ਗਈਆਂ।

ਇਹ ਘਟਨਾ ਸਵੇਰੇ 6:00 ਵਜੇ ਵਾਪਰੀ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਜਦੋਂ ਕਾਰ ਤੇ ਟਰੱਕ ਦੀ ਟੱਕਰ ਹੋਈ ਤਾਂ ਕਾਰ ਪਲਟ ਗਈ। ਪੈਰਾਮੈਡਿਕਸ ਵੱਲੋਂ ਜ਼ਖ਼ਮੀ ਹਾਲਤ ਵਿੱਚ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਕਿਹੋ ਜਿਹੀ ਹੈ ਇਸ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

ਕੈਸਾਬਲੈਂਕਾ ਬੁਲੇਵਾਰਡ ਵਿਖੇ ਕਿਊਈਡਬਲਿਊ ਦੀਆਂ ਸਾਰੀਆਂ ਲੇਨਜ਼ ਬੰਦ ਕਰ ਦਿੱਤੀਆਂ ਗਈਆਂ ਹਨ। ਇਹ ਰਾਹ ਕਦੋਂ ਤੱਕ ਬੰਦ ਰਹੇਗਾ ਇਸ ਬਾਰੇ ਵੀ ਅਜੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ।

# ਬਹੁਮੰਜ਼ਿਲਾ ਇਮਾਰਤ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ, 2 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਬਾਅਦ ਸਕਾਰਬਰੋ ਵਿੱਚ ਇੱਕ ਬਹੁਮੰਜ਼ਿਲਾ ਇਮਾਰਤ ਵਿੱਚ ਇੱਕ 22 ਸਾਲਾ ਵਿਅਕਤੀ ਨੂੰ ਗੋਲੀ ਮਾਰੇ ਜਾਣ ਤੋਂ ਬਾਅਦ ਟੋਰਾਂਟੋ ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀਂ 5:00 ਵਜੇ 263 ਫਾਰਮੇਸੀ ਐਵਨਿਊ ਵਿੱਚ ਗੋਲੀ ਚੱਲਣ ਦੀ ਖਬਰ ਮਿਲੀ ਤੇ ਉਹ ਤੁਰੰਤ ਮੌਕੇ ਉੱਤੇ ਪਹੁੰਚ ਗਏ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਗੋਲੀ ਉਸ ਵਿਅਕਤੀ ਦੀ ਲੱਤ ਵਿੱਚ ਲੱਗੀ ਸੀ। ਡਿਊਟੀ ਇੰਸਪੈਕਟਰ ਮਾਈਕ ਹੇਲਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਕੁੱਝ ਲੋਕਾਂ ਵੱਲੋਂ ਜ਼ਖ਼ਮੀ ਵਿਅਕਤੀ ਦੀ ਮਦਦ ਕੀਤੀ ਜਾ ਰਹੀ ਸੀ।



ਟੋਰਾਂਟੋ ਪੈਰਾਮੈਡਿਕਸ ਨੇ ਜ਼ਖ਼ਮੀ ਵਿਅਕਤੀ ਨੂੰ ਟਰੌਮਾ ਸੈਂਟਰ ਸ਼ਿਫਟ ਕੀਤਾ, ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਸ ਸ਼ੂਟਿੰਗ ਦੇ ਸਬੰਧ ਵਿੱਚ ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਹੇਲਜ਼ ਨੇ ਦੱਸਿਆ ਕਿ ਇਸ ਘਟਨਾ ਨੂੰ ਸੋਚ ਸਮਝ ਕੇ ਅੰਜਾਮ ਦਿੱਤਾ ਗਿਆ ਹੈ। ਪਰ ਇਸ ਪਿੱਛੇ ਕੀ ਮੰਤਵ ਹੈ ਉਸ ਦਾ ਪਤਾ ਅਜੇ ਪੁਲਿਸ ਨਹੀਂ ਲਾ ਸਕੀ ਹੈ। ਮਸ਼ਕੂਕਾਂ ਸਬੰਧੀ ਕੋਈ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮੁੜ ਵੱਧ ਸਕਦੀਆਂ ਹਨ ਗ੍ਰੌਸਰੀ ਦੀਆਂ ਕੀਮਤਾਂ !

ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਇੱਕ ਵਾਰੀ ਫਿਰ ਕੈਨੇਡਾ ਭਰ ਦੇ ਸਟੋਰਜ਼ ਵਿੱਚ ਗ੍ਰੌਸਰੀ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ।

ਪਿਛਲੇ ਸਾਲ ਲੋਬਲਾਅ ਕੌਸ. ਲਿਮਟਿਡ ਨੇ ਆਖਿਆ ਸੀ ਕਿ ਉਸ ਵੱਲੋਂ 31 ਜਨਵਰੀ ਤੱਕ ਆਪਣੀਆਂ ਨੋ ਨੇਮ ਵਸਤਾਂ ਦੀਆਂ ਕੀਮਤਾਂ ਵਿੱਚ ਵਾਧੇ ਉੱਤੇ ਰੋਕ ਲਾਈ ਜਾਵੇਗੀ। ਇਸੇ ਤਰ੍ਹਾਂ ਮੈਟਰੋ ਇੰਕ. ਨੇ ਆਖਿਆ ਸੀ ਕਿ ਉਨ੍ਹਾਂ ਵੱਲੋਂ ਪ੍ਰਾਈਵੇਟ ਲੇਬਲ ਵਾਲੀਆਂ ਬਹੁਤੀਆਂ ਆਈਟਮਾਂ ਦੀਆਂ ਕੀਮਤਾਂ ਨੈਸ਼ਨਲ ਬ੍ਰੈਂਡ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿੱਚ 5 ਫਰਵਰੀ ਤੱਕ ਕੋਈ ਵਾਧਾ ਨਹੀਂ ਕੀਤਾ ਜਾਵੇਗਾ।



ਗ੍ਰੌਸਰੀ ਦੀਆਂ ਵੱਧ ਰਹੀਆਂ ਕੀਮਤਾਂ ਤੇ ਗ੍ਰੌਸਰਜ਼ ਨੂੰ ਹੋਣ ਵਾਲੇ ਮੁਨਾਫੇ ਦਾ ਮੁਲਾਂਕਣ ਕਰਨ ਕਾਰਨ ਖਪਤਕਾਰਾਂ ਵਿੱਚ ਵੱਧ ਰਹੇ ਰੋਹ ਦੇ ਚੱਲਦਿਆਂ ਇਨ੍ਹਾਂ ਕੀਮਤਾਂ ਦੇ ਵਾਧੇ ਉੱਤੇ ਲਾਈ ਰੋਕ ਹਟਾਈ ਜਾ ਰਹੀ ਹੈ। ਪਰ ਗ੍ਰੌਸਰੀ ਚੇਨਜ਼ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਫੂਡ ਆਈਟਮਾਂ ਤੋਂ ਕੋਈ ਮੁਨਾਫਾ ਨਹੀਂ ਕਮਾਇਆ ਜਾ ਰਿਹਾ ਸਗੋਂ ਆਪਣੀਆਂ ਸੈਲਫਾਂ ਨੂੰ ਭਰ ਕੇ ਰੱਖਣ ਲਈ ਉਨ੍ਹਾਂ ਨੂੰ ਮਹੀਨਾ ਦਰ ਮਹੀਨਾ ਵੱਧ ਰਕਮ ਖਰਚਣੀ ਪੈ ਰਹੀ ਹੈ।

ਲੋਬਲਾਅ ਦੀ ਤਰਜ਼ਮਾਨ ਕੈਥਰੀਨ ਥੌਮਸ ਨੇ ਆਖਿਆ ਕਿ ਜ਼ਹਿਰਜ਼, ਪ੍ਰੋਵਿਗੋ ਤੇ ਨੋ ਫਰਿੱਲਜ਼ ਵਰਗੇ ਬੈਨਰਜ਼ ਨੂੰ ਆਪਰੇਟ ਕਰਨ ਵਾਲੀ ਉਨ੍ਹਾਂ ਦੀ ਕੰਪਨੀ ਅਜੇ ਵੀ ਬਹੁਤੀਆਂ ਚੀਜ਼ਾਂ ਦੀਆਂ ਵਸਤਾਂ ਵਿੱਚ ਕੋਈ ਵਾਧਾ ਨਹੀਂ ਕਰੇਗੀ ਤੇ ਉਨ੍ਹਾਂ ਦੇ ਨੋ ਨੇਮ ਪ੍ਰੋਡਕਟ ਖਰੀਦਣ ਵਾਲੇ ਪਰਿਵਾਰਾਂ ਨੂੰ ਇਸ ਸਾਲ ਵੀ ਫਾਇਦਾ ਹੋਵੇਗਾ। ਇਸੇ ਤਰ੍ਹਾਂ ਮੈਟਰੋ ਦੇ ਸੀਈਓ ਐਰਿਕ ਲਾ ਫਲੈਸ਼ ਨੇ ਆਖਿਆ ਕਿ ਅਸੀਂ ਭਵਿੱਖ ਵਿੱਚ ਫੂਡ ਨਾਲ ਸਬੰਧਤ ਮਹਿੰਗਾਈ ਵਧੇਗੀ ਜਾਂ ਨਹੀਂ ਇਸ ਬਾਰੇ ਕੋਈ ਪੇਸ਼ੀਨਿਗੋਈ ਨਹੀਂ ਕਰ ਸਕਦੇ। ਉਨ੍ਹਾਂ ਆਖਿਆ ਕਿ ਬਹੁਤੇ ਵੈਂਡਰਜ਼ ਵੱਲੋਂ ਕੀਮਤਾਂ ਵਿੱਚ ਵਾਧਾ ਕਰਨ ਦੀ ਮੰਗ ਸਮੇਂ ਸਮੇਂ ਉੱਤੇ ਆਉਂਦੀ ਰਹਿੰਦੀ ਹੈ ਤੇ ਇਨ੍ਹਾਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਦਾ ਕਾਰਨ ਸਾਡੇ ਕੰਟਰੋਲ ਤੋਂ ਬਾਹਰ ਹੈ।

# ਗੱਡੀ ਦਾ ਪਿੱਛਾ ਕਰਕੇ ਪੁਲਿਸ ਨੇ 5 ਵਿਅਕਤੀਆਂ ਨੂੰ ਲਿਆ ਹਿਰਾਸਤ ਵਿੱਚ

ਬਰੈਂਪਟਨ, 9 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਪੁਲਿਸ ਵੱਲੋਂ ਇੱਕ ਗੱਡੀ ਦਾ ਪਿੱਛਾ ਕਰਕੇ ਪੰਜ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਪਿੱਛੇ ਦੌਰਾਨ ਮਸ਼ਕੂਕਾਂ ਦੀ ਗੱਡੀ ਖੰਭੇ ਨਾਲ ਜਾ ਟਕਰਾਈ।

ਇਹ ਘਟਨਾ ਸੋਮਵਾਰ ਤੜਕੇ 3:15 ਉੱਤੇ ਕਲੇਅਰੈਂਸ ਸਟਰੀਟ ਤੇ ਰੁਦਰਫੋਰਡ ਰੋਡ ਉੱਤੇ ਵਾਪਰੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪੁਲਿਸ ਰੁਟੀਨ ਟਰੈਫਿਕ ਚੈੱਕ ਕਰ ਰਹੀ ਸੀ ਜਦੋਂ ਪੁਲਿਸ ਅਧਿਕਾਰੀਆਂ ਨੇ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਵਾਲੇ ਮਸ਼ਕੂਕ ਨੂੰ ਰੋਕਿਆ। ਪਰ ਡਰਾਈਵਰ ਨੇ ਗੱਡੀ ਰੋਕਣ ਦੀ ਥਾਂ ਗੱਡੀ ਭਜਾ ਲਈ ਤੇ ਪੁਲਿਸ ਵੱਲੋਂ ਕੀਤੇ ਗਏ ਪਿੱਛੇ ਦੌਰਾਨ ਗੱਡੀ ਖੰਭੇ ਨਾਲ ਜਾ ਟਕਰਾਈ। ਗੱਡੀ ਵਿੱਚ ਸਵਾਰ ਸਾਰੇ ਵਿਅਕਤੀਆਂ ਨੂੰ ਮੌਕੇ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਵਿੱਚੋਂ ਦੋ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਪੁਲਿਸ ਦੀਆਂ ਤਿੰਨ ਗੱਡੀਆਂ ਨੂੰ ਵੀ ਮਾਮੂਲੀ ਨੁਕਸਾਨ ਪਹੁੰਚਿਆ ਪਰ ਕੋਈ ਪੁਲਿਸ ਅਧਿਕਾਰੀ ਜ਼ਖ਼ਮੀ ਨਹੀਂ ਹੋਇਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਇਲਾਕੇ ਦੀਆਂ ਕਈ ਸੜਕਾਂ ਬੰਦ ਕੀਤੀਆਂ ਗਈਆਂ ਹਨ ਤੇ ਮੋਟਰਿਸਟਾਂ ਨੂੰ ਬਦਲਵੇਂ ਰੂਟ ਅਪਨਾਉਣ ਲਈ ਆਖਿਆ ਜਾ ਰਿਹਾ ਹੈ।




## ਕੰਜ਼ਰਵੇਟਿਵ ਪਾਰਟੀ ਦੀ ਸਾਬਕਾ ਅੰਤਰਿਮ ਆਗੂ ਕੈਂਡਿਸ ਬਰਗਨ ਨੇ ਦਿੱਤਾ ਅਸਤੀਫਾ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਸਾਬਕਾ ਅੰਤਰਿਮ ਆਗੂ ਕੈਂਡਿਸ ਬਰਗਨ ਵੱਲੋਂ ਪਾਰਲੀਆਮੈਂਟ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ।



ਟਵਿੱਟਰ ਉੱਤੇ ਪੋਸਟ ਕੀਤੇ ਆਪਣੇ ਇਸ ਐਲਾਨ ਵਿੱਚ ਬਰਗਨ ਨੇ ਆਖਿਆ ਕਿ ਬੁੱਧਵਾਰ ਨੂੰ ਉਸ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਹੈ। ਐਮਪੀ ਵਜੋਂ 14 ਸਾਲ ਦਾ ਸਫਰ ਪੂਰਾ ਕਰਨ ਉੱਤੇ ਉਨ੍ਹਾਂ ਆਪਣੇ ਹਲਕਾ ਵਾਸੀਆਂ, ਕੁਲੀਗਜ਼ ਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਉਹ ਇਸ ਲਈ ਅਸਤੀਫਾ ਨਹੀਂ ਦੇ ਰਹੀ ਕਿ ਉਹ ਥੱਕ ਚੁੱਕੀ ਹੈ ਜਾਂ ਸਿਆ-ਸਤ ਤੋਂ ਉਸ ਦੀ ਬੱਸ ਹੋ ਗਈ ਹੈ ਸਗੋਂ ਉਹ ਇਸ ਤੋਂ ਉਲਟ ਖੁਦ ਨੂੰ ਕਾਫੀ ਆਸਵੰਦ ਤੇ ਊਰਜਾ ਭਰਪੂਰ ਮਹਿਸੂਸ ਕਰ ਰਹੀ ਹੈ।

ਬਰਗਨ ਨੇ ਆਖਿਆ ਕਿ ਉਹ ਪਿਏਰ ਪੌਲੀਏਵਰ ਦੀ ਯੋਗ ਅਗਵਾਈ ਵਿੱਚ ਸਾਂਝੀ ਕੰਜ਼ਰਵੇਟਿਵ ਪਾਰਟੀ ਦਾ ਭਵਿੱਖ ਕਾਫੀ ਉੱਜਲਾ ਮੰਨਦੀ ਹੈ। ਇਸ ਤੋਂ ਪਹਿਲਾਂ ਉਹ ਇਹ ਆਖ ਚੁੱਕੀ ਸੀ ਕਿ ਅਗਲੀਆਂ ਫੈਡਰਲ ਚੋਣਾਂ ਵਿੱਚ ਉਹ ਖੜ੍ਹੀ ਨਹੀਂ ਹੋਵੇਗੀ। ਉਹ 2008 ਤੋਂ ਮੈਨੀਟੋਬਾ ਦੇ ਹਲਕੇ ਪੋਰਟੇਜ-ਲਿਸਗਾਰ ਦੀ ਨੁਮਾਇੰਦਗੀ ਕਰ ਰਹੀ ਸੀ। ਫਰਵਰੀ 2022 ਵਿੱਚ ਬਰਗਨ ਨੂੰ ਕੰਜ਼ਰਵੇਟਿਵਾਂ ਦੇ ਅੰਤਰਿਮ ਆਗੂ ਦੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਿਆ। ਇਸ ਤੋਂ ਪਹਿਲਾਂ ਬਰਗਨ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਕੈਬਨਿਟ ਮੰਤਰੀ ਸੀ ਤੇ ਉਨ੍ਹਾਂ ਤਤਕਾਲੀ ਅੰਤਰਿਮ ਪਾਰਟੀ ਆਗੂ ਰੋਨਾ ਐਂਬਰੋਸ ਦੀ ਅਗਵਾਈ ਹੇਠ ਵਿਰੋਧੀ ਧਿਰ ਦੇ ਆਗੂ ਵਜੋਂ ਸੇਵਾ ਨਿਭਾਈ ਸੀ।

## ਜਗਮੀਤ ਸਿੰਘ ਵੱਲੋਂ ਹੈਲਥ ਕੇਅਰ ਦੇ ਨਿੱਜੀਕਰਣ ਬਾਰੇ ਐਮਰਜੈਂਸੀ ਬਹਿਸ ਕਰਵਾਉਣ ਦੀ ਮੰਗ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਬਤਿ ਦਿਨੀਂ ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਹ ਹਾਊਸ ਆਫ ਕਾਮਨਜ਼ ਤੋਂ ਮੰਗ ਕਰਦੇ ਹਨ ਕਿ ਹੈਲਥ ਕੇਅਰ ਦਾ ਨਿਜੀਕਰਣ ਕੀਤੇ ਜਾਣ ਦੇ ਮਾਮਲੇ ਉੱਤੇ ਐਮਰਜੰਸੀ ਬਹਿਸ ਕਰਵਾਈ ਜਾਵੇ।



ਛੁੱਟੀਆਂ ਤੋਂ ਬਾਅਦ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਪਰਤ ਰਹੇ ਪਾਰਲੀਆਮੈਂਟੇਰੀਅਨਜ਼ ਲਈ ਇਹ ਤਰਜੀਹੀ ਮੁੱਦਾ ਹੋਵੇਗਾ। ਆਪਣੀਆਂ ਛੁੱਟੀਆਂ ਦੌਰਾਨ ਜਗਮੀਤ ਸਿੰਘ ਨੇ ਬਹੁਤਾ ਸਮਾਂ ਐਮਰਜੰਸੀ ਰੂਮ ਵਿੱਚ ਲੋਕਾਂ ਦੀ ਵੱਧ ਰਹੀ ਭੀੜ ਤੇ ਵਰਕਰਾਂ ਦੀ ਘਾਟ ਦੇ ਮਾਮਲੇ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਗੱਲਬਾਤ ਤੇ ਮੀਟਿੰਗ ਕਰਨ ਵਿੱਚ ਬਿਤਾਇਆ। ਜਗਮੀਤ ਸਿੰਘ ਨੇ ਆਖਿਆ ਕਿ ਹੈਲਥ ਕੇਅਰ ਦਾ ਮਾਮਲਾ ਸਾਡੇ ਲਈ ਮੁੱਖ ਹੈ ਤੇ ਇੱਥੇ ਪਹਿਲਾਂ ਹੀ ਸਟਾਫ ਦੀ ਕਾਫੀ ਘਾਟ ਪਾਈ ਜਾ ਰਹੀ ਹੈ ਤੇ ਜੇ ਇਹ ਸਾਰਾ ਸਿਸਟਮ ਪ੍ਰਾਈਵੇਟ ਹੱਥਾਂ ਵਿੱਚ ਚਲਾ ਗਿਆ ਤਾਂ ਹਸਪਤਾਲ ਡਾਕਟਰਾਂ ਤੇ ਨਰਸਾਂ ਤੋਂ ਹੋਰ ਸੱਖਣੇ ਹੋ ਜਾਣਗੇ।

ਜ਼ਿਕਰਯੋਗ ਹੈ ਕਿ ਓਨਟਾਰੀਓ ਵਿੱਚ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਐਲਾਨ ਕੀਤਾ ਸੀ ਕਿ ਉਹ ਹਸਪਤਾਲਾਂ ਦਾ ਕੁੱਝ ਕੰਮਕਾਰ ਜਨਤਕ ਤੌਰ ਉੱਤੇ ਫੰਡ ਪ੍ਰਾਪਤ, ਪ੍ਰਾਈਵੇਟ ਫੈਸਿਲਿਟੀਜ਼ ਨੂੰ ਦੇਣਗੇ ਤਾਂ ਕਿ ਸਰਜਰੀਜ਼ ਲਈ ਉਡੀਕ ਸਮਾਂ ਘਟਾਇਆ ਜਾ ਸਕੇ।ਕੋਵਿਡ-19 ਮਹਾਂਮਾਰੀ ਦੌਰਾਨ ਸਿਹਤ ਸਿਸਟਮ ਉੱਤੇ ਕਾਫੀ ਨਕਾਰਾਤਮਕ ਅਸਰ ਪਿਆ। ਅਲਬਰਟਾ ਤੇ ਸਸਕੈਚਵਨ ਵਰਗੇ ਪ੍ਰੋਵਿੰਸਾਂ ਵੱਲੋਂ ਵੀ ਇਸ ਤਰ੍ਹਾਂ ਦੇ ਕਦਮ ਚੁੱਕੇ ਗਏ ਹਨ।

## ਸਿਰ ਵਿੱਚ ਗੋਲੀ ਲੱਗਣ ਕਾਰਨ ਮਹਿਲਾ ਜ਼ਖ਼ਮੀ

ਹਾਲਟਨ, 9 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਬਰਲਿੰਗਟਨ ਵਿੱਚ ਗੱਡੀ ਡਰਾਈਵ ਕਰ ਰਹੀ 20 ਸਾਲਾ ਮਹਿਲਾ ਦੇ ਸਿਰ ਵਿੱਚ ਗੋਲੀ ਮਾਰ ਦਿੱਤੇ ਜਾਣ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਹਾਲਟਨ ਰੀਜਨ ਦੀ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਲਈ ਵੀ ਆਖਿਆ ਜਾ ਰਿਹਾ ਹੈ।




ਪੁਲਿਸ ਨੇ ਦੱਸਿਆ ਕਿ ਮਹਿਲਾ ਐਪਲਬਾਇ ਲਾਈਨ ਤੇ ਕਿਊਈਡਬਲਿਊ ਨੇੜੇ ਸੈਂਚੁਰੀ ਡਰਾਈਵ ਉੱਤੇ ਸਥਿਤ ਦ ਪਲੇਅਗ੍ਰਾਊਂਡ ਜਿੰਮ ਪਾਰਕਿੰਗ ਲੌਟ ਵਿੱਚੋਂ ਆਪਣੀ ਗੱਡੀ ਵਿੱਚ ਬੈਠ ਕੇ ਨਿਕਲ ਰਹੀ ਸੀ ਜਦੋਂ ਉਸ ਦੀ ਗੱਡੀ ਉੱਤੇ ਕਈ ਗੋਲੀਆਂ ਚਲਾਈਆਂ ਗਈਆਂ ਤੇ ਇੱਕ ਗੋਲੀ ਉਸ ਦੇ ਸਿਰ ਵਿੱਚ ਆ ਲੱਗੀ। ਪੈਰਾਮੈਡਿਕਸ ਵੱਲੋਂ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ।

ਪੁਲਿਸ ਦਾ ਮੰਨਣਾ ਹੈ ਕਿ ਮਸ਼ਕੂਕ ਹਲਕੇ ਰੰਗ ਦੀ ਗੱਡੀ ਦੇ ਬਾਹਰ ਖੜ੍ਹਾ ਸੀ ਜਦੋਂ ਮਹਿਲਾ ਦੀ ਗੱਡੀ ਉੱਤੇ ਗੋਲੀਆਂ ਚਲਾਈਆਂ ਗਈਆਂ।ਮਸ਼ਕੂਕ ਸੈਂਚੁਰੀ ਡਰਾਈਵ ਦੇ ਉੱਤਰ ਤੋਂ ਸਾਊਥ ਸਰਵਿਸ ਰੋਡ ਵੱਲ ਫਰਾਰ ਹੋ ਗਿਆ।ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਕਿ ਮਹਿਲਾ ਤੇ ਉਸ ਦੀ ਗੱਡੀ ਨੂੰ ਨਿਸ਼ਾਨਾ ਕਿਉਂ ਬਣਾਇਆ ਗਿਆ।

## ਨਵੀਂ ਹੈਲਥ ਡੀਲ ਬਾਰੇ ਪ੍ਰੀਮੀਅਰਜ਼ ਦੀ ਰਾਇ ਪੁੱਛਣਗੇ ਡਕਲਸ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਜੀਨ ਯਵੇਸ ਡਕਲਸ ਵੱਲੋਂ ਅੱਜ ਪ੍ਰੋਵਿੰਸਾਂ ਨੂੰ ਲਿਖ ਕੇ ਇਹ ਪੁੱਛਿਆ ਜਾਵੇਗਾ ਕਿ ਕੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪੇਸ਼ ਕੀਤੀ ਗਈ ਨਵੀਂ ਹੈਲਥ ਕੇਅਰ ਫੰਡਿੰਗ ਡੀਲ ਉਨ੍ਹਾਂ ਨੂੰ ਮਨਜ਼ੂਰ ਹੈ?



ਇਸ ਦੌਰਾਨ ਡਕਲਸ ਤੇ ਮੈਂਟਲ ਹੈਲਥ ਐਂਡ ਐਡਿਕਸ਼ਨ ਮੰਤਰੀ ਕੈਰੋਲਿਨ ਬੈਨੇਟ ਵੱਲੋਂ ਪ੍ਰੋਵਿੰਸ਼ੀਅਲ ਸਿਹਤ ਮੰਤਰੀਆਂ ਤੋਂ ਇਸ ਮਾਮਲੇ ਵਿੱਚ ਉਨ੍ਹਾਂ ਦੀ ਸਥਿਤੀ ਸਪਸ਼ਟ ਕਰਨ ਲਈ ਆਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਤੇ ਪ੍ਰੀਮੀਅਰਜ਼ ਵੱਲੋਂ ਮੰਗਲਵਾਰ ਨੂੰ ਓਟਵਾ ਵਿੱਚ ਮੁਲਾਕਾਤ ਕੀਤੀ ਗਈ ਸੀ ਜਿੱਥੇ ਟਰੂਡੋ ਨੇ ਆਉਣ ਵਾਲੇ 10 ਸਾਲਾਂ ਵਿੱਚ ਪ੍ਰੋਵਿੰਸਾਂ ਨੂੰ 196 ਬਿਲੀਅਨ ਡਾਲਰ ਫੰਡਾਂ ਦੇ ਰੂਪ ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਸੀ।

ਪਰ ਇਹ ਪ੍ਰਸਤਾਵ ਪ੍ਰੋਵਿੰਸਾਂ ਵੱਲੋਂ ਕੀਤੀ ਗਈ ਮੰਗ ਤੋਂ ਕਾਫੀ ਘੱਟ ਹੈ। ਪ੍ਰੋਵਿੰਸ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਉਨ੍ਹਾਂ ਨੂੰ ਫੰਡਾਂ ਦੇ ਰੂਪ ਵਿੱਚ ਵੱਧ ਹਿੱਸੇਦਾਰੀ ਪਾਵੇ। ਬਹੁਤੇ ਪ੍ਰੀਮੀਅਰਜ਼ ਵੱਲੋਂ ਇਸ ਪੇਸ਼ਕਸ਼ ਉੱਤੇ ਨਿਰਾਸ਼ਾ ਪ੍ਰਗਟਾਈ ਗਈ ਪਰ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪ੍ਰੋਵਿੰਸ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲੈਣਗੇ ਕਿਉਂਕਿ ਉਹ ਨਵੇਂ ਪੈਸੇ ਨੂੰ ਇਨਕਾਰ ਨਹੀਂ ਕਰਨਾ ਚਾਹੁਣ-ਗੇ।ਮੈਨੀਟੋਬਾ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਨੇ ਦੱਸਿਆ ਕਿ ਅਗਲੇ ਕੁੱਝ ਦਿਨਾਂ ਵਿੱਚ ਪ੍ਰੀਮੀਅਰ ਆਪਣੇ ਪੱਧਰ ਉੱਤੇ ਮੁਲਾਕਾਤ ਕਰਕੇ ਇਸ ਮੁੱਦੇ ਉੱਤੇ ਵਿਚਾਰ ਕਰਨਗੇ।

## ਪੈਪਰ ਸਪਰੇਅ ਕਾਰਨ ਹਵਾ ਗੰਧਲਾ ਜਾਣ ਕਰਕੇ ਸਕੂਲ ਕਰਵਾਇਆ ਗਿਆ ਖਾਲੀ

ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਟੋਰਾਂਟੋ ਦੇ ਹਾਈ ਸਕੂਲ ਵਿੱਚ ਪੈਪਰ ਸਪਰੇਅ ਕਾਰਨ ਹਵਾ ਗੰਧਲਾ ਜਾਣ ਤੋਂ ਬਾਅਦ ਸਕੂਲ ਨੂੰ ਖਾਲੀ ਕਰਵਾ ਲਿਆ ਗਿਆ।



ਬਲੂਅਰ ਕਾਲਜੀਏਟ ਇੰਸਟੀਚਿਊਟ ਦੇ ਸੈਂਟਰਲ ਟੈਕਨੀਕਲ ਸਕੂਲ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਲਿਖੇ ਪੱਤਰ ਵਿੱਚ ਟੋਰਾਂਟੋ ਸਕੂਲ ਬੋਰਡ (ਟੀਡੀਐਸਬੀ) ਵੱਲੋਂ ਆਖਿਆ ਗਿਆ ਕਿ ਸਕੂਲ ਦੀ ਇਮਾਰਤ ਦੇ ਉੱਤਰ ਵੱਲ ਤੀਜੀ ਮੰਜ਼ਿਲ ਉੱਤੇ ਹਵਾ ਵਿੱਚ ਕਿਸੇ ਚੀਜ਼ ਦੇ ਮਿਲ ਜਾਣ ਕਾਰਨ ਕਈ ਵਿਦਿਆਰਥੀਆਂ ਨੂੰ ਖੰਘ ਆਉਣ ਲੱਗੀ ਤੇ ਕਈਆਂ ਦੀਆਂ ਅੱਖਾਂ ਵਿੱਚੋਂ ਪਾਣੀ ਨਿਕਲਣ ਲੱਗਿਆ। ਇਸ ਲਈ ਅਹਿਤਿਆਤਨ ਦੁਪਹਿਰੇ 1:30 ਵਜੇ ਇਸ ਇਮ-ਾਰਤ ਨੂੰ ਖਾਲੀ ਕਰਵਾ ਲਿਆ ਗਿਆ।

ਜ਼ਿਕਰਯੋਗ ਹੈ ਕਿ ਬਲੂਅਰ ਸੀਆਈ ਦੇ ਵਿਦਿਆਰਥੀਆਂ ਨੂੰ ਆਰਜ਼ੀ ਤੌਰ ਉੱਤੇ ਸੈਂਟਰਲ ਟੈਕਨੀਕਲ ਸਕੂਲ ਸ਼ਿਫਟ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਲਈ ਨਵੀਂ ਇਮਾਰਤ ਤਿਆਰ ਹੋ ਰਹੀ ਹੈ। ਸਕੂਲ ਨੇ ਦੱਸਿਆ ਕਿ ਹਵਾ ਦੇ ਮਿਆਰ ਵਿੱਚ ਸੁਧਾਰ ਹੋਣ ਤੋਂ ਬਾਅਦ ਹੀ ਵਿਦਿਆਰਥੀ ਦੁਪਹਿਰੇ 3:30 ਵਜੇ ਕਲਾਸਾਂ ਵਿੱਚ ਪਰਤੇ। ਟੀਡੀਐਸਬੀ ਨੇ ਦੱਸਿਆ ਕਿ ਜਾਂਚ ਤੋਂ ਇਹ ਸਾਹਮਣੇ ਆਇਆ ਹੈ ਕਿ ਕਿਸੇ ਨੇ ਇਸ ਏਰੀਆ ਵਿੱਚ ਪੈਪਰ ਸਪਰੇਅ ਕਰ ਦਿੱਤਾ ਸੀ ਜਿਸ ਕਾਰਨ ਇਹ ਸੱਭ ਵਾਪਰਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬੱਸ ਡੇਅਕੇਅਰ ਦੀ ਇਮਾਰਤ ਨਾਲ ਟਕਰਾਈ, 2 ਬੱਚਿਆਂ ਦੀ ਹੋਈ ਮੌਤ

ਮਾਂਟਰੀਅਲ, 9 ਫਰਵਰੀ (ਪੋਸਟ ਬਿਊਰੋ): ਬੁੱਧਵਾਰ ਸਵੇਰੇ ਮਾਂਟਰੀਅਲ ਦੇ ਉੱਤਰ ਵੱਲ ਸਥਿਤ ਇੱਕ ਡੇਅਕੇਅਰ ਦੀ ਇਮਾਰਤ ਵਿੱਚ ਸਿਟੀ ਬੱਸ ਟਕਰਾ ਜਾਣ ਕਾਰਨ ਦੋ ਬੱਚਿਆਂ ਦੀ ਮੌਤ ਹੋ ਗਈ। ਇਸ ਸਬੰਧ ਵਿੱਚ ਬੱਸ ਦੇ 51 ਸਾਲਾ ਡਰਾਈਵਰ ਨੂੰ ਕਤਲ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਇਸ ਹਾਦਸੇ ਨੂੰ ਜਾਣ ਬੁੱਝ ਕੇ ਅੰਜਾਮ ਦਿੱਤਾ ਗਿਆ ਲੱਗਦਾ ਹੈ।





ਸੋਸਾਇਟੀ ਡੀ ਟਰਾਂਸਪੋਰਟ ਡੀ ਲਵਾਲ (ਐਸਟੀਐਲ) ਬੱਸ ਦੇ ਡਰਾਈਵਰ ਦੀ ਪਛਾਣ ਪਿਏਰ ਨੀ ਸੇਂਟ-ਅਮਾਂਡ ਵਜੋਂ ਹੋਈ ਹੈ। ਉਸ ਨੂੰ ਮੌਕੇ ਉੱਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਇਸ ਸਮੇਂ ਕਤਲ ਦੀ ਕੋਸ਼ਿਸ਼ ਕਰਨ, ਗੁੱਸੇ ਵਿੱਚ ਆ ਕੇ ਹਮਲਾ ਕਰਨ ਤੇ ਸ਼ਰੀਰਕ ਨੁਕਸਾਨ ਪਹੁੰਚਾਉਣ ਲਈ ਹਮਲਾ ਕਰਨ ਵਰਗੇ ਨੌਂ ਚਾਰਜਿਜ਼ ਉਸ ਉੱਤੇ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਇੱਕ ਬੱਚੇ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਦੋਵਾਂ ਬੱਚਿਆਂ ਦੀ ਉਮਰ ਚਾਰ ਸਾਲ ਸੀ।

ਹੋਰਨਾਂ ਬੱਚਿਆਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।ਇਸ ਹਾਦਸੇ ਕਾਰਨ ਸ਼ੌਕ ਲੱਗਣ ਕਰਕੇ ਇੱਕ ਵਿਅਕਤੀ ਨੂੰ ਵੀ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 8:30 ਵਜੇ 911 ਉੱਤੇ ਇਸ ਹਾਦਸੇ ਦੇ ਸਬੰਧ ਵਿੱਚ ਕਾਲ ਆਈ। ਇਸ ਸਮੇਂ ਹੀ ਆਮ ਤੌਰ ਉੱਤੇ ਮਾਪੇ ਆਪਣੇ ਬੱਚਿਆਂ ਨੂੰ ਡੇਅਕੇਅਰ ਵਿੱਚ ਛੱਡਦੇ ਹਨ। ਇੱਕ ਚਸ਼ਮਦੀਦ ਮਾਰੀਓ ਸਿਰੌਇਸ ਨੇ ਦੱਸਿਆ ਕਿ ਉਹ ਗੁਆਂਢ ਵਿੱਚ ਹੀ ਰਹਿੰਦਾ ਹੈ ਤੇ ਸੱਭ ਤੋਂ ਪਹਿਲਾਂ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਉਸ ਨੇ ਮਸ਼ਕੂਕ ਨੂੰ ਭੱਜਣ ਤੋਂ ਰੋਕਣ ਵਿੱਚ ਮਦਦ ਕੀਤੀ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਜਾਣਬੁੱਝ ਕੇ ਕੀਤਾ ਗਿਆ। ਡਰਾਈਵਰ ਨੇ ਬੱਸ ਸਿੱਧਾ ਲਿਜਾ ਕੇ ਡੇਅਕੇਅਰ ਵਿੱਚ ਮਾਰੀ।

ਦੌਰਾਨ ਲਵਾਲ ਦੇ ਮੇਅਰ ਸਟੀਫਨ ਬੌਇਰ ਨੇ ਆਖਿਆ ਕਿ ਇਹ ਡਰਾਈਵਰ ਪਿਛਲੇ ਦਸ ਸਾਲਾਂ ਤੋਂ ਟਰਾਂਜ਼ਿਟ ਏਜੰਸੀ ਨਾਲ ਕੰਮ ਕਰ ਰਿਹਾ ਸੀ ਤੇ ਉਸ ਦਾ ਰਿਕਾਰਡ ਕਾਫੀ ਸਾਫ ਸੀ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਲਵਾਲ ਵਾਸੀਆਂ ਦੇ ਨਾਲ ਹਨ ਤੇ ਆਸ ਕਰਦੇ ਹਨ ਕਿ ਸੱਭ ਠੀਕ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਉਹ ਇਸ ਘਟਨਾ ਉੱਤੇ ਨਜ਼ਰ ਰੱਖ ਰਹੇ ਹਨ। ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਨੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਤੇ ਆਖਿਆ ਕਿ ਇਸ ਘਟਨਾ ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨ੍ਹਾਂ ਆਖਿਆ ਕਿ ਪਰਿਵਾਰਾਂ ਨੂੰ ਜਿਸ ਕਿਸਮ ਦੀ ਮਦਦ ਦੀ ਲੋੜ ਹੋਵੇਗੀ ਉਹ ਦੇਣਗੇ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



# ਨੈਸ਼ਨਲ ਹੈਲਥ ਡੀਲ ਨੂੰ ਲੈ ਕੇ ਸਾਰੇ ਪ੍ਰੀਮੀਅਰ ਆਸਵੰਦ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਅਗਲੇ ਹਫਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਹੀ ਪ੍ਰੀਮੀਅਰਜ਼ ਨੂੰ ਫੈਡਰਲ ਸਰਕਾਰ ਨਾਲ ਹੈਲਥ ਫੰਡਿੰਗ ਸਬੰਧੀ ਡੀਲ ਸਿਰੇ ਚੜ੍ਹਨ ਦੀ ਆਸ ਹੈ।

ਬੁੱਧਵਾਰ ਨੂੰ ਓਟਵਾ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਫੈਡਰਲ ਸਰਕਾਰ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਹੈਲਥ ਟਰਾਂਸਫਰ ਸਮਝੌਤੇ ਦੇ ਵੇਰਵੇ ਮੁਹੱਈਆ ਕਰਾਵੇਗੀ ਤੇ ਇਸ ਤੋਂ ਬਾਅਦ ਕੌਮੀ ਪੱਧਰ ਦੀ ਡੀਲ ਸਿਰੇ ਚੜ੍ਹ ਜਾਵੇਗੀ। ਪਰ ਉਨ੍ਹਾਂ ਆਖਿਆ ਕਿ ਬੀਸੀ ਦੇ ਸਬੰਧ ਵਿੱਚ ਉਹ ਹੋਰ ਗੱਲਬਾਤ ਕਰਨ ਲਈ ਵੀ ਤਿਆਰ ਹਨ। ਇਹ ਗੱਲਬਾਤ ਮੈਂਟਲ ਹੈਲਥ, ਅਡਿਕਸ਼ਨ ਟਰੀਟਮੈਂਟ ਪ੍ਰੋਗਰਾਮ, ਫੈਮਿਲੀ ਡਾਕਟਰਾਂ ਦੀ ਗਿਣਤੀ ਵਧਾਉਣ ਤੇ ਹੋਮ ਕੇਅਰ ਦੇ ਪਸਾਰ ਆਦਿ ਬਾਰੇ ਹੋ ਸਕਦੀ ਹੈ।



ਇਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਅਗਲੇ ਮੰਗਲਵਾਰ ਪ੍ਰਧਾਨ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਤੋਂ ਬਾਅਦ ਪ੍ਰੋਵਿੰਸਿਜ਼, ਫੈਡਰਲ ਸਰਕਾਰ ਨਾਲ ਹੈਲਥ ਕੇਅਰ ਡੀਲ ਸਿਰੇ ਚੜ੍ਹਾਉਣ ਵਿੱਚ ਕਾਮਯਾਬ ਹੋਣਗੇ। ਪਿਛਲੇ ਮਹੀਨੇ ਫੋਰਡ ਨੇ ਆਖਿਆ ਸੀ ਕਿ ਪ੍ਰੋਵਿੰਸਿਜ਼ ਫੈਡਰਲ ਸਰਕਾਰ ਨਾਲ ਵੱਖਰੇ ਤੌਰ ਉੱਤੇ ਡੀਲਜ਼ ਨਹੀਂ ਕਰਨਗੀਆਂ। ਇਸ ਦੇ ਨਾਲ ਹੀ ਦੇਸ਼ ਭਰ ਦੇ ਪ੍ਰੀਮੀਅਰਜ਼ ਤੇ ਸਿਹਤ ਮੰਤਰੀਆਂ ਵੱਲੋਂ ਫੈਡਰਲ ਸਰਕਾਰ ਤੋਂ ਹੈਲਥ ਕੇਅਰ ਫੰਡ 22 ਫੀ ਸਦੀ ਦੀ ਥਾਂ 35 ਫੀ ਸਦੀ ਕਰਨ ਦੀ ਮੰਗ ਕੀਤੀ ਗਈ ਸੀ।

# ਸਾਰੇ ਬੀਐਲਐਸ ਸੈਂਟਰਾਂ ਉੱਤੇ ਵਾਕ-ਇਨ ਸਰਵਿਸਿਜ਼ ਦੀ ਹੋਈ ਸ਼ੁਰੂਆਤ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਬਿਹਤਰ ਵੀਜ਼ਾ ਤੇ ਕਾਊਂਸਲਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੈਨੇਡਾ ਵਿੱਚ ਪਹਿਲੀ ਫਰਵਰੀ, 2023 ਤੋਂ ਸਾਰੇ ਬੀਐਲਐਸ ਸੈਂਟਰਾਂ ਉੱਤੇ ਵਾਕ-ਇਨ ਸਰਵਿਸਿਜ਼ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

ਜਿਨ੍ਹਾਂ ਬਿਨੈਕਾਰਾਂ ਨੂੰ ਵੀਜ਼ਾ, ਓਸੀਆਈ, ਪਾਸਪੋਰਟ ਜਾਂ ਹੋਰ ਕਾਊਂਸਲਰ ਸੇਵਾਵਾਂ ਚਾਹੀਦੀਆਂ ਹੋਣਗੀਆਂ ਉਹ ਪਹਿਲਾਂ ਤੋਂ ਲਈ ਜਾਣ ਵਾਲੀ ਅਪੁਆਇੰਟਮੈਂਟ ਤੋਂ ਬਿਨਾਂ ਬੀਐਲਐਸ ਸੈਂਟਰਾਂ ਉੱਤੇ ਖੁਦ ਜਾ ਕੇ ਵਾਕ-ਇਨ ਮੋਡ ਦੀ ਵਰਤੋਂ ਕਰਦੇ ਹੋਏ ਆਪਣੀਆਂ ਅਰਜ਼ੀਆਂ ਤੇ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਸਕਦੇ ਹਨ। ਵਾਕ-ਇਨ ਸਰਵਿਸਿਜ਼ ਅਪੁਆਇੰਟਮੈਂਟ ਤੇ ਡਾਕ ਸੇਵਾ ਤੋਂ ਇਲਾਵਾ ਵੱਖਰੇ ਤੌਰ ਉੱਤੇ ਸ਼ੁਰੂ ਕੀਤੀ ਗਈ ਹੈ ਤੇ ਇਹ ਅੱਗੇ ਵੀ ਜਾਰੀ ਰਹੇਗੀ। ਹਰੇਕ ਸੈਂਟਰ ਉੱਤੇ ਉਪਲਬਧ ਸਰੋਤਾਂ ਤੇ ਰੋਜ਼ਾਨਾ ਬੁੱਕ ਹੋਣ ਵਾਲੀਆਂ ਅਪੁਆਇੰਟਮੈਂਟਸ ਉੱਤੇ ਹੀ ਨਿਰਭਰ ਕਰੇਗਾ ਕਿ ਰੋਜ਼ਾਨਾ ਸਵੇਰੇ 8:00 ਵਜੇ ਤੋਂ 1:00 ਵਜੇ ਤੱਕ ਅਜਿਹੇ ਕਿੰਨੇ ਬਿਨੈਕਾਰ ਅਜਿਹੀਆਂ ਵਾਕ-ਇਨ ਸਰਵਿਸਿਜ਼ ਦਾ ਲਾਹਾ ਲੈ ਸਕਣਗੇ। ਅਜਿਹੇ ਵਾਕ-ਇਨ ਬਿਨੈਕਾਰਾਂ ਦੀ ਗਿਣਤੀ ਸੀਮਤ ਹੋਵੇਗੀ।

ਬੀਐਲਐਸ ਸੈਂਟਰਾਂ ਵੱਲੋਂ ਅਜਿਹੇ ਵਾਕ-ਇਨ ਬਿਨੈਕਾਰਾਂ ਨੂੰ ਟੋਕਣ ਜਾਰੀ ਕੀਤੇ ਜਾਣਗੇ ਤੇ ਉਨ੍ਹਾਂ ਦੇ ਸੈਂਟਰ ਉੱਤੇ ਪਹੁੰਚਣ ਤੋਂ 30 ਮਿੰਟ ਦੇ ਅੰਦਰ ਅੰਦਰ



ਉਸੇ ਦਿਨ ਉਨ੍ਹਾਂ ਨੂੰ ਸੇਵਾਵਾਂ ਦਿੱਤੀਆਂ ਜਾਣਗੀਆਂ। ਇਹ ਵੀ ਧਿਆਨ ਦਿੱਤਾ ਜਾਵੇ ਕਿ ਜੇ ਤੁਹਾਡੇ ਸੈਂਟਰ ਉੱਤੇ ਪਹੁੰਚਣ ਦੇ 30 ਮਿੰਟ ਦੇ ਅੰਦਰ ਅੰਦਰ ਤੁਹਾਨੂੰ ਟੋਕਣ ਜਾਰੀ ਨਹੀਂ ਕੀਤਾ ਜਾਂਦਾ ਤਾਂ ਤੁਸੀਂ ਕਿਸੇ ਹੋਰ ਤਰੀਕ ਉੱਤੇ ਆ ਕੇ ਕੰਮ ਕਰਵਾਉਣ ਦਾ ਬਦਲ ਚੁਣ ਸਕਦੇ ਹੋਂ ਤੇ ਜਾਂ ਆਪਣੀ ਅਰਜ਼ੀ ਤੇ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਬਦਲਵਾਂ ਤਰੀਕਾ ਵੀ ਚੁਣ ਸਕਦੇ ਹੋਂ। ਸਾਰੇ ਬਿਨੈਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਹਰ ਪੱਖੋਂ ਮੁਕੰਮਲ ਅਰਜ਼ੀਆਂ ਨੂੰ ਹੀ ਬੀਐਲਐਸ ਸੈਂਟਰਾਂ ਉੱਤੇ ਸਵੀਕਾਰ ਕੀਤਾ ਜਾਵੇਗਾ।

ਜਿਨ੍ਹਾਂ ਨੇ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ ਲਈ ਪਹਿਲਾਂ ਤੋਂ ਹੀ ਅਪੁਆਇੰਟਮੈਂਟ ਬੁੱਕ ਕਰਵਾਈ ਹੋਈ ਹੈ ਪਰ ਹੁਣ ਉਹ ਵਾਕ-ਇਨ ਫੈਸਿਲਿਟੀ ਦੀ ਵਰਤੋਂ ਕਰਨੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਅਰਜ਼ੀ ਸਵੀਕਾਰੇ ਜਾਣ ਤੋਂ ਬਾਅਦ ਆਪਣੀ ਪਹਿਲਾਂ ਵਾਲੀ ਅਪੁਆਇੰਟਮੈਂਟ ਕੈਂਸਲ ਕਰਵਾ ਦੇਣ ਤਾਂ ਕਿ ਕਾਊਂਸਲਰ ਸਰਵਿਸਿਜ਼ ਹਾਸਲ ਕਰਨ ਦੇ ਕਿਸੇ ਹੋਰ ਚਾਹਵਾਨ ਨੂੰ ਉਹ ਅਪੁਆਇੰਟਮੈਂਟ ਮੁਹੱਈਆ ਕਰਵਾਈ ਜਾ ਸਕੇ।

## ਗੰਨ ਦੀ ਨੋਕ ਉੱਤੇ ਕਾਰਜੈਕ ਕਰਨ ਵਾਲੇ ਦੋ ਗ੍ਰਿਫਤਾਰ

ਮਿਸੀਸਾਗਾ, 9 ਫਰਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਮਿਸੀਸਾਗਾ ਵਿੱਚ ਇੱਕ ਲਗਜ਼ਰੀ ਗੱਡੀ ਨੂੰ ਹਥਿਆਰਾਂ ਦੀ ਨੋਕ ਉੱਤੇ ਖੋਹ ਲੈਣ ਵਾਲੇ 21 ਤੇ 19 ਸਾਲਾਂ ਦੇ ਦੋ ਮਸ਼ਕੂਕਾਂ ਨੂੰ ਪੀਲ ਰੀਜਨਲ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਰਾਤੀਂ 8:30 ਵਜੇ ਤੋਂ ਠੀਕ ਬਾਅਦ ਇੱਕ ਵਿਅਕਤੀ ਆਪਣੀ ਲਗਜ਼ਰੀ ਗੱਡੀ ਵਿੱਚ ਹੁਰੋਨਤਾਰੀਓ ਸਟਰੀਟ ਤੇ ਸਕੁਏਅਰ ਵੰਨ ਡਰਾਈਵ ਇਲਾਕੇ ਵਿੱਚ ਪਹਿਲਾਂ ਤੋਂ ਹੀ ਤੈਅਸ਼ੁਦਾ ਬਿਜ਼ਨਸ ਮੀਟਿੰਗ ਲਈ ਜਾ ਰਿਹਾ ਸੀ। ਪੁਲਿਸ ਨੇ ਆਖਿਆ ਕਿ ਐਨੇ ਨੂੰ ਤਿੰਨ ਮਸ਼ਕੂਕ ਗੱਡੀ ਕੋਲ ਪਹੁੰਚੇ ਤੇ ਉਨ੍ਹਾਂ ਉਸ ਵਿਅਕਤੀ ਨਾਲ ਥੋੜ੍ਹੀ ਦੇਰ ਗੱਲਬਾਤ ਕੀਤੀ। ਉਸ ਸਮੇਂ ਤੱਕ ਉਹ ਵਿਅਕਤੀ ਆਪਣੀ ਗੱਡੀ ਵਿੱਚ ਹੀ ਮੌਜੂਦ ਸੀ। ਫਿਰ ਮਸ਼ਕੂਕਾਂ ਨੇ ਗੰਨ ਦੀ ਨੋਕ ਉੱਤੇ ਗੱਡੀ ਖੋਹ ਲਈ। ਤਿੰਨਾਂ ਮਸ਼ਕੂਕਾਂ ਨੇ ਉਸ ਵਿਅਕਤੀ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ ਤੇ ਉਸ ਦੀ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਚਲੇ ਗਏ। ਪੁਲਿਸ ਨੇ ਦੱਸਿਆ ਕਿ ਮਸ਼ਕੂਕਾਂ ਵੱਲੋਂ ਗੱਡੀ ਦੇ ਮਾਲਕ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕਾਰਜੈਕ ਕੀਤੀ ਗਈ ਇਹ ਗੱਡੀ ਟੋਰਾਂਟੋ ਵਿੱਚ ਫਿੰਚ ਐਵਨਿਊ ਤੇ ਹਾਈਵੇਅ 400 ਨੇੜੇ ਮਿਲ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਯੌਰਕ ਰੀਜਨਲ ਪੁਲਿਸ ਤੇ ਟੋਰਾਂਟੋ ਪੁਲਿਸ ਸਰਵਿਸ ਦੀ ਮਦਦ ਨਾਲ ਗੱਡੀ ਨੂੰ ਰੋਕਿਆ ਗਿਆ ਤੇ ਪੁਲਿਸ ਨੇ ਤਿੰਨਾਂ ਵਿੱਚੋਂ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ। ਤੀਜਾ ਮਸ਼ਕੂਕ ਅਜੇ ਵੀ ਫਰਾਰ ਹੈ। ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮਸ਼ਕੂਕਾਂ ਕੋਲੋਂ ਦੋ ਭਰੀਆਂ ਹੋਈਆਂ ਗੰਨਜ਼, 9 ਐਮਐਮ ਦੀ ਗੰਨ ਜਿਸਦੇ ਮੈਗਜ਼ੀਨ ਵਿੱਚ ਸੋਧ ਕੀਤੀ ਗਈ ਸੀ, ਦੇ ਨਾਲ ਕਈ ਹੋਰ ਹਥਿਆਰ ਵੀ ਬਰਾਮਦ ਹੋਏ ਹਨ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ 30 ਰੌਂਦਾ ਵਾਲਾ ਇੱਕ ਹੋਰ ਮੈਗਜ਼ੀਨ ਵੀ ਮਿਲਿਆ ਹੈ।

# ਹਥਿਆਰਬੰਦ ਕਾਰਜੈਕਿੰਗ ਦੀ ਕੋਸ਼ਿਸ਼ ਕਰਨ ਵਾਲੇ 3 ਲੜਕੇ ਗ੍ਰਿਫਤਾਰ

ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਰੈਕਸਡੇਲ ਵਿੱਚ ਗੰਨ ਵਿਖਾ ਕੇ ਕਾਰਜੈਕ ਕਰਨ ਦੇ ਮਾਮਲੇ ਵਿੱਚ ਜੀਟੀਏ ਦੇ ਤਿੰਨ 15 ਸਾਲਾ ਲੜਕਿਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਐਤਵਾਰ ਨੂੰ ਤੜਕੇ 3:30 ਵਜੇ ਤੋਂ ਪਹਿਲਾਂ ਟੋਰਾਂਟੋ ਪੁਲਿਸ ਅਧਿਕਾਰੀਆਂ ਨੂੰ ਰੈਕਸਡੇਲ ਬੁਲੇਵਾਰਡ ਤੇ ਹੰਬਰਵੁੱਡ ਬੁਲੇਵਾਰਡ ਏਰੀਆ ਵਿੱਚ ਹਥਿਆਰਬੰਦ ਡਾਕੇ ਦੀ ਖਬਰ ਮਿਲੀ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਅਜੇ ਆਪਣੀ ਕਾਰ ਵਿੱਚ ਬੈਠਿਆ ਹੀ ਸੀ ਕਿ ਤਿੰਨ ਲੜਕੇ ਉਸ ਕੋਲ ਪਹੁੰਚੇ। ਉਨ੍ਹਾਂ ਨੇ ਮਾਸਕ ਪਾਏ ਹੋਏ ਸਨ। ਇੱਕ ਲੜਕੇ ਨੇ ਹੈਂਡਗੰਨ ਵਿਖਾ ਕੇ ਉਸ ਵਿਅਕਤੀ ਕੋਲੋਂ ਕਾਰ ਦੀਆਂ ਚਾਬੀਆਂ ਤੇ ਉਸ ਕੋਲ ਜੋ ਵੀ ਸਮਾਨ ਸੀ, ਉਹ ਦੇਣ ਦੀ ਮੰਗ ਕੀਤੀ। ਫਿਰ ਇਨ੍ਹਾਂ ਲੜਕਿਆਂ ਨੇ ਉਸ ਵਿਅਕਤੀ ਨੂੰ ਧੱਕੇ ਨਾਲ ਗੱਡੀ ਵਿੱਚੋਂ ਬਾਹਰ ਕੱਢ ਦਿੱਤਾ ਤੇ ਉਸ ਦੇ ਸਿਰ ਉੱਤੇ ਹੈਂਡਗੰਨ ਤਾਣ ਦਿੱਤੀ। ਤਿੰਨੇ ਮਸ਼ਕੂਕ ਕੁੱਝ ਨਕਦੀ ਤੇ ਲਾਟਰੀ ਦੀਆਂ ਟਿਕਟਾਂ ਖੋਹਣ ਵਿੱਚ ਕਾਮਯਾਬ ਹੋਏ ਪਰ ਉਹ ਗੱਡੀ ਦੀਆਂ ਚਾਬੀਆਂ ਹਾਸਲ ਨਹੀਂ ਕਰ ਸਕੇ ਤੇ ਮੌਕੇ ਤੋਂ ਪੈਦਲ ਹੀ ਫਰਾਰ ਹੋ ਗਏ। ਪੁਲਿਸ ਅਧਿਕਾਰੀਆਂ ਨੇ ਇਲਾਕੇ ਦੀ ਛਾਣਬੀਣ ਤੋਂ ਬਾਅਦ ਲੜਕਿਆਂ ਨੂੰ ਲੱਭ ਲਿਆ ਤੇ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਬਰੈਂਪਟਨ ਦੇ ਇੱਕ 15 ਸਾਲਾ ਲੜਕੇ ਤੇ ਮਿਸੀਸਾਗਾ ਦੇ ਦੋ 15 ਸਾਲਾ ਲੜਕਿਆਂ ਨੂੰ ਹਥਿਆਰਬੰਦ ਡਾਕਾ ਮਾਰਨ ਤੇ ਜੁਰਮ ਲਈ ਸਾਜਿਸ਼ ਰਚਣ ਵਾਸਤੇ ਚਾਰਜ ਕੀਤਾ ਗਿਆ ਹੈ।

# ਪਾਇਲਟਾਂ ਦੀ ਘਾਟ ਕਾਰਨ ਕੈਨੇਡਾ ਵਿੱਚ ਏਅਰ ਟਰੈਵਲ ਹੋਇਆ ਹੋਰ ਵੀ ਮੁਸ਼ਕਿਲ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਮਹਾਂਮਾਰੀ ਕਾਰਨ ਟਰੈਵਲ ਸਬੰਧੀ ਲੱਗੀਆਂ ਪਾਬੰਦੀਆਂ ਹੋਣ ਜਾਂ ਖਰਾਬ ਮੌਸਮ ਕਾਰਨ ਹੋਣ ਵਾਲੀ ਗੜਬੜੀ ਕੈਨੇਡਾ ਦੀ ਟਰੈਵਲ ਹਿਸਟਰੀ ਵਿੱਚ ਕਈ ਉਤਰਾਅ ਚੜ੍ਹਾਅ ਦਰਜ ਕੀਤੇ ਗਏ ਹਨ। ਹੁਣ ਜਦੋਂ ਮਹਾਂਮਾਰੀ ਇੱਕ ਵਾਰੀ ਖ਼ਤਮ ਹੋ ਚੁੱਕੀ ਹੈ ਤਾਂ ਅਜਿਹੇ ਵਿੱਚ ਟਰੈਵਲ ਦੀ ਮੰਗ ਵੀ ਵੱਧ ਗਈ ਹੈ। ਪਰ ਹੁਣ ਯੋਗ ਪਾਇਲਟਾਂ ਦੀ ਘਾਟ ਦਾ ਮੁੱਦਾ ਮੂੰਹ ਅੱਡੀ ਖੜ੍ਹਾ ਹੈ।



ਟੋਰਾਂਟੋ ਪੋਰਟ ਕੈਨੇਡਾ ਅਨੁਸਾਰ ਮਹਾਂਮਾਰੀ ਤੋਂ ਪਹਿਲਾਂ ਵਾਲੇ ਸਾਲ ਵਿੱਚ ਅੰਦਾਜ਼ਨ 1100 ਪਾਇਲਟ ਲਾਇਸੰਸ ਜਾਰੀ ਕੀਤੇ ਗਏ। ਇਨ੍ਹਾਂ ਦੇ ਨਾਲ ਵਿਦੇਸ਼ਾਂ ਤੋਂ ਸਿਖਲਾਈ ਪ੍ਰਾਪਤ ਪਾਇਲਟਾਂ ਦੇ ਜੁੜ ਜਾਣ ਨਾਲ ਵੈਸਟਜੈਟ ਤੇ ਏਅਰ ਕੈਨੇਡਾ ਸਮੇਤ ਇਹ ਕੈਰੀਅਰਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਸਨ। ਪਰ 2020 ਵਿੱਚ ਉਡਾਨਾਂ ਦੀ ਮੰਗ ਘਟਣ ਨਾਲ ਹੀ ਨਵੇਂ ਪਾਇਲਟਾਂ ਦੀ ਗਿਣਤੀ ਵੀ ਘੱਟ ਗਈ। ਸਰਕਾਰੀ ਅੰਕੜਿਆਂ ਅਨੁਸਾਰ 2020 ਵਿੱਚ 500 ਤੋਂ ਵੀ ਘੱਟ ਲਾਇਸੰਸ ਜਾਰੀ ਕੀਤੇ ਗਏ। 2021 ਵਿੱਚ 300 ਲਾਇਸੰਸ ਤੇ ਪਿਛਲੇ ਸਾਲ 238 ਲਾਇਸੰਸ ਜਾਰੀ ਕੀਤੇ ਗਏ।

ਵਿਭਾਗ ਨੇ ਦੱਸਿਆ ਕਿ ਏਅਰਲਾਈਨ ਸੈਕਟਰ ਵਿੱਚ ਲੇਬਰ ਦੀ ਘਾਟ ਦਾ ਮੁੱਦਾ ਮੁੱਖ ਤੌਰ ਉੱਤੇ ਛਾਇਆ ਹੋਇਆ ਹੈ ਤੇ ਨਿਯਮਾਂ ਵਿੱਚ ਕਿਸੇ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਪਰ ਏਜੰਸੀ ਦਾ ਕਹਿਣਾ ਹੈ ਕਿ ਕੈਨੇਡੀਅਨ ਫਲਾਈਟ ਟਰੇਨਿੰਗ ਇੰਡਸਟਰੀ ਵਿੱਚ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਇਸ ਇੰਡਸਟਰੀ ਵਿੱਚ ਆਉਣ ਵਾਲੀਆਂ ਤਬਦੀਲੀਆਂ ਨਾਲ ਨੇੜ ਭਵਿੱਖ ਵਿੱਚ ਸ਼ਾਇਦ ਹੀ ਕੋਈ ਮਦਦ ਮਿਲ ਸਕੇ। ਟਰੈਵਲਰਜ਼ ਨੂੰ ਵੀ ਇੰਡਸਟਰੀ ਵਿੱਚ ਲੇਬਰ ਦੀ ਇਸ ਘਾਟ ਦਾ ਸਵਾਦ ਵੇਖਣਾ ਪੈ ਰਿਹਾ ਹੈ।

ਇਸ ਦੌਰਾਨ ਤਜਰਬੇਕਾਰ ਪਾਇਲਟਾਂ ਦੀਆਂ ਤਨਖਾਹਾਂ ਵੀ ਤੇਜ਼ੀ ਨਾਲ ਵਧੀਆਂ ਹਨ। ਵੱਡੀਆਂ ਏਅਰਲਾਈਨਜ਼ ਵੱਲੋਂ ਇਸ ਗੱਲ ਦਾ ਲਾਹਾ ਲਿਆ ਜਾ ਰਿਹਾ ਹੈ। ਪਾਇਲਟ ਵੀ ਆਪਣੀ ਪਸੰਦ ਮੁਤਾਬਕ ਏਅਰਲਾਈਨ ਦੀ ਚੋਣ ਕਰ ਰਹੇ ਹਨ। ਇਸ ਨਾਲ ਹੋਰਨਾਂ ਥਾਂਵਾਂ ਉੱਤੇ ਲੇਬਰ ਦੀ ਘਾਟ ਵੀ ਮਹਿਸੂਸ ਹੋ ਰਹੀ ਹੈ। ਏਅਰ ਟਰਾਂਸਪੋਰਟ ਐਸੋਸਿਏਸ਼ਨ ਆਫ ਕੈਨੇਡਾ ਦੇ ਹੈੱਡ ਦਾ ਕਹਿਣਾ ਹੈ ਕਿ ਇਹ ਦਿੱਕਤ ਤਾਂ ਕਈ ਸਾਲਾਂ ਤੋਂ ਚੱਲ ਰਹੀ ਹੈ ਤੇ ਇਹ ਮਹਾਂਮਾਰੀ ਤੋਂ ਪਹਿਲਾਂ ਤੋਂ ਹੈ।

# ਹੈਰਾਨ ਕਰਨ ਵਾਲੇ ਹਨ ਕੁਆਰਨਟੀਨ ਹੋਟਲਾਂ ਉੱਤੇ ਫੈਡਰਲ ਸਰਕਾਰ ਵੱਲੋਂ ਕੀਤੇ ਗਏ ਖਰਚੇ : ਗਾਰਨਰ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਐਮਪੀ ਮਿਸ਼ੇਲ ਰੈਂਪਲ ਗਾਰਨਰ ਨੇ ਆਖਿਆ ਕਿ ਤਥਾ ਕਥਿਤ ਕੋਵਿਡ-19 ਕੁਆਰਨਟੀਨ ਹੋਟਲਾਂ ਉੱਤੇ ਫੈਡਰਲ ਸਰਕਾਰ ਵੱਲੋਂ ਕੀਤੇ ਗਏ ਖਰਚੇ ਚਿੰਤਾ ਦਾ ਵਿਸ਼ਾ ਹਨ। ਗਾਰਨਰ ਨੇ ਆਖਿਆ ਕਿ 2022 ਵਿੱਚ ਕੈਲਗਰੀ ਦੇ ਹੋਟਲ ਵਿੱਚ ਕੀਤਾ ਗਿਆ ਇਸ ਤਰ੍ਹਾਂ ਦਾ ਖਰਚਾ ਹੈਰਾਨ ਕਰਨ ਵਾਲਾ ਹੈ।

ਨਵੰਬਰ ਵਿੱਚ ਵਿੱਤੀ ਵਰ੍ਹੇ 2022 ਲਈ ਰੈਂਪਲ ਵੱਲੋਂ ਇੱਕ ਸਵਾਲ ਸਰਕਾਰ ਤੋਂ ਪੁੱਛਿਆ ਗਿਆ ਸੀ ਤੇ ਇਸ ਦੇ ਜਵਾਬ ਵਿੱਚ ਪਤਾ ਲੱਗਿਆ ਕਿ ਵੈਸਟਿਨ ਕੈਲਗਰੀ ਏਅਰਪੋਰਟ ਹੋਟਲ ਨੂੰ ਕੁਆਰਨਟੀਨ ਫੈਸਿਲਿਟੀ ਵਜੋਂ ਵਰਤਣ ਲਈ ਫੈਡਰਲ ਸਰਕਾਰ ਵੱਲੋਂ 6,790,717.46 ਡਾਲਰ ਖਰਚ ਕੀਤੇ ਗਏ। 2022 ਵਿੱਚ ਇਸੇ ਹੋਟਲ ਵਿੱਚ 15 ਲੋਕਾਂ ਨੂੰ ਕੁਆਰਨਟੀਨ ਕੀਤਾ ਗਿਆ ਤੇ ਪ੍ਰਤੀ ਵਿਅਕਤੀ ਖਰਚਾ 452,714.50 ਡਾਲਰ ਪਿਆ।

ਗਾਰਨਰ ਨੇ ਆਖਿਆ ਕਿ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਬਰਬਾਦੀ ਹਮੇਸ਼ਾਂ ਹੀ ਵੱਡੀ ਦਿੱਕਤ ਰਹੀ ਹੈ। ਪਰ ਮਹਿੰਗਾਈ ਦੇ ਇਸ ਦੌਰ ਵਿੱਚ ਇਸ ਤਰ੍ਹਾਂ ਦੀ ਬਰਬਾਦੀ ਸਹੀ ਨਹੀਂ ਤੇ ਅਜਿਹਾ ਵੀ ਨਹੀਂ ਲੱਗਦਾ ਕਿ ਇਸ ਉੱਤੇ ਲਗਾਮ



ਲਾਉਣ ਲਈ ਟਰੂਡੋ ਦੀ ਕੋਈ ਇੱਛਾ ਹੈ। ਰੈਂਪਲ ਨੇ ਦੱਸਿਆ ਕਿ ਵੈਸਟਿਨ ਕੈਲਗਰੀ ਏਅਰਪੋਰਟ ਹੋਟਲ 22 ਜੂਨ, 2020 ਤੋਂ 30 ਅਕਤੂਬਰ, 2022 ਤੱਕ ਕੁਆਰਨਟੀਨ ਫੈਸਿਲਿਟੀ ਰਿਹਾ। ਇਹ ਜਾਣਕਾਰੀ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਵੱਲੋਂ ਦਿੱਤੀ ਗਈ।

ਢਾਈ ਸਾਲ ਦੇ ਅਰਸੇ ਵਿੱਚ ਹੋਟਲ ਵਿੱਚ 1490 ਲੋਕਾਂ ਨੂੰ ਕੁਆਰਨਟੀਨ ਕੀਤਾ ਗਿਆ ਤੇ ਇਸ ਬਦਲੇ 18,000 ਡਾਲਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਹੋਟਲ ਨੇ 27 ਮਿਲੀਅਨ ਡਾਲਰ ਦੇ ਨੇੜੇ ਤੇੜੇ ਕਮਾਈ ਕੀਤੀ। ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਸਰਕਾਰ ਦੀ ਹੋਟਲ ਕੁਆਰਨਟੀਨ ਕੀਤੇ ਜਾਣ ਦੀ ਸ਼ਰਤ ਅਗਸਤ 2021 ਵਿੱਚ ਖ਼ਤਮ ਹੋ ਗਈ। ਪਰ ਇਨ੍ਹਾਂ ਹੋਟਲਾਂ ਨਾਲ ਕੀਤੇ ਗਏ ਕਾਂਟਰੈਕਟ ਫਿਰ ਵੀ ਜਾਰੀ ਰਹੇ ਤੇ ਸਰਕਾਰ ਨੇ ਇਸ ਖਰਚੇ ਉੱਤੇ ਰੋਕ ਲਾਉਣ ਲਈ ਕੁੱਝ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਹੁਣ ਜਦੋਂ ਅਸੀਂ ਇਸ ਤਰ੍ਹਾਂ ਦੇ ਖਰਚਿਆਂ ਕਾਰਨ ਲੋੜੋਂ ਵੱਧ ਮਹਿੰਗਾਈ ਵਿੱਚੋਂ ਲੰਘ ਰਹੇ ਹਾਂ ਤਾਂ ਇਸ ਨਾਲ ਕਈ ਤਰ੍ਹਾਂ ਦੇ ਸਵਾਲ ਉੱਠਦੇ ਹਨ ਕਿ ਇਸ ਤੋਂ ਇਲਾਵਾ ਸਰਕਾਰ ਵੱਲੋਂ ਅਜਿਹੇ ਕਿੰਨੇ ਕੁਪ੍ਰਬੰਧ ਕੀਤੇ ਗਏ ਸਨ ਜਿਹੜੇ ਅਜੇ ਸਾਹਮਣੇ ਆਉਣੇ ਬਾਕੀ ਹਨ।

ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਗਾਰਨਰ ਨੇ ਸਿਹਤ ਮੰਤਰੀ ਜੀਨ ਯਵੇਸ ਡਕਲਸ ਤੋਂ ਇਸ ਬਾਰੇ ਸਵਾਲ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਕੋਵਿਡ-19 ਦੌਰਾਨ ਅਸੀਂ ਬੇਹੱਦ ਦਰਦ ਮਹਿਸੂਸ ਕੀਤਾ ਹੈ ਤੇ ਅਣਗਿਣਤ ਲੋਕਾਂ ਦੀਆਂ ਮੌਤਾਂ ਵੇਖੀਆਂ ਹਨ। ਇਸ ਲਈ ਸਾਡੀ ਮੁੱਖ ਜ਼ਿੰਮੇਵਾਰੀ ਲੋਕਾਂ ਦੀਆਂ ਜਾਨਾਂ ਬਚਾਉਣਾ ਤੇ ਕੈਨੇਡੀਅਨਜ਼ ਦੀ ਸਿਹਤ ਦੀ ਹਿਫਾਜ਼ਤ ਕਰਨਾ ਹੈ। ਇਸੇ ਸਿਲਸਿਲੇ ਤਹਿਤ ਇਸ ਅਰਸੇ ਦੌਰਾਨ ਲੋਕਾਂ ਨੂੰ ਕੁਆਰਨਟੀਨ ਫੈਸਿਲਿਟੀਜ਼ ਵਿੱਚ ਵੀ ਰਹਿਣਾ ਪਿਆ। ਉਨ੍ਹਾਂ ਅੱਗੇ ਆਖਿਆ ਕਿ ਇਸ ਤਰ੍ਹਾਂ ਦੇ ਮਾਪਦੰਡ ਅਪਨਾਉਣ ਤੇ ਵੈਕਸੀਨੇਸ਼ਨ ਕਾਰਨ ਅਸੀਂ ਹਜ਼ਾਰਾਂ ਜ਼ਿੰਦਗੀਆਂ ਬਚਾਉਣ ਦੇ ਨਾਲ ਨਾਲ ਕਈ ਬਿਲੀਅਨ ਡਾਲਰ ਦੀ ਬਚਤ ਕਰਨ ਵਿੱਚ ਵੀ ਕਾਮਯਾਬ ਰਹੇ।

# ਆਪਣੇ ਹਾਊਸ ਬ੍ਰੈਂਡ ਨਾਲ ਜੁੜੀਆਂ ਵਸਤਾਂ ਦੀਆਂ ਕੀਮਤਾਂ ਉੱਤੇ ਲਾਈ ਰੋਕ ਨੂੰ ਜਾਰੀ ਨਹੀਂ ਰੱਖ ਸਕੇਗੀ ਲੋਬਲਾਅ

ਓਟਵਾ, 9 ਫਰਵਰੀ (ਪੋਸਟ ਬਿਊਰੋ) : ਆਪਣੇ ਹਾਊਸ ਬ੍ਰੈਂਡ ਨਾਲ ਜੁੜੀਆਂ ਵਸਤਾਂ ਦੀਆਂ ਕੀਮਤਾਂ ਉੱਤੇ ਲਾਈ ਗਈ ਰੋਕ ਨੂੰ ਲੋਬਲਾਅ ਅੱਗੇ ਜਾਰੀ ਨਹੀਂ ਰੱਖ ਸਕੇਗੀ। ਇਹ ਖੁਲਾਸਾ ਮੰਗਲਵਾਰ ਨੂੰ ਕੈਨੇਡਾ ਦੇ ਸੱਭ ਤੋਂ ਵੱਡੇ ਗ੍ਰੌਸਰੀ ਰਿਟੇਲਰ ਵੱਲੋਂ ਕੀਤਾ ਗਿਆ।

ਲੋਬਲਾਅ ਕੰਪਨੀਜ਼ ਲਿਮਟਿਡ ਨੇ ਮੰਗਲਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਨੋ ਨੇਮ ਪ੍ਰੋਡਕਟਸ ਦੀਆਂ ਕੀਮਤਾਂ ਉੱਤੇ ਲਾਈ ਗਈ ਰੋਕ ਮੰਗਲਵਾਰ ਤੋਂ ਬਾਅਦ ਖ਼ਤਮ ਹੋ ਜਾਵੇਗੀ ਤੇ ਇਸ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਅਕਤੂਬਰ ਵਿੱਚ ਕੰਪਨੀ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਆਪਣੇ ਹਾਊਸ ਬ੍ਰੈਂਡ ਦੀਆਂ ਕੀਮਤਾਂ ਉੱਤੇ ਤਿੰਨ ਮਹੀਨਿਆਂ ਲਈ ਪਾਬੰਦੀ ਲਾਉਣ



ਜਾ ਰਹੀ ਹੈ। ਇਨ੍ਹਾਂ ਵਿੱਚ 1500 ਗ੍ਰੌਸਰੀ ਨਾਲ ਸਬੰਧਤ ਵਸਤਾਂ ਸਨ। ਕੰਪਨੀ ਨੇ ਗ੍ਰੌਸਰੀ ਦੀਆਂ ਆਸਮਾਨ ਛੂੰਹਦੀਆਂ ਕੀਮਤਾਂ ਦੇ ਮੱਦੇਨਜ਼ਰ 31 ਜਨਵਰੀ ਤੱਕ ਕੀਮਤਾਂ ਵਿੱਚ ਵਾਧੇ ਉੱਤੇ ਰੋਕ ਲਾਈ ਸੀ।

ਇਨ੍ਹਾਂ ਕੀਮਤਾਂ ਉੱਤੇ ਰੋਕ ਦੌਰਾਨ ਜਿਨ੍ਹਾਂ ਕੈਨੇਡੀਅਨਜ਼ ਨੇ ਹੋਰਨਾਂ ਵੱਡੇ ਬ੍ਰਾਂਡਾ ਦੀ ਥਾਂ ਉੱਤੇ ਨੋ ਨੇਮ ਬ੍ਰਾਂਡ ਦੀਆਂ ਚੀਜ਼ਾਂ ਖਰੀਦੀਆਂ ਉਨ੍ਹਾਂ ਨੂੰ ਕਈ ਮਿਲੀਅਨ ਡਾਲਰ ਦੀ ਬਚਤ ਹੋਈ। ਕੰਪਨੀ ਨੇ ਇਹ ਵੀ ਆਖਿਆ ਕਿ ਇਸ ਦੌਰਾਨ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੱਧਦੀਆਂ ਰਹੀਆਂ ਤੇ ਸਾਡੀਆਂ ਸ਼ੈਲਫਾਂ ਨੂੰ ਭਰ ਕੇ ਰੱਖਣ ਦਾ ਖਰਚਾ ਵੀ ਮਹੀਨਾ ਦਰ ਮਹੀਨਾ ਵੱਧਦਾ ਰਿਹਾ। ਕੰਪਨੀ ਦਾ ਇਹ ਵੀ ਕਹਿਣਾ ਹੈ ਕਿ ਜਿੰਨਾਂ ਸੰਭਵ ਹੋ ਸਕੇਗਾ ਅਸੀਂ ਨੋ ਨੇਮ ਦੀਆਂ ਕੀਮਤਾਂ ਉੱਤੇ ਨਕੇਲ ਕੱਸ ਕੇ ਰੱਖਾਂਗੇ ਤੇ ਇਸ ਸਾਲ ਵੀ ਲੋਕ ਨੋ ਨੇਮ ਦੀਆਂ ਚੀਜ਼ਾਂ ਖਰੀਦ ਕੇ ਆਪਣੇ ਪੈਸੇ ਦੀ ਵੱਡੀ ਬਚਤ ਕਰ ਸਕਣਗੇ।

# ਮੈਰੀ ਐਨਜੀ ਖਿਲਾਫ ਐਥਿਕਸ ਕਮੇਟੀ ਵੱਲੋਂ ਸੁਣਾਏ ਫੈਸਲੇ ਦੀ ਜਾਂਚ ਕਰੇਗੀ ਪਾਰਲੀਆਮੈਂਟਰੀ ਕਮੇਟੀ

ਓਟਵਾ, 9 ਫਰਵਰੀ (ਪੋਸਟ ਬਿਊਰੋ) :ਪਾਰਲੀਆਮੈਂਟਰੀ ਕਮੇਟੀ ਨੇ ਇੰਟਰਨੈਸ਼ਨਲ ਟਰੇਡ ਮੰਤਰੀ ਮੈਰੀ ਐਨਜੀ ਖਿਲਾਫ ਪਿੱਛੇ ਜਿਹੇ ਐਥਿਕਸ ਕਮੇਟੀ ਵੱਲੋਂ ਸੁਣਾਏ ਗਏ ਫੈਸਲੇ ਦੀ ਜਾਂਚ ਦੇ ਪੱਖ ਵਿੱਚ ਵੋਟ ਪਾਈ।

ਕੰਜ਼ਰਵੇਟਿਵ ਐਥਿਕਸ ਕ੍ਰਿਟਿਕ ਮਾਈਕਲ ਬੈਰੇਟ ਨੇ ਹਾਊਸ ਆਫ ਕਾਮਨਜ਼ ਦੀ ਐਥਿਕਸ ਕਮੇਟੀ ਸਾਹਮਣੇ ਇਸ ਮਾਮਲੇ ਦੇ ਅਧਿਐਨ ਲਈ ਇੱਕ ਮਤਾ ਪੇਸ਼ ਕੀਤਾ। ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ ਤੇ ਇਸ ਮਾਮਲੇ ਦੇ ਅਧਿਐਨ ਲਈ ਦੋ ਮੀਟਿੰਗਾਂ ਦਾ ਸਮਾਂ ਤੈਅ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਦਸੰਬਰ ਵਿੱਚ ਫੈਡਰਲ ਐਥਿਕਸ ਕਮਿਸ਼ਨਰ ਵੱਲੋਂ ਇਹ ਫੈਸਲਾ ਸੁਣਾਇਆ ਗਿਆ ਸੀ ਕਿ ਐਨਜੀ



ਦੇ ਆਫਿਸ ਵੱਲੋਂ 17000 ਡਾਲਰ ਦਾ ਕਾਂਟਰੈਕਟ ਆਪਣੀ ਦੋਸਤ ਨੂੰ ਦੇਣ ਸਮੇਂ ਕੌਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾ ਕੀਤੀ ਗਈ ਸੀ।

ਕੰਜ਼ਰਵੇਟਿਵਾਂ ਵੱਲੋਂ ਇਸ ਸਬੰਧ ਵਿੱਚ ਮੁੱਢਲੀ ਸ਼ਿਕਾਇਤ ਦਰਜ ਕਰਵਾਕੇ ਇਹ ਆਖਿਆ ਗਿਆ ਸੀ ਕਿ ਐਨਜੀ ਖਿਲਾਫ ਮਿਲੀਆਂ ਲੱਭਤਾਂ ਤੋਂ ਇਹ ਸਿੱਧ ਹੋ ਗਿਆ ਹੈ ਕਿ ਲਿਬਰਲਾਂ ਵੱਲੋਂ ਆਪਣੇ ਚਹੇਤਿਆਂ ਨੂੰ ਫਾਇਦੇ ਪਹੁੰਚਾਏ ਜਾਂਦੇ ਹਨ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਤੋਂ ਇਨਕਾਰ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਆਪਣੀ ਰਿਪੋਰਟ ਵਿੱਚ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਨੇ ਆਖਿਆ ਸੀ ਕਿ ਐਨਜੀ ਦੇ ਪਬਲਿਕ ਰਿਲੇਸ਼ਨਜ਼ ਫਰਮ ਪੌਂਪ ਐਂਡ ਸਰਕਮਸਟਾਂਸ ਦੀ ਸਹਿ ਬਾਨੀ ਅਮਾਂਡਾ ਐਲਵਾਰੋ ਨਾਲ ਚੰਗੇ ਸਬੰਧ ਹਨ ਤੇ ਇਹ ਕਰਾਰ ਇਸੇ ਦੋਸਤੀ ਨੂੰ ਅੱਗੇ ਲਿਜਾਣ ਲਈ ਕੀਤਾ ਗਿਆ। ਇਸ ਰਿਪੋਰਟ ਤੋਂ ਬਾਅਦ ਐਨਜੀ ਨੇ ਮੁਆਫੀ ਮੰਗਦਿਆਂ ਆਖਿਆ ਸੀ ਕਿ ਇਸ ਪ੍ਰਕਿਰਿਆ ਵਿੱਚ ਉਨ੍ਹਾਂ ਨੂੰ ਨਹੀਂ ਸੀ ਪੈਣਾ ਚਾਹੀਦਾ। ਐਥਿਕਸ ਕਮੇਟੀ ਵੱਲੋਂ ਐਨਜੀ ਤੇ ਐਲਵਾਰੋ ਨੂੰ ਆਪਣੇ ਸਾਹਮਣੇ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਬੋਮਨਵਿੱਲ ਦੇ ਘਰ ਵਿੱਚੋਂ ਮਿਲੀਆਂ ਦੋ ਲਾਸ਼ਾਂ, ਪੁਲਿਸ ਕਰ ਰਹੀ ਹੈ ਜਾਂਚ




ਦਰਹਾਮ, 9 ਫਰਵਰੀ (ਪੋਸਟ ਬਿਊਰੋ) : ਬੋਮਨਵਿੱਲ ਦੇ ਘਰ ਵਿੱਚੋਂ ਮਿਲੀਆਂ ਦੋ ਲਾਸ਼ਾਂ ਦੇ ਮਾਮਲੇ ਨੂੰ ਕਤਲ ਕੇਸ ਮੰਨ ਕੇ ਦਰਹਾਮ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ਨਿੱਚਰਵਾਰ ਨੂੰ ਦੁਪਹਿਰੇ 2:00 ਵਜੇ ਤੋਂ ਬਾਅਦ ਮਿਡਲ ਰੋਡ ਤੇ ਵਿਲੀਅਮ ਫੇਅਰ ਡਰਾਈਵ ਇਲਾਕੇ ਦੀ ਕ੍ਰੌਂਬੀ ਸਟਰੀਟ ਉੱਤੇ ਸਥਿਤ ਇੱਕ ਘਰ ਤੋਂ ਵੈੱਲਨੈੱਸ ਚੈੱਕ ਲਈ ਕਾਲ ਆਈ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਘਰ ਅੰਦਰ ਦੋ ਲਾਸ਼ਾਂ ਪਈਆਂ ਮਿਲੀਆਂ। ਮ੍ਰਿਤਕਾਂ ਦੀ ਉਮਰ, ਲਿੰਗ ਤੇ ਉਨ੍ਹਾਂ ਦਾ ਆਪਸ ਵਿੱਚ ਕੀ ਰਿਸ਼ਤਾ ਸੀ ਇਸ ਬਾਰੇ ਅਜੇ ਕੋਈ ਖੁਲਾਸਾ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਉਹ ਇੱਕ ਤੋਂ ਵੱਧ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪਰ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕਿਸੇ ਕਿਸਮ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਸੰਪਰਕ ਕਰਨ ਲਈ ਆਖਿਆ ਗਿਆ ਹੈ। ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ।






# ਕੀ ਅਡਾਨੀ ਵਰਗਿਆਂ ਦੇ ਕਾਰੋਬਾਰੀ ਕਲੰਕ ਵੀ ਦੇਸ਼ਭਗਤੀ ਦੇ ਤਮਗੇ ਮੰਨਣੇ ਪੈ ਜਾਣਗੇ?

ਭਾਰਤ ਦੇਸ਼ ਦੀ ਆਰਥਿਕਤਾ ਇੱਕ ਹੋਰ ਹਲੂਣਾ ਖਾ ਗਈ ਹੈ। ਹਮੇਸ਼ਾ ਵਾਂਗ ਆਰਥਿਕਤਾ ਨੂੰ ਇਹ ਹਲੂਣਾ ਦੇਸ਼ ਦੀ ਸਰਕਾਰ ਚਲਾਉਣ ਵਾਲਿਆਂ ਦੇ ਨੇਤੂਆਂ ਨੇ ਮਾਰਿਆ ਹੈ। ਸਰਕਾਰ ਜਿਵੇਂ ਅੱਗੇ ਹਰ ਵਾਰੀ ਘਪਲੇਬਾਜ਼ਾਂ ਦੇ ਪੱਖ ਵਿੱਚ ਖੜੀ ਹੁੰਦੀ ਸੀ, ਇਸ ਵਾਰੀ ਵੀ ਉਸ ਨੇ ਘਪਲੇਬਾਜ਼ਾਂ ਨਾਲ ਲਿਹਾਜ਼ ਦੀ ਰੀਤ ਨਹੀਂ ਟੁੱਟਣ ਦਿੱਤੀ। ਸਾਰੀ ਦੁਨੀਆਂ ਅੰਦਰ ਖੇਹ ਉੱਡਣ ਦੇ ਬਾਵਜੂਦ ਭਾਰਤ ਦੀ ਸਰਕਾਰ ਗੌਤਮ ਅਡਾਨੀ ਦੇ ਨਾਲ ਡਟ ਕੇ ਖੜੀ ਰਹੀ। ਸੰਸਾਰ ਦੇ ਸਰਮਾਏਦਾਰਾਂ ਦੀਸੂਚੀ ਵਿੱਚ ਤੀਸਰੇ ਨੰਬਰ ਉੱਤੇ ਲਿਖਿਆ ਜਾ ਚੁੱਕਾ ਗੌਤਮ ਅਡਾਨੀ ਵੱਡੇ ਝਟਕੇ ਪਿੱਛੋਂ ਸਤਾਈਵੇਂ ਥਾਂ ਆ ਗਿਆ। ਭਾਰਤ ਦੀ ਰਿਜ਼ਰਵ ਬੈਂਕ ਨੇ ਸਾਰੇ ਬੈਂਕਾਂ ਨੂੰ ਅਡਾਨੀ ਦੇ ਕਾਰੋਬਾਰ ਬਾਰੇ ਸੱਚ ਦੱਸਣ ਲਈ ਹੁਕਮ ਭੇਜ ਦਿੱਤਾ। ਜਿਹੜੇ ਬੈਂਕਾਂ ਨੇ ਪਹਿਲਾਂ ਕਿਹਾ ਸੀ ਕਿ ਸਾਡੇ ਲਈ ਚਿੰਤਾ ਵਾਲੀ ਗੱਲ ਨਹੀਂ, ਉਨ੍ਹਾਂ ਦੇ ਹਜ਼ਾਰਾਂ ਕਰੋੜ ਦੇ ਕਰਜ਼ੇ ਦਿੱਤੇ ਨਿਕਲੇ। ਲੋਕਾਂ ਦੀ ਜਾਨ ਇਹ ਸੋਚ-ਸੋਚ ਕੇ ਨਿਕਲਦੀ ਜਾਪਣ ਲੱਗੀ ਕਿ ਜੇ ਇਸ ਸਰਮਾਏਦਾਰ ਨਾਲ ਭਾਰਤ ਦੇ ਬੈਂਕ ਵੀ ਡੁੱਬ ਗਏ, ਫਿਰ ਬੈਂਕਾਂ ਵਿੱਚ ਪਏ ਉਨ੍ਹਾਂ ਦੀ ਔਖੇ ਹੋ ਕੇ ਕੀਤੀ ਬੱਚਤ ਦੇ ਪੈਸਿਆਂ ਦਾ ਕੀ ਬਣੇਗਾ? ਭਾਰਤ ਸਰਕਾਰ ਦੇ ਕੰਟਰੋਲ ਹੇਠਲੇ ਜੀਵਨ ਬੀਮਾ ਨਿਗਮ (ਐੱਲ ਆਈ ਸੀ) ਵਿੱਚ ਦੇਸ਼ ਦੇ ਲੱਖਾਂ ਲੋਕਾਂ ਦੇ ਬੀਮੇ ਦੀਆਂ ਪਾਲਸੀਆਂ ਹਨ, ਉਸ ਕਾਰਪੋਰੇਸ਼ਨ ਦਾ ਪੈਸਾ ਵੀ ਅਡਾਨੀ ਦੀਆਂ ਕੰਪਨੀਆਂ ਵਿੱਚ ਲਾਇਆ ਹੋਣ ਕਰ ਕੇ ਡੁੱਬਦਾ ਜਾਪਦਾ ਹੈ। ਲੋਕਾਂ ਨੂੰ ਚਿੰਤਾ ਹੈ ਕਿ ਉਨ੍ਹਾਂ ਦੇ ਉਸ ਪੈਸੇ ਤੇ ਉਨ੍ਹਾਂ ਦੀਆਂ ਜੀਵਨ ਬੀਮਾ ਪਾਲਸੀਆਂ ਦਾ ਕੀ ਬਣੇਗਾ? ਜਵਾਬ ਦੇਣ ਵਾਲਾ ਕੋਈ ਨਹੀਂ।

ਉਂਜ ਇਹ ਪਹਿਲੀ ਵਾਰ ਨਹੀਂ, ਜਦੋਂ ਦੇਸ਼ ਦੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਕਿਸੇ ਹੇਰਾਫੇਰੀਆਂ ਦੇ ਮਾਹਰ ਕਾਰੋਬਾਰੀ ਦੇ ਕਾਰਨ ਡੁੱਬਣ ਦੀ ਸਥਿਤੀ ਪੈਦਾ ਹੋਣ ਲੱਗੀ ਹੋਵੇ। ਪਹਿਲਾਂ ਵੀ ਏਦਾਂ ਦੇ ਮੌਕੇ ਆਉਂਦੇ ਰਹੇ ਹਨ ਅਤੇ ਜਦੋਂ ਵੀ ਆਉਂਦੇ ਸਨ, ਦੇਸ਼ ਦੀ ਸਰਕਾਰ ਇਸ ਦੀ ਜਵਾਬਦੇਹ ਮੰਨੀ ਜਾਂਦੀ ਸੀ। ਇਸ ਵਾਰੀ ਸਰਕਾਰ ਇਸ ਲਈ ਚੁੱਪ ਵੱਟੀ ਬੈਠੀ ਹੈ ਕਿ ਜਿਸ ਕਾਰੋਬਾਰੀ ਦੇ ਕਾਰਨ ਪੂਰਾ ਮੁਲਕ ਦੁਨੀਆ ਭਰ ਵਿੱਚ ਬਦਨਾਮੀ ਦਾ ਸਾਹਮਣਾ ਕਰਦਾ ਪਿਆ ਹੈ, ਉਹ ਬੰਦਾ ਗੁਜਰਾਤ ਤੋਂ ਦਿੱਲੀ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਇਆ ਸੀ। ਗੁਜਰਾਤ ਦੇ ਦੰਗਿਆਂ ਮਗਰੋਂ ਭਾਰਤ ਦੇ ਸਾਰੇ ਸਨਅਤਕਾਰ ਜਦੋਂ ਇਹ ਕਹਿੰਦੇ ਸਨ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਵਿਹਾਰ ਕਾਰਨਉਸ ਰਾਜ ਵਿੱਚ ਹੋਰ ਪੂੰਜੀ ਲਾਉਣ ਨੂੰ ਜੀਅ ਨਹੀਂ ਕਰਦਾ, ਓਦੋਂ ਗੌਤਮ ਅਡਾਨੀ ਨੇ ਨਰਿੰਦਰ ਮੋਦੀ ਦਾ ਪੱਖ ਪੂਰਿਆ ਅਤੇ ਬਾਕੀ ਸਭਨਾਂ ਤੋਂ ਵੱਖਰੀ ਬੋਲੀ ਬੋਲਣ ਕਾਰਨ ਮੋਦੀ ਸਾਹਿਬ ਦੀ ਨੇੜਤਾ ਹਾਸਲ ਕਰ ਗਿਆ ਸੀ। ਬਾਅਦ ਵਿੱਚ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਆਪਣੇ ਦੇਸ਼ ਦੇ ਅੰਦਰ ਹੀ ਨਹੀਂ, ਦੁਨੀਆ ਭਰ ਵਿੱਚ ਜਿਹੜੇ ਵੀ ਦੇਸ਼ ਦੇ ਦੌਰੇ ਲਈ ਜਾਂਦੇ ਸਨ, ਗੌਤਮ ਅਡਾਨੀ ਨਾਲ ਜਾਂਦਾ ਸੀ ਤੇ ਦੇਸ਼ ਨੂੰ ਕੁਝ ਹਾਸਲ ਹੁੰਦਾ ਜਾਂ ਨਾ, ਅਡਾਨੀ ਦੇ ਦੋ-ਚਾਰ ਪ੍ਰਾਜੈਕਟ ਹੋਰ ਲਾਉਣ ਦਾ ਰਾਹ ਖੁੱਲ੍ਹਦਾ ਦਿੱਸ ਪੈਂਦਾ ਸੀ। ਆਸਟਰੇਲੀਆ ਵਿੱਚ ਅਡਾਨੀ ਦਾ ਪ੍ਰਾਜੈਕਟ ਲਵਾਉਣ ਲਈ ਓਥੋਂ ਦੀ ਸਰਕਾਰ ਭਾਰਤ ਸਰਕਾਰ ਦੇ ਦਬਾਅ ਹੇਠ ਆਪਣੇ ਦੇਸ਼ ਦੇ ਲੋਕਾਂ ਅਤੇ ਅਦਾਲਤਾਂ ਨੂੰ ਵੀ ਅਣਗੌਲੇ ਕਰਨ ਲੱਗ ਪਈ ਸੀ ਤੇ ਬਾਅਦ ਵਿੱਚ ਏਦਾਂ ਕਈ ਹੋਰ ਦੇਸ਼ਾਂ ਵਿੱਚ ਵੀ ਹੁੰਦਾ ਵੇਖਿਆ ਗਿਆ ਸੀ। ਇਸ ਸਰਕਾਰੀ ਸਰਪ੍ਰਸਤੀ ਦੇ ਨਾਲ ਉਹ ਬੰਦਾ ਬੀਤੇ ਸਤਾਈ ਜਨਵਰੀ ਨੂੰ ਸੰਸਾਰ ਦਾ ਤੀਸਰਾ ਸਭ ਤੋਂ ਵੱਡਾ ਪੂੰਜੀਪਤੀ ਬਣਨ ਵਿੱਚ ਸਫਲ ਹੋ ਗਿਆ ਸੀ।

ਜਿਹੜਾ ਬੰਦਾ ਸਤਾਈ ਜਨਵਰੀ ਨੂੰ ਸੰਸਾਰ ਦਾ ਤੀਸਰਾ ਸਭ ਤੋਂ ਵੱਡਾ ਪੂੰਜੀਪਤੀ ਸੀ, ਉਹ ਸਿਰਫ ਛੇ ਦਿਨ ਪਿੱਛੋਂ ਬਾਈਵੇਂ ਨੰਬਰ ਉੱਤੇ ਜਾ ਡਿੱਗਾ ਤੇ ਉਸ ਦੀ ਕੁੱਲ ਪੂੰਜੀ ਵੀ ਇੱਕ ਸੌ ਪੰਜਾਹ ਬਿਲੀਅਨ ਡਾਲਰ ਤੋਂ ਡਿੱਗਦੀ ਹੋਈ ਛੇਵੇਂ ਦਿਨ ਤੱਕ ਮਸਾਂ ਪਜਵੰਜਾ ਬਿਲੀਅਨ ਡਾਲਰ ਰਹਿ ਗਈ। ਇਸ ਵੱਡੇ ਝਟਕੇ ਦਾ ਕਾਰਨ ਹਿੰਡਨਬਰਗ ਰਿਸਰਚ ਦੀ ਉਹ ਰਿਪੋਰਟਬਣੀ, ਜਿਸ ਵਿੱਚ ਲਿਖਿਆ ਸੀ ਕਿ ਅਡਾਨੀ ਗਰੁੱਪ ਦਾ ਸਾਰਾ ਕਾਰੋਬਾਰ ਸ਼ੱਕੀ ਹੈ ਤੇ ਉਸ ਰਿਪੋਰਟ ਦੇ ਆਉਂਦੇ ਸਾਰ ਬਾਜ਼ਾਰ ਦੀਆਂ ਸੰਸਾਰ ਭਰ ਦੀਆਂ ਸੰਸਥਾਵਾਂ ਨੇ ਅਡਾਨੀ ਗਰੁੱਪ ਦੇ ਬਾਂਡ ਅਤੇ ਹੋਰ ਸਾਰੇ ਪੱਤਰ ਲੈਣ ਤੋਂ ਇਨਕਾਰ ਕਰਨਾ ਆਰੰਭ ਕਰ ਦਿੱਤਾ ਸੀ। ਹਰ ਦੇਸ਼ ਦੇ ਜਾਇਜ਼-ਨਾਜਾਇਜ਼ ਦੇ ਲੈਣ-ਵਾਲੇ ਅੱਡਿਆਂ ਵਜੋਂ ਜਾਣੇ ਜਾਂਦੇ ਦੇਸ਼ਾਂ ਦੀਆਂ ਸਰਕਾਰਾਂ ਨੇ ਵੀਜਦੋਂ ਆਪਣੀ ਆਰਥਿਕਤਾ ਛੋਟੀ ਹੋਣ ਦੇ ਬਾਵਜੂਦ ਅਡਾਨੀ ਵੱਲੋਂ ਅੱਖ ਫੇਰ ਲਈ ਤਾਂ ਭਾਰਤ ਸਰਕਾਰ ਨੂੰ ਸੋਚਣਾ ਚਾਹੀਦਾ ਸੀ ਕਿ ਇਹ ਬੰਦਾ ਇਹੋ ਜਿਹੇ ਕਾਰੋਬਾਰਾਂ ਤੇ ਝਕਾਨੀਆਂ ਦੇਣ ਵਾਲੇ ਪ੍ਰਸਿੱਧ ਦੇਸ਼ਾਂ ਵਿੱਚ ਵੀ ਕਲੰਕੀ ਗਿਣਿਆ ਜਾ ਰਿਹਾ ਹੈ, ਇਸ ਲਈ ਇਸ ਵੱਲ ਲਿਹਾਜਦਾਰੀ ਛੱਡ ਦੇਣੀ ਚਾਹੀਦੀ ਹੈ। ਏਦਾਂ ਕਰਨ ਦੀ ਥਾਂ ਭਾਰਤ ਦੇ ਲੋਕਾਂ ਨੂੰ ਸਰਕਾਰੀ ਅਦਾਰਿਆਂ ਤੋਂ ਇਹ ਸਫਾਈਆਂ ਮਿਲਣ ਲੱਗ ਪਈਆਂ ਕਿ ਇਸ ਨਾਲ ਲੈਣ-ਦੇਣ ਵਿੱਚ ਗਲਤ ਕੁਝ ਨਹੀਂ ਹੋਇਆ ਅਤੇ ਇਹ ਸਿਰਫ ਚਾਰ ਦਿਨਾਂ ਦਾ ਰੌਲਾ ਹੈ ਜਾਂ ਫਿਰ ਇਹ ਕਿ ਅਡਾਨੀ ਦੀ ਔਕੜ ਉਸ ਦੀ ਨਿੱਜੀ ਹੈ, ਭਾਰਤ ਸਰਕਾਰ ਦਾ ਉਸ ਨਾਲ ਕੋਈ ਵਾਹ-ਵਾਸਤਾ ਨਹੀਂ। ਜਿਹੜੀ ਸਰਕਾਰ ਉਸ ਨੂੰ ਹਵਾਈ ਅੱਡਿਆਂ ਸਮੇਤਭਾਰਤ ਦੇ ਸਾਰੇ ਵੱਡੇ ਪ੍ਰਾਜੈਕਟ ਸੌਂਪਣਲੱਗੀ ਹੋਈ ਸੀ ਤੇ ਦੂਸਰੇ ਦੇਸ਼ਾਂ ਦੇ ਪ੍ਰਾਜੈਕਟ ਵੀ ਖੁਦ ਸਰਪ੍ਰਸਤੀ ਕਰ ਕੇ ਦਿਵਾਉਂਦੀ ਸੀ, ਉਸ ਦਾ ਅਡਾਨੀ ਨਾਲ ਸੰਬੰਧ ਕਿੱਦਾਂ ਨਹੀਂ ਰਹਿ ਗਿਆ, ਇਹ ਗੱਲਸਮਝਣੀ ਆਮ ਲੋਕਾਂ ਲਈ ਔਖੀ ਸੀ।

ਖੁਦ ਗੌਤਮ ਅਡਾਨੀ ਨੇ ਆਪਣੇ ਸਿਰ ਪਈ ਬਿਪਤਾ ਦਾ ਸਾਹਮਣਾ ਕਰਨ ਦੀ ਥਾਂ ਦੇਸ਼-ਭਗਤੀ ਦੀ ਛੱਤਰੀ ਤਾਨਣ ਦਾ ਦਾਅ ਖੇਡਣ ਦਾ ਯਤਨ ਕੀਤਾ। ਉਸ ਨੇ ਕਿਹਾ ਕਿ ਹਿੰਡਨਬਰਗ ਰਿਸਰਚ ਅਤੇ ਸੰਸਾਰ ਪੱਧਰ ਦੇ ਹੋਰ ਅਦਾਰਿਆਂ ਦਾ ਉਸ ਦੇ ਖਿਲਾਫ ਬੋਲਿਆ ਹਰ ਸ਼ਬਦ ਅਸਲ ਵਿੱਚ ਭਾਰਤ ਉੱਤੇ ਹਮਲਾ ਹੈ। ਇੱਕ ਬੰਦਾ ਭਾਰਤ ਦੇਸ਼ ਦਾ ਪ੍ਰਤੀਕ ਬਣਨ ਦਾ ਦੰਭ ਕਰ ਕੇ ਬਚਣਾ ਚਾਹੁੰਦਾ ਸੀ ਤਾਂ ਸਰਕਾਰ ਚਲਾ ਰਹੀ ਪਾਰਟੀ ਦੇ ਪਿੱਛੇ ਖੜੀਆਂ ਖਾਸ ਕਿਸਮ ਦੀਆਂ ਸੰਸਥਾਵਾਂ ਉਸ ਦੇ ਪੱਖ ਵਿੱਚ ਬੋਲਣ ਲੱਗ ਪਈਆਂ। ਦੂਸਰੇ ਪਾਸੇ ਦੇਸ਼ ਦੀ ਵਿਰੋਧੀ ਧਿਰ ਵੀ ਅਤੇ ਮੀਡੀਏ ਦਾ ਹਕੀਕਤਾਂ ਪਛਾਣਨ ਵਾਲਾ ਹਿੱਸਾ ਵੀਇਹ ਪੁੱਛਣ ਲੱਗ ਪਿਆ ਕਿ ਜਿਨ੍ਹਾਂ ਨੇ ਭਾਰਤ ਉੱਤੇ ਹਮਲਾ ਕਰਨਾ ਸੀ, ਉਨ੍ਹਾਂ ਨੇ ਟਾਟਾ ਜਾਂ ਬਿਰਲਾ ਜਾਂ ਕਿਸੇ ਹੋਰ ਭਾਰਤੀ ਕਾਰਪੋਰੇਸ਼ਨ ਦੇ ਮਾਮਲਿਆਂ ਵਿੱਚ ਏਦਾਂ ਰਿਪੋਰਟ ਕਦੇ ਪੇਸ਼ ਕਿਉਂ ਨਹੀਂ ਕੀਤੀ? ਪਹਿਲਾਂ ਇੱਕਵਾਰ ਇਹੋ ਜਿਹੀ ਰਿਪੋਰਟ ਆਈ ਸੀ ਤਾਂ ਉਹ ਵਿਜੇ ਮਾਲਿਆ ਅਤੇ ਉਸ ਦੀ ਕਿੰਗਫਿਸ਼ਰ ਕਾਰਪੋਰੇਸ਼ਨ ਬਾਰੇ ਸੀ, ਜਿਸ ਨਾਲ ਜਦੋਂ ਦਸ ਸਾਲ ਪਹਿਲਾਂ ਵਿਜੇ ਮਾਲਿਆ ਦਾ ਜਲੂਸ ਨਿਕਲਣ ਲੱਗਾ ਸੀ ਤਾਂ ਉਸ ਨੇ ਵੀ ਰਿਪੋਰਟਾਂ ਦਾ ਖੰਡਨ ਕੀਤਾ ਸੀ ਤੇ ਬਾਅਦ ਵਿੱਚ ਉਹ ਰਿਪੋਰਟਾਂ ਸਹੀ ਸਾਬਤ ਹੋਈਆਂ ਸਨ। ਓਦੋਂ ਦਾ ਭਾਰਤ ਤੋਂ ਭੱਜਿਆ ਵਿਜੇ ਮਾਲਿਆ ਅੱਜ ਤੱਕ ਭਾਰਤ ਦੀ ਸਰਕਾਰ ਵਾਪਸ ਭਾਰਤਵਿੱਚ ਨਹੀਂ ਲਿਆ ਸਕੀ। ਕੁਝ ਲੋਕ ਕਹਿੰਦੇ ਹਨ ਕਿ ਅਗਲੀ ਵਾਰੀ ਅਡਾਨੀ ਦੇ ਭੱਜਣ ਦੀ ਹੋ ਸਕਦੀ ਹੈ, ਇਸ ਲਈ ਭਾਰਤ ਸਰਕਾਰ ਨੂੰ ਉਸ ਦਾ ਪਾਸਪੋਰਟ ਜ਼ਬਤ ਕਰ ਲੈਣਾ ਚਾਹੀਦਾ ਹੈ, ਪਰ ਸਰਕਾਰ ਇਸ ਲਈ ਤਿਆਰ ਨਹੀਂ ਹੋ ਸਕੀ। ਮਾਲਿਆ ਵਰਗਾ ਇੱਕ ਹੋਰ ਤਿਕੜਮਬਾਜ਼ ਨੀਰਵ ਮੋਦੀ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਦੇਸ਼ਾਂ ਦੇ ਹਰ ਦੌਰੇ ਦੌਰਾਨ ਵੇਖਿਆ ਜਾਂਦਾ ਸੀ, ਬਾਅਦ ਵਿੱਚ ਵੱਡੀਆਂ ਠੱਗੀਆਂ ਮਾਰ ਕੇ ਭਾਰਤ ਤੋਂ ਭੱਜ ਕੇ ਇੰਗਲੈਂਡ ਵਿੱਚ ਜਾ ਬੈਠਾ ਸੀ ਤੇ ਅੱਜ ਤੱਕ ਵਾਪਸ ਨਹੀਂ ਲਿਆਂਦਾ ਜਾ ਸਕਿਆ। ਲਲਿਤ ਮੋਦੀ ਅਤੇ ਮੇਹੁਲ ਚੌਕਸੀ ਬਾਰੇ ਵੀ ਕਿਸੇ ਨੂੰ ਭੁੱਲਾ ਹੋਇਆ ਨਹੀਂ ਕਿ ਉਹ ਕਿਸ ਤਰ੍ਹਾਂ ਇਸ ਦੇਸ਼ ਤੋਂ ਦੌਲਤ ਨੂੰ ਹੂੰਝਾ ਮਾਰ ਕੇ ਖਿਸਕ ਗਏ ਸਨ।

ਜਤਿੰਦਰ ਪਨੂੰ ਦੀ ਕਲਮ ਤੋਂ

ਨਰਿੰਦਰ ਮੋਦੀ ਸਰਕਾਰ ਭਾਰਤ ਦੀ ਆਜ਼ਾਦੀ ਦੇ ਪੰਝੱਤਰ ਸਾਲ ਹੋਣ ਪਿੱਛੋਂ ਸ਼ੁਰੂ ਹੋਏ ਛੇਹੱਤਰਵੇਂ ਸਾਲ ਨੂੰ ਦੇਸ਼ ਦਾ 'ਅੰਮ੍ਰਿਤ ਮਹਾਉਤਸਵ' ਕਹਿੰਦੀ ਹੈ ਤੇ ਨੌਜਵਾਨ ਪੀੜ੍ਹੀ ਨੂੰ ਪ੍ਰਧਾਨ ਮੰਤਰੀ ਨੇ ਖੁਦ 'ਅੰਮ੍ਰਿਤ ਪੀੜ੍ਹੀ' ਵਜੋਂ ਵਡਿਆ ਕੇ ਖੁਸ਼ ਕੀਤਾ ਹੈ। ਜਿਨ੍ਹਾਂ ਲੋਕਾਂ ਨੂੰ ਦੇਸ਼ ਦੀ 'ਅੰਮ੍ਰਿਤ ਪੀੜ੍ਹੀ' ਕਿਹਾ ਜਾ ਰਿਹਾ ਹੈ, ਉਹ ਉੱਭਰਦੀ ਉਮਰ ਦੇ ਬੱਚੇ ਅਡਾਨੀ ਵਰਗਿਆਂ ਦੇ ਦਾਅ ਨੰਗੇ ਹੋਣ ਪਿੱਛੋਂ ਆਪਣੇ ਭਵਿੱਖ ਦੀ ਉਡਾਣ ਲਈ ਸਬਕ ਕਿੱਦਾਂ ਦਾ ਸਿੱਖਣਗੇ? ਉਹ ਸ਼ਾਇਦ ਇਹ ਵੀ ਸਿੱਖ ਲੈਣਗੇ ਕਿ ਦਾਅ ਲਾਉਣ ਦੀ ਹਿੰਮਤ ਕਰੋ, ਭਾਰਤ ਦੀ ਆਰਥਿਕਤਾ ਜਿਸ ਪ੍ਰਬੰਧ ਹੇਠ ਚਲਾਈ ਜਾਂਦੀ ਹੈ, ਉਸ ਵਿੱਚ ਏਨੇ ਚੋਰ-ਮਘੋਰੇ ਹਨ ਕਿ ਕਾਨੂੰਨ ਤੁਹਾਡਾ ਕੱਖ ਵਿਗਾੜ ਨਹੀਂ ਸਕਦਾ। ਨਾਲ ਉਹ 'ਅੰਮ੍ਰਿਤ ਪੀੜ੍ਹੀ' ਇਹ ਵੀ ਸਿੱਖ ਸਕਦੀ ਹੈ ਕਿ ਜੇ ਕਦੀ ਤੁਹਾਡੇ ਵਿੱਚੋਂ ਕਿਸੇ ਦੀ ਕੀਤੀ ਹੋਈ ਕੋਈ ਚੋਰੀ ਫੜੀ ਜਾਵੇ ਤਾਂ ਬਹੁਤ ਸੌਖਾ ਫਾਰਮੂਲਾ ਇਹ ਹੈ ਕਿ ਤੁਸੀਂ ਆਪਣੀ ਬੇਇੱਜ਼ਤੀ ਨੂੰ 'ਭਾਰਤ ਮਾਤਾ' ਦੀ ਬੇਇੱਜ਼ਤੀ ਦਾ ਫੱਟਾ ਟੰਗ ਕੇ ਆਪਣਾ ਬਚਾਅ ਕਰ ਸਕਦੇ ਹੋ ਅਤੇ ਦੇਸ਼ ਦੀ ਆਰਥਿਕਤਾ ਉੱਤੇ ਤੁਹਾਡਾ ਕਲੰਕ ਦੇਸ਼-ਭਗਤੀ ਦਾ ਤਮਗਾ ਸਮਝਿਆ ਜਾਵੇਗਾ। ਭਾਰਤ ਦੇ ਲੋਕਤੰਤਰ ਨੇ ਇਹ ਵੀ ਦਿਨ ਵੇਖਣੇ ਸਨ, ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਦੇਸ਼ਭਗਤਾਂ ਨੇ ਇਹ ਕਦੀ ਸੋਚਿਆ ਵੀ ਨਹੀਂ ਹੋਵੇਗਾ।



# ਪ੍ਰੀਖਿਆ ਦੀ ਤਿਆਰੀ ਲਈ ਠੋਸ ਯੋਜਨਾਬੰਦੀ ਅਤੇ ਸਵੈ ਅਨੁਸ਼ਾਸਨ ਜ਼ਰੂਰੀ



-ਡਾ. ਸਤਿੰਦਰ ਸਿੰਘ-

ਪ੍ਰੀਖਿਆ ਦੌਰਾਨ ਵਿਦਿਆਰਥੀ ਵਰਗ ਵਿੱਚ ਤਨਾਅ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ ।ਪ੍ਰੀਖਿਆ ਨੂੰ ਤਨਾਅ ਮੁਕਤ ਕਰਨ ਲਈ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਚੰਗੀ ਪਹਿਲ ਕਰਦਿਆਂ 'ਪਰੀਕਸ਼ਾ ਪੇ ਚਰਚਾ' ਦੇ 6ਵੇ ਐਡੀਸ਼ਨ ਵਿੱਚ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਵੱਡੀ ਗਿਣਤੀ ਵਿੱਚ ਜੁੜੇ ਵਿਦਿਆਰਥੀਆਂ ਨਾਲ 02 ਘੰਟੇ ਤੋਂ ਵੱਧ ਸਮਾਂ ਚਰਚਾ ਕੀਤੀ ਅਤੇ ਮਹੱਤਵਪੂਰਨ ਸੁਝਾਅ ਵੀ ਦਿੱਤੇ। ਵਿਦਿਆਰਥੀਆਂ ਲਈ ਫਾਇਦੇਮੰਦ ਅਜਿਹੇ ਉਪਰਾਲੇ ਸਕੂਲ ਪੱਧਰ ਤੇ ਸਕੂਲ ਪ੍ਰਬੰਧਕਾਂ ਅਤੇ ਮਾਪਿਆਂ ਵੱਲੋਂ ਘਰੇਲੂ ਪੱਧਰ ਤੇ ਵੀ ਕੀਤੇ ਜਾਣ ਤਾਂ ਇਸ ਦੇ ਸਾਰਥਕ ਨਤੀਜੇ ਨਿਕਲ ਸਕਦੇ ਹਨ।

ਵਿਦਿਆਰਥੀਆਂ ਦੇ ਸਾਲਾਨਾ ਪ੍ਰੀਖਿਆਵਾਂ ਨਜ਼ਦੀਕ ਆਉਂਦਿਆਂ ਹੀ ਵਿਦਿਆਰਥੀ ਜਿਥੇ ਤਨਾਅ ਵਿੱਚ ਰਹਿਣ ਲਗਦੇ ਹਨ, ਉਥੇ ਘਰ ਦਾ ਸਮੁੱਚਾ ਮਾਹੌਲ ਵੀ ਬੱਚਿਆਂ ਦੀ ਪੜ੍ਹਾਈ ਉਪਰ ਕੇਂਦਰਿਤ ਹੋ ਜਾਂਦਾ ਹੈ। ਮਾਤਾ ਪਿਤਾ ਵੀ ਬੱਚੇ ਦੀ ਪੜ੍ਹਾਈ ਨੂੰ ਲੈ ਕੇ ਪ੍ਰੀਖਿਆ ਦੇ ਦਿਨਾਂ ਵਿੱਚ ਚਿੰਤਤ ਦਿਖਾਈ ਦਿੰਦੇ ਹਨ। ਮੌਜੂਦਾ ਸਮੇਂ ਵਿੱਚ ਹਰ ਮਾਂ-ਬਾਪ ਦੀ ਇੱਛਾ ਹੁੰਦੀ ਹੈ ਕਿ , ਉਨ੍ਹਾਂ ਦਾ ਬੱਚਾ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਅੰਕ ਲੈ ਕੇ ਪਾਸ ਹੋਵੇ। ਇਸ ਲਈ ਉਹ ਅਕਸਰ ਹੀ ਬੱਚੇ ਉੱਪਰ ਪੜ੍ਹਾਈ ਲਈ ਲੋੜ ਤੋਂ ਵੱਧ ਦਬਾਅ ਬਣਾਉਂਦੇ ਹਨ। ਸਕੂਲ ਪ੍ਰਬੰਧਕਾਂ ਵੱਲੋਂ ਵੀ ਚੰਗੇ ਨਤੀਜੇ ਦੇਣ ਲਈ ਬੱਚੇ ਉੱਪਰ ਹੀ ਦਬਾ ਬਣਾਇਆ ਜਾਂਦਾ ਹੈ ਤਾਂ ਜੋ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਇਸ਼ਤਿਹਾਰ ਦੀ ਸਮੱਗਰੀ ਬਣਾਇਆ ਜਾ ਸਕੇ। ਸ਼ੋਸ਼ਲ ਮੀਡੀਆ ਉਪਰ ਪ੍ਰੀਖਿਆ ਵਿੱਚ ਵਧੀਆ ਅੰਕ ਦੀਆਂ ਪੋਸਟ ਅਤੇ ਹੁਸ਼ਿਆਰ ਵਿਦਿਆਰਥੀਆਂ ਨਾਲ ਤੁਲਨਾ ਕਰਨ ਵਰਗੇ ਹਲਾਤ ਵਿਦਿਆਰਥੀ ਉਪਰ ਪ੍ਰੀਖਿਆ ਦੇ ਦਿਨਾਂ ਵਿੱਚ ਤਣਾਅ ਗ੍ਰਸਤ ਮਾਹੌਲ ਪੈਦਾ ਕਰ ਦਿੰਦੇ ਹਨ। ਜਿਸ ਕਾਰਨ ਵਿਦਿਆਰਥੀ ਸਾਰਥਕ ਨਤੀਜੇ ਨਹੀਂ ਦੇ ਪਾਉਂਦਾ ।ਸਿੱਖਿਆ ਦਾ ਵਪਾਰੀਕਰਨ ਵੱਧਣ ਨਾਲ ਹੀ ਪ੍ਰੀਖਿਆ ਵਿੱਚ ਵੱਧ ਅੰਕ ਲੈਣ ਦੀ ਅੰਨ੍ਹੀ ਦੌੜ ਲੱਗ ਗਈ ਹੈ। ਕਿਸੇ ਸਮੇਂ 60 ਪ੍ਰਤੀਸ਼ਤ ਅੰਕ ਅਰਥਾਤ ਫਸਟ ਡਵੀਜ਼ਨ ਨੂੰ ਵੀ ਮਹੱਤਵਪੂਰਨ ਸਮਝਿਆ ਜਾਂਦਾ ਸੀ। ਪ੍ਰੰਤੂ ਅਜੋਕੇ ਯੁੱਗ ਵਿੱਚ 95 ਪ੍ਰਤੀਸ਼ਤ ਅੰਕ ਵੀ ਕਈ ਵਾਰ ਘੱਟ ਜਾਪਦੇ ਹਨ। ਸਿੱਖਿਆ ਦਾ ਅਸਲ ਉਦੇਸ਼ ਸਿਰਫ਼ ਪ੍ਰੀਖਿਆ ਵਿੱਚ ਪ੍ਰਾਪਤ ਅੰਕ ਹੀ ਨਹੀਂ ਹੈ । ਸਿੱਖਿਆ ਇੱਕ ਵਿਸ਼ਾਲ ਸ਼ਬਦ ਹੈ , ਜੋ ਬੱਚੇ ਨੂੰ ਜੀਵਨ-ਜਾਚ ਸਿਖਾਉਣ ਅਤੇ ਉਸ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੁੰਦੀ ਹੈ।

ਪ੍ਰੀਖਿਆ ਵਿਚ ਚੰਗੇ ਅੰਕ ਪ੍ਰਾਪਤ ਕਰਨਾ ਮੌਜੂਦਾ ਮੁਕਾਬਲੇ ਦੇ ਯੁੱਗ ਵਿੱਚ ਜਰੂਰਤ ਬਣ ਚੁੱਕਿਆ ਹੈ। ਪ੍ਰੀਖਿਆ ਖਾਸ ਤੌਰ ਤੇ ਉਨ੍ਹਾਂ ਵਿਦਿਆਰਥੀਆਂ ਲਈ ਬੋਝ ਬਣਦੀ ਹੈ, ਜਿਹੜੇ ਵਿਦਿਆਰਥੀ ਸਿਰਫ ਪ੍ਰੀਖਿਆ ਦੇ ਨਜ਼ਦੀਕ ਆਉਣ ਤੇ ਹੀ ਪੜ੍ਹਾਈ ਸ਼ੁਰੂ ਕਰਦੇ ਹਨ । ਪੜ੍ਹਾਈ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ । ਜਿਹੜੇ ਵਿਦਿਆਰਥੀ ਵਿਦਿਅਕ ਸੈਸ਼ਨ ਦੀ ਸ਼ੁਰੂਆਤ ਵਿੱਚ ਹੀ ਸਿਲੇਬਸ ਦੀ ਵੰਡ ਸੁਚੱਜੇ ਢੰਗ ਨਾਲ ਕਰ ਕੇ ਨਿਯਮਤ ਰੂਪ ਵਿੱਚ ਹਰ ਵਿਸ਼ੇ ਦੀ ਤਿਆਰੀ ਕਰਦੇ ਹਨ, ਉਨ੍ਹਾਂ ਨੂੰ ਪ੍ਰੀਖਿਆ ਦੇ ਦਿਨਾਂ ਵਿਚ ਬਹੁਤ ਘੱਟ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਪ੍ਰੀਖਿਆ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਸਭ ਤੋਂ ਮਹੱਤਵਪੂਰਨ ਨੁਕਤਾ ਹੈ ਕਿ

ਵਿਦਿਆਰਥੀ ਪੜ੍ਹਾਈ ਦੀ ਤਿਆਰੀ ਲਈ ਠੋਸ ਯੋਜਨਾਬੰਦੀ ਕਰੇ ਅਤੇ ਸਵੈ ਅਨੁਸ਼ਾਸਨ ਵਿੱਚ ਰਹਿਣ ਦੀ ਆਦਤ ਬਣਾਏ। ਸਭ ਤੋਂ ਪਹਿਲਾਂ ਤਾਂ ਹਰ ਵਿਸ਼ੇ ਦੇ ਸਿਲੇਬਸ ਸਬੰਧੀ ਪੂਰੀ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ। ਉਸ ਉਪਰੰਤ ਪ੍ਰਸ਼ਨ ਪੱਤਰ ਦਾ ਪੈਟਰਨ, ਚੈਪਟਰ ਅਨੁਸਾਰ ਨੰਬਰਾਂ ਦੀ ਵੰਡ ਅਤੇ ਪਿਛਲੇ ਸਾਲਾਂ ਦੇ ਪ੍ਰਸ਼ਨ-ਪੱਤਰਾ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨ ਨਾਲ ਪ੍ਰੀਖਿਆ ਦੀ ਤਿਆਰੀ ਕਰਨੀ ਆਸਾਨ ਹੋ ਜਾਂਦੀ ਹੈ।

ਪੜ੍ਹਾਈ ਕਰਨ ਦਾ ਸਭ ਤੋਂ ਚੰਗਾ ਤਰੀਕਾ ਹੈ, ਕਿ ਜਿਸ ਤਰੀਕੇ ਨਾਲ ਸਕੂਲ ਵਿੱਚ ਟਾਈਮ ਟੇਬਲ ਬਣਾਇਆ ਜਾਂਦਾ ਹੈ, ਉਸੇ ਹੀ ਤਰਜ਼ ਤੇ ਵਿਦਿਆਰਥੀ ਆਪਣਾ ਖੁਦ ਦਾ ਟਾਈਮ ਟੇਬਲ ਘਰ ਵਿੱਚ ਪੜਾਈ ਲਈ ਵੀ ਬਣਾਏ। ਹਰ ਵਿਸ਼ੇ ਲਈ ਠੋਸ ਯੋਜਨਾਬੰਦੀ ਕਰਦੇ ਹੋਏ, ਜ਼ਰੂਰਤ ਅਨੁਸਾਰ ਸਮਾਂ ਨਿਸ਼ਚਿਤ ਕੀਤਾ ਜਾਏ, ਸ਼ੁਰੂਆਤ ਥੋੜੇ ਸਮੇਂ ਤੋਂ ਕੀਤੀ ਜਾ ਸਕਦੀ ਹੈ। ਕੀ ਕਰਨਾ ਹੈ, ਕਦੋਂ ਕਰਨਾ ਹੈ ਅਤੇ ਕਿੰਨਾ ਪੜ੍ਹਨਾ ਹੈ ਨਿਸ਼ਚਿਤ ਕੀਤਾ ਜਾਵੇ। ਪੜ੍ਹਾਈ ਦੀ ਯੋਜਨਾ ਬਣਾਉਣ ਉਪਰੰਤ ਉਸ ਨੂੰ ਪੂਰਾ ਕਰਨ ਲਈ ਤਨਦੇਹੀ ਨਾਲ ਯਤਨ ਕੀਤੇ ਜਾਣ, ਖੁਦ ਤੇ ਵਿਸ਼ਵਾਸ ਕਰੋ, ਜਿਹੜੀਆਂ ਚੀਜ਼ਾਂ ਜਾਂ ਗਤੀਵਿਧੀਆਂ ਪੜ੍ਹਾਈ ਵਿੱਚ ਰੁਕਾਵਟ ਬਣਦੀਆਂ ਹਨ, ਉਹਨਾਂ ਤੋਂ ਦੂਰ ਰਿਹਾ ਜਾਵੇ। ਪੜ੍ਹਾਈ ਸਬੰਧੀ ਕੀਤੀ ਯੋਜਨਾ ਦਾ ਕੁਝ ਦਿਨ ਬਾਅਦ ਕੰਟਰੋਲ ਪ੍ਰਕਿਰਿਆ ਤਹਿਤ ਵਿਸ਼ਲੇਸ਼ਣ ਜਰੂਰ ਕੀਤਾ ਜਾਵੇ। ਕੀਤੇ ਹੋਏ ਕੰਮ ਦੀ, ਪਹਿਲਾਂ ਨਿਸ਼ਚਿਤ ਕੀਤੇ ਟਾਰਗੈਟ ਨਾਲ ਤੁਲਨਾ ਕੀਤੀ ਜਾਵੇ। ਜੇ ਪੜ੍ਹਾਈ ਯੋਜਨਾ ਅਨੁਸਾਰ ਚੱਲ ਰਹੀ ਹੈ, ਤਾਂ ਖੁਦ ਨੂੰ ਸ਼ਾਬਾਸ਼ ਜਰੂਰ ਦਿਓ। ਲੇਕਿਨ ਜੇ ਮਿਥੇ ਟੀਚੇ ਅਨੁਸਾਰ ਸਿਲੇਬਸ ਪੂਰਾ ਨਹੀਂ ਹੋਇਆ ਤਾਂ ਉਨ੍ਹਾਂ ਕਾਰਨਾਂ ਦਾ ਪਤਾ ਲਗਾਇਆ ਜਾਵੇ, ਜਿਹੜੇ ਪੜਾਈ ਵਿਚ ਰੁਕਾਵਟ ਬਣੇ ਹਨ। ਫਿਰ ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਲਈ ਯਤਨ ਕੀਤੇ ਜਾਨ। ਇਸ ਤਰੀਕੇ ਨਾਲ ਪੜ੍ਹਾਈ ਕਰਨ ਦੀ ਬਦੌਲਤ ਮੇਰੇ ਅਨੇਕਾਂ ਹੀ ਵਿਦਿਆਰਥੀ ਸਫ਼ਲਤਾ ਦੀਆਂ ਮੰਜ਼ਲਿਾਂ ਸਰ ਕਰ ਚੁਕੇ ਹਨ।



ਸਿੱਖਿਆ ਸਬੰਧੀ ਇੱਕ ਕਹਾਵਤ ਹੈ ਕਿ "ਸਿਖਿਆ ਲਈ ਚੰਗਾ ਵਾਤਾਵਰਨ ਬਣਾਓ, ਬਾਕੀ ਕੰਮ ਵਾਤਾਵਰਨ ਖੁਦ ਹੀ ਕਰ ਦੇਵੇਗਾ" ਇਸ ਲਈ ਪੜ੍ਹਾਈ ਹਮੇਸ਼ਾ ਸ਼ਾਂਤ, ਸਥਿਰ ਅਤੇ ਸੁਚੱਜੇ ਮਾਹੌਲ ਵਿੱਚ ਕਰਨੀ ਚਾਹੀਦੀ ਹੈ। ਇਸ ਦੇ ਹਮੇਸ਼ਾ ਹੀ ਸਾਰਥਕ ਨਤੀਜੇ ਨਿਕਲਦੇ ਹਨ। ਪੜ੍ਹਾਈ ਕਰਦੇ ਸਮੇਂ ਟੀ. ਵੀ., ਕੰਪਿਊਟਰ , ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਮੁਬਾਇਲ ਫੋਨ ਆਦਿ ਤੋਂ ਦੂਰੀ ਬਣਾਉਣੀ ਬੇਹੱਦ ਜ਼ਰੂਰੀ ਹੈ। ਪ੍ਰੀਖਿਆ ਦੀ ਤਿਆਰੀ ਕਰਦੇ ਸਮੇਂ ਇੰਟਰਨੈਟ ਅਤੇ ਮੋਬਾਈਲ ਫ਼ੋਨ ਦੀ ਵਰਤੋਂ ਸਿਰਫ਼ ਪੜ੍ਹਾਈ ਨਾਲ ਸਬੰਧਤ ਜਾਣਕਾਰੀ ਲੈਣ ਲਈ ਹੀ ਕੀਤੀ ਜਾਵੇ। ਪੜ੍ਹਾਈ ਲਈ ਇਕਾ-ਗਰਤਾ ਦਾ ਹੋਣਾ ਵੀ ਬੇਹੱਦ ਜ਼ਰੂਰੀ ਹੈ । ਪੂਰਾ ਦਿਨ ਕਿਤਾਬ ਲੈ ਕੇ ਬੈਠਣ ਨਾਲੋਂ ਥੋੜ੍ਹਾ ਸਮਾਂ ਮਨ ਲਗਾ ਕੇ ਪੜਨਾਂ ਜ਼ਿਆਦਾ ਲਾਹੇਵੰਦ ਸਾਬਿਤ ਹੁੰਦਾ ਹੈ।

ਪ੍ਰੀਖਿਆ ਲਈ ਸਕਾਰਾਤਮਕ ਤਨਾਅ ਜਾਂ ਥੋੜ੍ਹਾ ਜਿਹਾ ਡਰ ਵੀ ਜ਼ਰੂਰ ਹੋਣਾ ਚਾਹੀਦਾ ਹੈ,ਇਸ ਨਾਲ ਹੀ ਤਾਂ ਹੋਰ ਬੇਹਤਰ ਕਰਨ ਦੀ ਪ੍ਰੇਰਨਾ ਮਿਲਦੀ ਹੈ। ਪ੍ਰੰਤੂ ਨਕਾਰ-ਾਤਮਕ ਤਨਾਅ ਤੋਂ ਪੂਰੀ ਤਰ੍ਹਾਂ ਦੂਰ ਰਹਿਣਾ ਚਾਹੀਦਾ ਹੈ। ਪ੍ਰੀਖਿਆ ਦੇ ਨਜ਼ਦੀਕ ਵਿਦਿਆਰਥੀਆਂ ਨੂੰ ਸੋਚ ਦਾ ਦਾਇਰਾ ਵਰਤਮਾਨ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਇਸ ਸਮੇਂ ਭੁਤਕਾਲ ਦੀਆਂ ਨਾਕਾਮਯਾਬੀਆ ਅਤੇ ਭਵਿੱਖ ਨੂੰ ਲੈ ਕੇ ਚਿੰਤਿਤ ਹੋਣਾ ਨੁਕਸਾਨਦੇਹ ਸਾਬਿਤ ਹੁੰਦਾ ਹੈ।

ਪ੍ਰੀਖਿਆਵਾਂ ਦੇ ਦੌਰਾਨ ਨਕਾਰ-ਾਤਮਕ ਵਿਚਾਰ ਅਤੇ ਨਕਾਰਾਤਮਕ ਸੋਚ ਵਾਲੇ ਲੋਕਾਂ ਤੋਂ ਦੂਰੀ ਬਣਾ ਲੈਣੀ ਚਾਹੀਦੀ ਹੈ। ਪ੍ਰੀਖਿਆ ਦੀ ਤਿਆਰੀ ਸਬੰਧੀ ਚਰਚਾ ਸਿਰਫ਼ ਸੀਮਤ ਲੋਕਾਂ ਨਾਲ ਹੀ ਕਰਨੀ ਚਾਹੀਦੀ ਹੈ, ਜ਼ਿਆਦਾ ਚਰਚਾ ਵੀ ਹਾਨੀਕਾਰਕ ਹੈ। ਪੜ੍ਹਾਈ ਨਾਲ ਸਬੰਧਤ ਸ਼ੰਕੇ ਜਲਦ ਤੋਂ ਜਲਦ ਦੂਰ ਕਰ ਲੈਣੇ ਚਾਹੀਦੇ ਹਨ।

ਇਸ ਤੋ ਇਲਾਵਾ ਉਚਿਤ ਨੀਂਦ, ਸੰਤੁਲਿਤ ਖੁਰਾਕ, ਥੋੜੇ ਸਮੇਂ ਲਈ ਸਰੀਰਕ ਕਸਰਤ ਜਾਂ ਸੈਰ ਅਤੇ ਕੁਝ ਸਮੇਂ ਲਈ ਰੁਚੀ ਅਨੁਸਾਰ ਕੀਤੀਆਂ ਗਈਆਂ ਮਨੋਰੰਜਨਦਾਇਕ ਗਤੀਵਿਧੀਆਂ ਵਿਦਿਆਰਥੀ ਨੂੰ ਤਰੋ-ਤਾਜ਼ਾ ਰੱਖਦੀਆਂ ਹਨ ਅਤੇ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਦੇਣ ਲਈ ਸਹਾਈ ਹੁੰਦੀਆਂ ਹਨ।

ਪ੍ਰੀਖਿਆ ਆਪਣੇ ਆਪ ਦੀ ਕਾਬਲੀਅਤ ਅਤੇ ਮਿਹਨਤ ਨੂੰ ਜਾਨਣ ਦਾ ਇੱਕ ਮੌਕਾ ਹੈ , ਇਹ ਚੁਣੌਤੀ ਨਹੀਂ ਬਲਕਿ ਅਵਸਰ ਹੈ।

# ਰਾਮਚਰਿਤ ਮਾਨਸ ਨੂੰ ਲੈ ਕੇ ਵਿਵਾਦ, ਸਿਆਸੀ ਉਥਲ-ਪੁਥਲ

ਅਸਲ ਵਿੱਚ ਜਾਤ-ਪਾਤ ਕਾਰਨ ਅੱਜਕੱਲ੍ਹ ਲੋਕ ਬਾਣੀ ਅਤੇ ਤੁਕਾਂ ਦੇ ਅਰਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲੱਗ ਪਏ ਹਨ। ਇਸ ਦੇ ਪ੍ਰਸੰਗ ਨੂੰ ਕੱਟ ਕੇ, ਉਹ ਇਸ ਦੇ ਅਰਥ ਨਹੀਂ ਫੜਦੇ। ਪੁਰਾਤਨ ਸਮੇਂ ਦੇ ਗੁਰੂਕੁਲ ਵਿੱਚ ਹਰ ਜਾਤ ਅਤੇ ਫਿਰਕੇ ਦਾ ਵਿਅਕਤੀ ਪੜ੍ਹ ਕੇ ਉੱਚਾ ਹੋ ਜਾਂਦਾ ਸੀ। ਵੇਦਾਂ ਦੇ ਲਿਖਾਰੀ ਬ੍ਰਾਹਮਣ ਨਹੀਂ ਸਨ। ਵਾਲਮੀਕਿ ਰਾਮਾਇਣ ਕਿਸੇ ਬ੍ਰਾਹਮਣ ਨੇ ਨਹੀਂ ਲਿਖੀ। ਮਹਾਭਾਰਤ ਅਤੇ ਪੁਰਾਣ ਲਿਖਣ ਵਾਲੇ ਵੇਦ ਵਿਆਸ ਨਿਸ਼ਾਦ ਪੁੱਤਰੀ ਸਤਿਆਵਤੀ ਦੇ ਪੁੱਤਰ ਸਨ। ਰਾਮਚਰਿਤਮਾਨਸ ਹਿੰਦੂਆਂ ਲਈ ਕੇਵਲ ਇੱਕ ਧਾਰਮਿਕ ਪੁਸਤਕ ਨਹੀਂ ਹੈ ਬਲਕਿ ਜੀਵਨ ਦਾ ਇੱਕ ਫਲਸਫਾ ਹੈ ਅਤੇ ਰੀਤੀ-ਰਿਵਾਜਾਂ ਨਾਲ ਜੁੜਿਆ ਹੋਇਆ ਹੈ। ਮਾਨਸ ਕੋਈ ਪੁਸਤਕ ਨਹੀਂ ਸਗੋਂ ਮਨੁੱਖ ਦੇ ਚਰਿੱਤਰ ਨਿਰਮਾਣ ਦੀ ਯੂਨੀਵਰਸਿਟੀ ਹੈ ਅਤੇ ਇਸ ਨੂੰ ਲੋਕਾਂ ਦੇ ਕੰਮ ਅਤੇ ਵਿਹਾਰ ਵਿਚ ਸਾਫ਼ ਦੇਖਿਆ ਜਾ ਸਕਦਾ ਹੈ।

– ਡਾ: ਸਤਿਆਵਾਨ ਸੌਰਭ

ਜਦੋਂ ਅਸੀਂ ਰਾਮਾਇਣ ਵਿੱਚ ਭਗਵਾਨ ਸ੍ਰੀ ਰਾਮ ਬਾਰੇ ਪੜ੍ਹਦੇ ਹਾਂ ਅਤੇ ਅਜੋਕੇ ਸਮਾਜ ਵਿੱਚ ਜਾਤ-ਪਾਤ, ਰਾਜਨੀਤੀ ਦੇ ਆਧਾਰ 'ਤੇ ਰਾਮ ਨੂੰ ਵੰਡਣ ਵਾਲਿਆਂ ਬਾਰੇ ਪੜ੍ਹਦੇ ਹਾਂ, ਤਾਂ ਦੋਵਾਂ ਵਿੱਚ ਸੰਸਾਰ ਦਾ ਅੰਤਰ ਹੁੰਦਾ ਹੈ। ਰਾਮ ਵਰਗਾ ਕੋਈ ਨਹੀਂ, ਉਹ ਸਭ ਦੀ ਭਲਾਈ ਚਾਹੁੰਦਾ ਸੀ। ਭਗਵਾਨ ਰਾਮ ਨੂੰ ਭਾਰਤ ਲਈ ਆਦਰਸ਼ ਭਰਾ, ਹਨੂੰਮਾਨ ਲਈ ਮਾਲਕ, ਪਰਜਾ ਲਈ ਨੀਤੀ-ਕੁਸ਼ਲ ਅਤੇ ਨਿਆਂਪੂਰਨ ਰਾਜਾ, ਸੁਗ੍ਰੀਵ ਅਤੇ ਕੇਵਤ ਦੇ ਸਭ ਤੋਂ ਚੰਗੇ ਮਿੱਤਰ ਅਤੇ ਸੈਨਾ ਨੂੰ ਨਾਲ ਲੈ ਜਾਣ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਇਨ੍ਹਾਂ ਗੁਣਾਂ ਕਾਰਨ ਉਨ੍ਹਾਂ ਨੂੰ ਮਰਿਯਾਦਾ ਪੁਰਸ਼ੋਤਮ ਰਾਮ ਦੇ ਨਾਮ ਨਾਲ ਪੂਜਿਆ ਜਾਂਦਾ ਹੈ। ਅੱਜ ਜੇਕਰ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਸਾਡੇ ਵਿੱਚ ਉਸ ਵਰਗਾ ਗੁਣ ਹੈ? ਨਹੀਂ, ਫਿਰ ਅਸੀਂ ਉਸ ਦੀ ਸਿਆਸੀ ਇੱਛਾ ਪੂਰੀ ਕਰਨ ਲਈ ਉਸ ਦੇ ਨਾਂ 'ਤੇ ਰਾਜਨੀਤੀ ਕਿਉਂ ਕਰੀਏ?

ਰਾਮ ਤਿਆਗ ਦਾ ਸਰੂਪ ਹੈ, ਕੀ ਕੋਈ ਆਪਣਾ ਸਭ ਕੁਝ ਤਿਆਗ ਕੇ ਦੂਜਿਆਂ ਦਾ ਭਲਾ ਚਾਹੇਗਾ? ਸੰਸਾਰ ਵਿੱਚ ਕੋਈ ਵੀ ਅਜਿਹਾ ਵਿਅਕਤੀ ਨਹੀਂ ਜੋ ਉਸਦੀ ਜਗ੍ਹਾ ਲੈ ਸਕੇ। ਰਾਮ ਰਾਮ ਹੈ ਅਤੇ ਉਸਦਾ ਨਾਮ ਰਾਮ ਤੋਂ ਵੱਡਾ ਹੈ। ਇਸ ਲਈ ਘਿਣਾਉਣੇ ਇਰਾਦਿਆਂ ਨਾਲ ਰਾਜਨੀਤੀ ਕਰਨੀ ਬੰਦ ਕਰੋ। ਰਾਮ ਕਿਸੇ ਵਿਸ਼ੇਸ਼ ਜਾਤ ਲਈ ਨਹੀਂ ਬਣਾਇਆ ਗਿਆ ਜੋ ਉਸ ਨੂੰ ਸੁੱਧ ਹਿਰਦੇ ਨਾਲ ਪੂਜਦਾ ਹੈ, ਉਹ ਰਾਮ ਨੂੰ ਪਿਆਰਾ ਹੈ। ਜੇਕਰ ਅਸੀਂ ਰਾਮਚਰਿਤਮਾਨਸ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਸੰਦਰਭ ਵਿੱਚ ਸੋਚੀਏ ਤਾਂ ਕੀ ਸੈਂਕੜੇ ਸਾਲ ਪਹਿਲਾਂ ਲਿਖੇ ਇਸ ਮਹਾਂਕਾਵਿ ਵਿੱਚ ਕਿਸੇ ਬ੍ਰਾਹਮਣਵਾਦੀ ਜਾਂ ਮਰਦ-ਕਰਮੀ ਨੇ ਛੇੜਛਾੜ ਨਹੀਂ ਕੀਤੀ ਹੋਵੇਗੀ? ਆਪਣੀ ਕਵਿਤਾ ਵਿਚ ਕਈ ਉੱਚੇ ਪਾਤਰ ਸਿਰਜਣ ਵਾਲੇ ਮਹਾਨ ਕਵੀ ਦੇ ਮਨ ਵਿਚ ਨਿੱਕੇ-ਨਿੱਕੇ ਵਿਚਾਰ ਕਿਵੇਂ ਪ੍ਰਵੇਸ਼ ਕਰ ਸਕਦੇ ਹਨ? ਜਿਹੜਾ ਆਪਣੇ ਨਾਇਕ ਭੀਲਾਂ ਨੂੰ ਗਲਵੱਕੜੀ ਪਾ ਕੇ, ਸ਼ਬਰੀ ਦੀਆਂ ਨਕਲੀ ਬੇਰੀਆਂ ਖਾ ਕੇ ਹੀ ਨਹੀਂ, ਤੁੱਛ ਔਰਤ ਅਹਿਲਿਆ ਨੂੰ ਵੀ ਇੱਜ਼ਤ ਦੇਣ ਬਾਰੇ ਲਿਖਦਾ ਹੈ, ਉਹ ਸੂਦਰਾਂ ਅਤੇ ਔਰਤਾਂ ਵਿਰੁੱਧ ਸ਼ਬਦ ਕਿਵੇਂ ਲਿਖ ਸਕਦਾ ਹੈ?

ਜਿਸ ਨੇ ਖੁਦ ਤਤਕਾਲੀ ਬ੍ਰਾਹਮਣ ਸਮਾਜ ਦਾ ਬਾਈਕਾਟ ਕੀਤਾ ਅਤੇ ਭਾਸ਼ਾਈ ਪੱਧਰ 'ਤੇ ਬਗਾਵਤ ਕੀਤੀ। ਉਹ ਬ੍ਰਾਹਮਣਾਂ ਦਾ ਐਸਾ ਸਮਰਥਕ ਕਿਵੇਂ ਹੋ ਸਕਦਾ ਹੈ ਜੋ 'ਪੂਜਿਏ ਵਿਪ੍ਰ ਗਿਆਨ ਗੁਣ ਹੀਨਾ' ਲਿਖਦਾ ਹੈ? ਇਹ ਸੰਭਵ ਹੈ ਕਿ ਤੁਲਸੀਦਾਸ ਜੀ ਨੇ ਢੋਲ, ਗਵਾਰ, ਗੁੱਸੇ ਵਾਲਾ ਜਾਨਵਰ, ਢੋਲ ਦੀ ਥਾਂ ਰਾੜੀ, ਗਵਾਰ, ਸੂਦਰ ਜਾਨਵਰ, ਔਰਤ ਲਿਖਿਆ ਹੋਵੇ? ਅਤੇ ਕਿਸੇ ਮੂਰਖ ਨੇ ਇਸ ਨੂੰ ਆਪਣੀ ਸੋਚ ਅਨੁਸਾਰ ਬਣਾਇਆ ਹੈ? ਸਾਨੂੰ ਰਾਮ-ਚਰਿਤਮਾਨਸ ਨੂੰ ਡੂੰਘਾਈ ਨਾਲ ਅਤੇ ਇਸ ਤਰ੍ਹਾਂ ਦੁਬਾਰਾ ਸੰਪਾਦਿਤ ਕਰਨਾ ਹੋਵੇਗਾ ਕਿ ਦੋਹੇ ਅਤੇ ਦੋਹੇ ਨੂੰ ਕਵੀ ਦੀ ਪ੍ਰਵਿਰਤੀ ਦੇ ਉਲਟ ਸਮਝਣਾ ਅਤੇ ਪੇਸ਼ ਕਰਨਾ ਹੋਵੇਗਾ। ਇਹ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਰਾਮਚਰਿਤਮਾਨਸ ਕੇਵਲ ਇੱਕ ਮਹਾਂਕਾਵਿ ਹੀ ਨਹੀਂ ਹੈ, ਇਹ ਭਾਰਤੀ ਸਮਾਜ ਦੁਆਰਾ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਪੁਸਤਕ ਵੀ ਹੈ ਅਤੇ ਤੁਸੀਂ ਮਾਨਸ ਦੀਆਂ ਤੁਕਾਂ ਨੂੰ ਇੱਕ ਅਨਪੜ੍ਹ ਵਿਅਕਤੀ ਦੇ ਮੂੰਹੋਂ ਵੀ ਸੁਣ ਸਕਦੇ ਹੋ। ਭਾਰਤੀ ਜਨਤਾ ਲਈ। ਬਾਹਰ ਨਹੀਂ ਲਿਆ ਜਾ ਸਕਦਾ। ਹਾਂ, ਇਸ ਦੇ ਸੋਧੇ ਹੋਏ ਸੰਸਕਰਣ ਨੂੰ ਯਕੀਨੀ ਤੌਰ 'ਤੇ ਪ੍ਰਸਿੱਧ ਬਣਾਇਆ ਜਾ ਸਕਦਾ ਹੈ।

ਉਸ ਦੀ ਮੌਜੂਦਗੀ ਨਾਲ ਹੀ ਘਰ ਵਿੱਚ ਸ਼ੁਭ ਸੰਜੋਗ ਬਣੇ ਰਹਿੰਦੇ ਹਨ। ਰਾਮਚਰਿਤਮਾਨਸ ਅਤੇ ਸ਼੍ਰੀਮਦ ਭਾਗਵਤ ਗੀਤਾ ਹਰ ਵਿਸ਼ਵਾਸੀ ਅਤੇ ਨਾਸਤਿਕ ਸਨਾਤਨੀ ਦੇ ਘਰ ਵਿੱਚ ਹੋਣੀ ਚਾਹੀਦੀ ਹੈ। ਵਿਸ਼ਵਾਸ ਲਈ ਜਾਂ ਗਿਆਨ ਪ੍ਰਾਪਤ ਕਰਨ ਲਈ ਪੜ੍ਹੋ। ਤੁਸੀਂ ਆਪਣੇ ਖੁਦ ਦੇ ਉਪਯੋਗ ਕਰ ਸਕਦੇ ਹੋ। ਵਿਵਹਾਰ ਦੇ ਹੁਨਰ, ਪ੍ਰਬੰਧਨ, ਰਣਨੀਤੀ, ਸੰਕਟ ਦੇ ਸਮੇਂ ਸਮਝਦਾਰੀ ਨਾਲ ਕੰਮ ਕਰਨਾ, ਸਮਾਜਿਕ ਆਚਰਣ, ਪੈਸਾ ਪ੍ਰਬੰਧਨ ਆਦਿ ਬਹੁਤ ਕੁਝ ਸਿੱਖ ਸਕਦੇ ਹਨ। ਜਿੱਥੋਂ ਤੱਕ ਇਨ੍ਹਾਂ ਪਵਿੱਤਰ ਗ੍ਰੰਥਾਂ ਬਾਰੇ ਆਪਣੇ ਮੂੰਹ ਨਾਲ ਮਲ-ਮੂਤਰ ਕੱਢਦੇ ਹਨ, ਉਨ੍ਹਾਂ ਨੂੰ ਕੋਈ ਮਹੱਤਵ ਨਾ ਦਿਓ। ਉਹ ਆਪਣੇ ਮਾਤਾ-ਪਿਤਾ ਦੀ ਇੱਜ਼ਤ 'ਤੇ ਵੀ ਸਵਾਲ ਉਠਾ ਸਕਦੇ ਹਨ।ਅਜਿਹੇ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਮਾਪਿਆਂ ਨੇ ਆਪਣੇ ਵਿਆਹੁਤਾ ਰਿਸ਼ਤੇ ਨੂੰ ਕਾਇਮ ਰੱਖਿਆ ਹੈ, ਉਨ੍ਹਾਂ ਦੀ ਪੂਜਾ ਕਿਉਂ ਕੀਤੀ ਅਤੇ ਉਨ੍ਹਾਂ ਦੇ ਪੈਰਾਂ ਨੂੰ ਕਿਉਂ ਛੂਹਿਆ? ਕੀ ਕਿਸੇ ਨੂੰ ਪਤਾ ਹੈ ਕਿ ਜਿਸ ਦੌਰ ਵਿਚ ਗ੍ਰੰਥਾਂ ਦੀ ਰਚਨਾ ਹੋਈ ਸੀ ਉਸ ਸਮੇਂ ਵਿਚ ਸ਼ਬਦ, ਭਾਸ਼ਾ ਸ਼ੈਲੀ, ਜਾਤ-ਪਾਤ ਕਿਵੇਂ ਪ੍ਰਚਲਿਤ ਸੀ? ਅਸੀਂ ਉਹ ਲੋਕ ਹਾਂ ਜੋ ਰਾਵਣ ਤੋਂ ਵੀ ਗਿਆਨ ਲੈਣ ਤੋਂ ਨਹੀਂ ਝਿਜਕਦੇ। ਰਾਮਚਰਿਤਮਾਨਸ ਭਾਰਤ ਦੀਆਂ ਪਰੰਪਰਾਵਾਂ ਦਾ ਸਾਰ ਹੈ। ਮਾਨਸ ਆਪਣੇ ਆਪ ਵਿੱਚ ਭਾਰਤ ਹੈ। ਅਤੇ ਕੇਵਲ ਮਾਨਸ ਹੀ ਭਾਰਤ ਹੈ। ਕੇਵਲ ਮਾਨਸ ਹੀ ਸਦੀਵੀ ਹੈ। ਭਾਰਤ ਵਿੱਚ ਜੋ ਵੀ ਪ੍ਰਸ਼ੰਸਾਯੋਗ ਹੈ, ਉਹ ਨਕਲ ਕਰਨ ਯੋਗ ਹੈ। ਬਚਾਉਣ ਦੇ ਯੋਗ। ਇਹ ਸਭ ਮਨ ਵਿਚ ਹੀ ਹੈ।

ਇਹ ਦੇਸ਼ ਅੱਜ ਮਾਨਸ ਨੂੰ ਸਮਝ ਨਹੀਂ ਸਕਿਆ। ਸ਼ਬਰੀ ਭੀਲ, ਕੇਵਤ, ਅਹਿਲਿਆ ਨੂੰ ਸਮਝਣ ਦੇ ਸਮਰੱਥ ਨਹੀਂ। ਸਮਝ ਨਹੀਂ ਆਉਂਦੀ, ਜਿਸ ਨੂੰ ਅਸੀਂ ਬਾਂਦਰਾਂ ਅਤੇ ਰਿੱਛਾਂ ਦੀ ਫੌਜ ਕਹਿੰਦੇ ਹਾਂ, ਇਸ ਦੇਸ਼ ਦੀ ਕਬਾਇਲੀ ਪਰੰਪਰਾ ਰਹੀ ਹੈ। ਜਿਨ੍ਹਾਂ ਨੂੰ ਅਸੀਂ ਵੰਚਿਤ ਸਮਝਦੇ ਹਾਂ, ਉਹ ਹੀ ਅਸਲ ਯੋਧੇ, ਰਾਮ ਜੀ ਦੀ ਲੜਾਈ ਦੇ ਅਸਲੀ ਨਾਇਕ ਰਹੇ ਹਨ। ਮਾਨਸ ਆਪਣੇ ਆਪ ਵਿੱਚ ਸਾਰ ਹੈ। ਹਰ ਦੋਹ, ਪਉੜੀ ਅਤੇ ਚੌਪਈ, ਇਸ ਕੌਮ ਦੀ ਵਿਲੱਖਣ, ਬੇਮਿਸਾਲ, ਸਰਬ-ਵਿਆ-ਪਕ ਜੀਵਨ ਪਰੰਪਰਾ ਦਾ ਸੂਚਕ ਹੈ। ਮਾਨਸ ਦਾ ਅਪਮਾਨ ਕਰਨਾ ਆਪਣੇ ਆਪ ਵਿੱਚ ਭਾਰਤ ਦਾ ਅਪਮਾਨ ਹੈ। ਇਸ ਤੋਂ ਵੱਡਾ ਦੇਸ਼ਧ੍ਰੋਹ ਨਹੀਂ ਹੋ ਸਕਦਾ। ਸਮੁੱਚੇ ਹਿੰਦੂ ਸਮਾਜ, ਸਰਕਾਰ ਅਤੇ ਲੋਕਾਂ ਨੂੰ ਜਾਗਣਾ ਪਵੇਗਾ। ਆਪਣੀ ਮਰਦਾਨਗੀ, ਆਪਣੀ ਨਪੁੰਸਕਤਾ, ਮਾਮੂਲੀ ਸਿਆਸੀ ਸਵਾਰਥ, ਨਫੇ-ਨੁਕਸਾਨ ਦੀ ਕੁਰਬਾਨੀ ਛੱਡ ਕੇ, ਤੁਹਾਨੂੰ ਅੱਗ ਵਾਂਗ ਸੜਨਾ ਪਵੇਗਾ। ਸਮਾਜ, ਧਰਮ, ਸਰਕਾਰ ਅਤੇ ਅਸੀਂ, ਜੋ ਮਨ ਦੀ ਇੱਜ਼ਤ ਰੱਖਣ ਤੋਂ ਅਸਮਰੱਥ ਹਾਂ, ਕੱਲ੍ਹ ਨੂੰ ਸਾਡੀ ਮਾਂ, ਸਾਡੀ ਭੈਣ, ਸਾਡੀ ਧੀ, ਸਾਡੀ ਰੂਹ ਦੀ ਇੱਜ਼ਤ ਗੁਆ ਬੈਠਾਂਗੇ।

ਅਸਲ ਵਿੱਚ ਜਾਤ-ਪਾਤ ਕਾਰਨ ਅੱਜਕੱਲ੍ਹ ਲੋਕ ਬਾਣੀ ਅਤੇ ਤੁਕਾਂ ਦੇ ਅਰਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲੱਗ ਪਏ ਹਨ। ਇਸ ਦੇ ਪ੍ਰਸੰਗ ਨੂੰ ਕੱਟ ਕੇ, ਉਹ ਇਸ ਦੇ ਅਰਥ ਨਹੀਂ ਫੜਦੇ। ਪੁਰਾਤਨ ਸਮੇਂ ਦੇ ਗੁਰੂਕੁਲ ਵਿੱਚ ਹਰ ਜਾਤ ਅਤੇ ਫਿਰਕੇ ਦਾ ਵਿਅਕਤੀ ਪੜ੍ਹ ਕੇ ਉੱਚਾ ਹੋ ਜਾਂਦਾ ਸੀ। ਵੇਦਾਂ ਦੇ ਲਿਖਾਰੀ ਬ੍ਰਾਹਮਣ ਨਹੀਂ ਸਨ। ਵਾਲਮੀਕਿ ਰਾਮਾਇਣ ਕਿਸੇ ਬ੍ਰਾਹਮਣ ਨੇ ਨਹੀਂ ਲਿਖੀ। ਮਹਾਭਾਰਤ ਅਤੇ ਪੁਰਾਣ ਲਿਖਣ ਵਾਲੇ ਵੇਦ ਵਿਆਸ ਨਿਸ਼ਾਦ ਪੁੱਤਰੀ ਸਤਿਆਵਤੀ ਦੇ ਪੁੱਤਰ ਸਨ। ਰਾਮਚਰਿਤਮਾਨਸ ਹਿੰਦੂਆਂ ਲਈ ਕੇਵਲ ਇੱਕ ਧਾਰਮਿਕ ਪੁਸਤਕ ਨਹੀਂ ਹੈ ਬਲਕਿ ਜੀਵਨ ਦਾ ਇੱਕ ਫਲਸਫਾ ਹੈ ਅਤੇ ਰੀਤੀ-ਰਿਵਾਜਾਂ ਨਾਲ ਜੁੜਿਆ ਹੋਇਆ ਹੈ। ਮਾਨਸ ਕੋਈ ਪੁਸਤਕ ਨਹੀਂ ਸਗੋਂ ਮਨੁੱਖ ਦੇ ਚਰਿੱਤਰ ਨਿਰਮਾਣ ਦੀ ਯੂਨੀਵਰਸਿਟੀ ਹੈ ਅਤੇ ਇਸ ਨੂੰ ਲੋਕਾਂ ਦੇ ਕੰਮ ਅਤੇ ਵਿਹਾਰ ਵਿਚ ਸਾਫ਼ ਦੇਖਿਆ ਜਾ ਸਕਦਾ ਹੈ।

## ਅੱਜ ਨਾਮਾ

ਲੱਗੀ ਹੋਣ ਕੋਈ ਨਵੀਂ ਪੜਤਾਲ ਸੁਣਿਆ,
ਕਿਸ ਪਿੰਡ ਕਿੰਨੀ ਸੀ ਗਈ ਗਰਾਂਟ ਬੇਲੀ।
ਕਰਨੀ ਆ ਪੂਰੇ ਪੰਜਾਬ ਵਿੱਚ ਜਾਂਚ ਪਿੱਛੋਂ,
ਪੰਜ ਕੁ ਸੌ ਪਿੰਡ ਅਗੇਤੇ ਲਏ ਛਾਂਟ ਬੇਲੀ।
ਆਈ ਰਕਮ ਵਿਕਾਸ ਲਈ ਨਹੀਂ ਖਰਚੀ,
ਕਈ ਥਾਂ ਕੀਤੜੀ ਆ ਬੰਦਰ-ਬਾਂਟ ਬੇਲੀ।
ਖਾਧਾ ਕਈ ਵਿਧਾਇਕਾਂ ਵੀ ਮਾਲ ਸੁਣਿਆ,
ਜਿਹੜੇ ਕੁਝ ਬਹੁਤ ਹੀ ਸਨ ਖਰਾਂਟ ਬੇਲੀ।
ਫੈਕਟਰੀ ਟਾਈਲ ਦੀ ਸੁਣੀ ਹੈ ਕਿਸੇ ਲਾਈ,
ਲਈ ਉਹ ਮਾਲ ਕਮਾਉਣ ਨੂੰ ਵਰਤ ਬੇਲੀ।
ਫਸਣਗੇ ਬੇਸ਼ੱਕ ਵਿਧਾਇਕ ਸਰਪੰਚ ਬੇਲੀ,
ਛਕਿਆ ਮਾਲ ਨਹੀਂ ਆਊਗਾ ਪਰਤ ਬੇਲੀ।

ਤੀਸ ਮਾਰ ਖਾਂ

# ਬੈਲਿਸਟਿਕ ਹੈਲਮਟ ਬਨਾਮ ਸਿਆਸਤ

ਇਹ ਪਹਿਲੀ ਵਾਰ ਹੈ ਕਿ ਕਿਸੇ ਭਾਰਤੀ ਸਰਕਾਰ ਨੇ ਸਿੱਖਾਂ ਦੇ ਲੰਬੇ ਵਾਲਾਂ ਅਤੇ ਜੂੜੇ ਪ੍ਰਤੀ ਸੰਵੇਦਨਸ਼ੀਲਤਾ ਦਿਖਾਈ ਅਤੇ ਉਹਨਾਂ ਦੀ ਸੰਭਾਲ ਨੂੰ ਧਿਆਨ 'ਚ ਰੱਖਦਿਆਂ ਵਿਸ਼ੇਸ਼ ਲੜਾਕੂ ਹੈੱਡਗੇਅਰ ਦਾ ਆਦੇਸ਼ ਦਿੱਤਾ ਹੈ। ਪਿਛਲੇ ਇਕ ਮਾਹ ਤੋਂ ਕੇਂਦਰ ਸਰਕਾਰ ਦੀ ਸਿੱਖ ਸੈਨਿਕਾਂ ਲਈ ਬੈਲਿਸਟਿਕ ਹੈਲਮਟ ਯੋਜਨਾ ਕਾਫੀ ਚਰਚਾ ਵਿਚ ਰਹਿਣ ਦੇ ਬਾਵਜੂਦ ਕਿਸੇ ਅਧਿਕਾਰਤ ਐਲਾਨ ਜਾਂ ਅਮਲ ਦੀ ਅਣਹੋਂਦ ਵਿਚ ਇਸ ਵਿਸ਼ੇ 'ਤੇ ਕੁਝ ਵੀ ਕਿਹਾ ਜਾਣਾ ਸੰਭਵ ਨਹੀਂ ਸੀ, ਪਰ ਹੁਣ ਇਸ ਮੁੱਦੇ 'ਤੇ ਕੌਮੀ ਘਟ ਗਿਣਤੀ ਕਮਿਸ਼ਨ ਵੱਲੋਂ ਸਿੱਖ ਸੰਸਥਾਵਾਂ ਦੀ ਬੁਲਾਈ ਗਈ ਮੀਟਿੰਗ ਉਪਰੰਤ ਇਸ ਵਿਸ਼ੇ 'ਤੇ ਵਿਚਾਰ ਚਰਚਾ ਜ਼ਰੂਰੀ ਹੈ। ਇਹ ਇਕ ਅਟੱਲ ਸਚਾਈ ਹੈ ਕਿ ਆਰਮੀ ਕਿਸੇ ਵੀ ਧਾਰਮਿਕ ਮੁੱਦਿਆਂ ਬਾਰੇ ਬਹੁਤ ਸੰਵੇਦਨਸ਼ੀਲ ਰਹਿੰਦੀ ਹੈ।

ਬੈਲਿਸਟਿਕ ਹੈਲਮਟ ਨੂੰ ਲੋਹ ਟੋਪ ਗਰਦਾਨਦਿਆਂ ਵਿਸ਼ਵ ਯੁੱਧਾਂ ਅਤੇ ਬਾਅਦ 'ਚ ਹੋਈਆਂ ਲੜਾਈਆਂ ਵਿਚ ਸਿੱਖ ਸੈਨਿਕਾਂ ਵੱਲੋਂ ਲੋਹ ਟੋਪ ਨਾ ਪਹਿਨਣ ਦੀ ਦਲੀਲ ਤੋਂ ਇਲਾਵਾ ਸਿੱਖੀ ਵਿਚ ਟੋਪੀ ਵਿਵਰਜਿਤ ਹੋਣ ਬਾਰੇ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ 'ਚ ਦਰਜ਼ ''ਹੋਏ ਸਿੱਖ ਸਿਰ ਟੋਪੀ ਧਰੈ ਸਾਤ ਜਨਮ ਕੁਸ਼ਟੀ ਹੋਏ ਮਰੈ।'' ਨੂੰ ਅਧਾਰ ਬਣਾ ਕੇ ਕੁਝ ਹਲਕਿਆਂ ਵੱਲੋਂ ਕੀਤੀ ਜਾ ਰਹੀ ਅਲੋਚਨਾ ਦੇ ਮੱਦੇਨਜ਼ਰ ਇਹ ਵਿਚਾਰਨ ਦੀ ਲੋੜ ਹੈ ਕਿ, ਕੀ ਇਹ ਉਹੋ ਟੋਪੀ ਹੈ, ਜਿਸ ਦੀ ਸਿੱਖ ਰਹਿਤ ਮਰਯਾਦਾ ਵਿਚ ਵਿਵਰਜਿਤ ਹੈ। ਟੋਪੀ ਦਸਤਾਰ ਦਾ ਬਦਲ ਹੈ। ਕੇਸਾਧਾਰੀ ਸਿੱਖ ਦਸਤਾਰ ਸਜਾਉਂਦੇ ਹਨ, ਜਦੋਂ ਕਿ ਮੋਨੇ ਲੋਕ ਸਿਰ 'ਤੇ ਟੋਪੀ ਰੱਖਦੇ ਹਨ। ਕੇਸ ਕਤਲ ਕਰਨ ਦੇ ਪਤਿਤਪੁਣੇ ਨੂੰ ਰੋਕਣ ਵਾਸਤੇ ਟੋਪੀ ਨੂੰ ਵਰਜਿਤ ਕਰਨਾ ਜ਼ਰੂਰੀ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੁਣ ਫ਼ੌਜਾਂ ਦੀ ਯੁੱਧ ਕਲਾ, ਤੌਰ ਤਰੀਕੇ, ਰਣਨੀਤੀ ਅਤੇ ਫ਼ੌਜੀ ਸਾਜੋ ਸਮਾਨ ਵਿਚ ਬਹੁਤ ਸਾਰੇ ਬਦਲਾਅ ਅਤੇ ਵਿਕਾਸ ਆ ਚੁੱਕਿਆ ਹੈ। ਹੁਣ ਇਕ ਫ਼ੌਜੀ ਆਪਣੇ ਆਪ ਵਿਚ ਪੂਰਾ ਸਿਸਟਮ ਅਤੇ ਫ਼ੌਜੀ ਸਾਜੋ ਸਮਾਨ ਨਾਲ ਲੈ ਕੇ ਚਲਦਾ ਹੈ।

ਇਹ ਪਹਿਲੀ ਵਾਰ ਹੈ ਕਿ ਕਿਸੇ ਭਾਰਤੀ ਸਰਕਾਰ ਨੇ ਸਿੱਖਾਂ ਦੇ ਲੰਬੇ ਵਾਲਾਂ ਅਤੇ ਜੂੜੇ ਪ੍ਰਤੀ ਸੰਵੇਦਨਸ਼ੀਲਤਾ ਦਿਖਾਈ ਹੈ ਅਤੇ ਉਹਨਾਂ ਦੀ ਸੰਭਾਲ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇਸ਼ ਬੈਲਿਸਟਿਕ ਹੈਲਮਟ ਖਅਵਰੋ ੍ਹਛ 111 ਠ, ਨੂੰ ਸਿਰ ਦੇ ਆਕਾਰ ਦੇ ਮੁਤਾਬਿਕ ਡਿਜ਼ਾਈਨ ਕੀਤਾ ਗਿਆ ਹੈ। ਜਿਸ ਵਿੱਚ ਵਿਸ਼ਵ ਵਿਆਪੀ ਆਧੁਨਿਕ ਨਵੀਨਤਮ ਯੁੱਧ ਤਕਨੀਕਾਂ ਦੀਆਂ ਲੋੜਾਂ ਅਨੁਸਾਰ ਰਾਤ ਸਮੇਂ ਦੇਖਿਆ ਜਾ ਸਕਣ ਵਾਲਾ ਇਨਫਰਾਰੈਡ ਡਿਵਾਈਸ, ਕਮਿਊਨੀਕੇਸ਼ਨ ਭਾਵ ਸੰਚਾਰ ਉਪਕਰਨ ਹੈਡਫੋਨ ਅਤੇ ਅੱਜ ਦੀ ਜੰਗੀ ਮਾਹੌਲ 'ਚ ਪ੍ਰਮੁੱਖਤਾ ਹਾਸਲ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕੀਤੀ ਗਈ ਹੈ। ਸਿੱਖ ਫ਼ੌਜੀਆਂ ਲਈ ਤਿਆਰ ਕੀਤਾ ਗਿਆ ਇਹ ਇੱਕ ਇਕ ਸੈਨਿਕ ਆਪ੍ਰੇਸ਼ਨ ਹੈਡਗੇਅਰ ਹੈ, ਜਿਸ ਨੂੰ ਟੋਪੀ ਜਾਂ ਲੋਹ ਟੋਪ ਕਹਿਣਾ ਗ਼ਲਤ ਹੋਵੇਗਾ। ਭਾਰਤੀ ਫੌਜ ਦੇ ਸਾਰੇ ਸੈਨਿਕਾਂ ਲਈ ਬੈਲਿਸਟਿਕ ਲੜਾਕੂ ਹੈੱਡਗੇਅਰ ਧਾਰਨ ਕਰਨਾ ਲਾਜ਼ਮੀ ਹੋਵੇਗਾ। ਜਿਸ ਨੂੰ ਪਹਿਨੇ ਬਿਨਾਂ ਮੈਦਾਨੇ ਜੰਗ ਵਿੱਚ ਲੜਨ ਦੇ ਯੋਗ ਨਹੀਂ ਹੋਵੇਗਾ। ਵਿਸ਼ੇਸ਼ ਲੜਾਕੂ ਹੈੱਡਗੇਅਰ ਦੀ ਖ਼ਾਸੀਅਤ ਇਹ ਹੈ ਕਿ ਇਹ ਹਰ ਤਰ੍ਹਾਂ ਦੇ ਜੰਗਜੂ ਮਾਹੌਲ ਤੇ ਮੌਸਮ ਵਿੱਚ ਸੈਨਿਕ ਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਲਈ ਸਮਰੱਥ ਹੈ। ਹੈਡਗੇਅਰ ਰਾਹੀਂ ਇਕ ਫ਼ੌਜੀ ਨੂੰ ਉਹ ਸਾਰੀ ਜ਼ਰੂਰੀ ਜਾਣਕਾਰੀ ਮਿਲਦੀ ਹੈ, ਜੋ ਜੰਗੀ ਕੁਸ਼ਲਤਾ ਲਈ ਜ਼ਰੂਰੀ ਹੈ। ਇਹ



ਆਧੁਨਿਕ ਫ਼ੌਜੀ ਸਾਜੋ ਸਮਾਨ ਦਾ ਜ਼ਰੂਰੀ ਹਿੱਸਾ ਹੈ। ਇਸ ਨੂੰ ਆਧੁਨਿਕ ਯੁੱਧ ਯੰਤਰ ਦੇ ਇਕ ਅਹਿਮ ਹਿੱਸੇ ਵਜੋਂ ਕਿਸੇ ਆਪ੍ਰੇਸ਼ਨ ਜਾਂ ਜੰਗ ਸਮੇਂ ਪਹਿਨਿਆ ਜਾਵੇਗਾ। ਆਮ ਰੁਟੀਨ ਵਿਚ ਨਹੀਂ। ਸਿੱਖ ਸੈਨਿਕਾਂ ਕੋਲ ਆਮ ਰੁਟੀਨ ਲਈ ਤਿੰਨ ਵੱਖ ਵੱਖ ਯੂਨੀਫ਼ਾਰਮ ਹਨ। ਹਰੇ ਰੰਗ ਦੀ ਸਧਾਰਨ ਵਰਦੀ, ਲਾਲ ਦਸਤਾਰ ਨਾਲ ਪਰੇਡ ਵਰਦੀ ਅਤੇ ਜੰਗ ਲਈ ਕੌਂਬੈਟ ਵਰਦੀ। ਹੁਣ ਤਕ ਹੈਡਗੇਅਰ ਦੀ ਵਰਤੋਂ ਟੈਂਕ ਅਤੇ ਲੜਾਕੂ ਹਵਾਈ ਜਹਾਜ਼ਾਂ ਵਿਚ ਸਵਾਰ ਹੋਣ ਸਮੇਂ ਇਕ ਦੂਜੇ ਨਾਲ ਕਮਿਊਨੀਕੇਸ਼ਨ ਲਈ ਛੋਟੀ ਦਸਤਾਰ ਜਾਂ ਪਟਕੇ ਉੱਪਰ ਪਹਿਨ ਕੇ ਕੀਤੀ ਜਾਂਦੀ ਹੈ।

ਨਿਰਸੰਦੇਹ ਸਿੱਖੀ 'ਚ ਮਨੁੱਖ ਅਤੇ ਮਨੁੱਖਤਾ ਬਹੁਤ ਅਨਮੋਲ ਹੈ। ਮਾਨਵ ਜੀਵਨ ਦੁਰਲੱਭ ਹੈ। ''ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥'' ਗੁਰਬਾਣੀ ਮਾਨਵ ਜੀਵਨ ਦੀ ਕਦਰ ਅਤੇ ਇਸ ਕਾਇਆ ਦੀ ਸੰਭਾਲ ਦੀ ਪ੍ਰੇਰਣਾ ਦਿੰਦੀ ਹੈ। ਮਾਨਵ-ਕਾਇਆ ਨੂੰ ''ਇਸ ਦੇਹੀ ਕਉ ਸਿਮਰਹਿ ਦੇਵ'' ਦਾ ਮੁਕਾਮ ਹਾਸਿਲ ਹੈ। ਇਹ ਦੇਹੀ ਰੱਬ ਦਾ ਵਰਦਾਨ ਹੈ ਅਤੇ ਕੁਦਰਤ ਵਿਚ ਅਕਾਲ ਪੁਰਖ ਨੇ ਇਸ ਨੂੰ ਸਿਰਦਾਰੀ ਦਿੱਤੀ ਹੈ। ਇਸ ਦੀ ਹਾਨੀ ਕਰਨ ਵਾਲਾ ਮਹਾਂਪਾਪੀ, ''ਆਤਮ ਘਾਤੀ ਹੈ ਜਗਤ ਕਸਾਈ ॥'' ਹੈ। ਇਸ ਦੇਹੀ ਦੀ ਆਹੂਤੀ ਤਦੋਂ ਹੀ ਸਾਰਥਿਕ ਹੈ, ਜਦੋਂ ਕਠਿਨ ਹਾਲਾਤ ਵਿਚ ਲੱਖਾਂ ਦਾ ਜੀਵਨ ਬਚਾਉਣ ਵਾਸਤੇ ਇਸ ਤਨ ਨੂੰ ਕੁਰਬਾਨ ਕਰਨ ਦੀ ਅਣਸਰਦੀ ਆਵੱਸ਼ਕਤਾ ਆਣਬਣੇ।

ਦਸਤਾਰ ਅਤੇ ਕੇਸ ਆਦਿ ਸਿੱਖੀ ਦੀ ਸ਼ਾਨ, ਮਾਣ ਸਨਮਾਨ ਅਤੇ ਸਿੱਖ ਅਖਵਾਉਣ ਦੇ ਬੁਨਿਆਦ ਹਨ, ਜਿਨ੍ਹਾਂ ਦੀ ਰੱਖਿਆ ਲਈ ਸਿੱਖ ਹਰ ਕੁਰਬਾਨੀ ਦੇ ਸਕਦਾ ਹੈ। ਪਰ ਜੇ ਇਨ੍ਹਾਂ ਨੂੰ ਸਲਾਮਤ ਰੱਖ ਕੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਬਦਲਵੇਂ ਪ੍ਰਬੰਧ ਕਰ ਲਏ ਜਾਣ ਤਾਂ ਇਸ ਵਿਚ ਧਰਮ ਦੀ ਕੀ ਹਾਨੀ ਹੈ? ਸਿੱਖ ਪਰੰਪਰਾ 'ਚ ਜੰਗ ਸਮੇਂ ਸਿਰ ਦੀ ਸੁਰੱਖਿਆ ਲਈ ਕਵਚ ਦੀ ਆਗਿਆ ਦੇਣ ਦਾ ਹਵਾਲਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਕ੍ਰਿਤੀ ਸ਼ਸਤਰਨਾਮਮਾਲਾ ਵਿਚ ਹਮਲਾਵਰ ਹਥਿਆਰਾਂ ਤੋਂ ਇਲਾਵਾ ਸੰਜੋਅ, ਸੰਨਾਹ, ਖੋਲ ਆਦਿ ਸੁਰੱਖਿਆ ਕਵਚਾਂ ਦਾ ਵੀ ਉਲੇਖ ਮਿਲਦਾ ਹੈ। ਸੈਨਿਕ ਇਤਿਹਾਸਕਾਰਾਂ ਮੁਤਾਬਿਕ ਮੱਧਕਾਲੀ ਇਤਿਹਾਸ ਵਿੱਚ ਸਿੱਖ ਮਿਸਲਾਂ ਵੇਲੇ ਵੀ ਸਿੱਖ ਸੈਨਿਕ ਹੈਲਮਟ ਪਹਿਨਦੇ ਸਨ। ਬਹੁਤ ਸਾਰੀਆਂ ਪੁਰਾਣੀਆਂ ਤਸਵੀਰਾਂ ਮਿਲਦੀਆਂ ਹਨ, ਜਿਨ੍ਹਾਂ 'ਚ ਜੁਝਾਰੂ ਸਿੱਖ ਸਰਦਾਰ ਦਸਤਾਰ ਦੇ ਹੇਠ ਲੋਹ-ਟੋਪ ਪਹਿਨੇ ਹੋਏ ਹਨ। ਇਨ੍ਹਾਂ ਤਸਵੀਰਾਂ ਵਿਚ ਬਾਬਾ ਬੰਦਾ ਸਿੰਘ ਤੋਂ ਇਲਾਵਾ ਸਰਦਾਰ ਹਰੀ ਸਿੰਘ ਨਲਵਾ ਵੀ ਸ਼ਾਮਿਲ ਹਨ । ਇਸੇ ਤਰਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜੀ ਵਰਦੀ ਦਾ ਇਕ ਲੋਹੇ ਦਾ ਟੋਪ ਜਿਸ ਵਿਚ ਜੂੜੇ ਲਈ ਥਾਂ ਬਣੀ ਹੋਈ ਹੈ, ਕੰਪਨੀ ਕੁਲੈਕਸ਼ਨ ਸਮਿਥਸੋਨੀਅਨ ਮਿਊਜ਼ੀਅਮ ਵਾਸ਼ਿੰਗਟਨ ਵਿਚ ਮੌਜੂਦ ਦੱਸਿਆ ਜਾਂਦਾ ਹੈ। ਜੇਕਰ ਇਤਿਹਾਸਿਕ ਪ੍ਰਮਾਣ ਦੀ ਗਲ ਕਰੀਏ ਤਾਂ ਪੰਥ ਪ੍ਰਵਾਨਿਤ ਭਾਈ ਰਤਨ ਸਿੰਘ ਭੰਗੂ 'ਸ਼੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਭਾਈ ਸੁਖਾ ਸਿੰਘ ਲੋਹ ਟੋਪ ਪਹਿਨ ਕੇ ਗਿਲਜਿਆਂ (ਅਫ਼ਗਾਨੀਆਂ) ਨਾਲ ਯੁੱਧ ਕਰਨ ਦਾ ਵਰਣਨ ਕਰਦੇ ਹਨ। ''ਸੁਖਾ ਸਿੰਘ ਭੀ ਸੰਜੋਯ ਮੰਗਾਯੋ। ਦਸਤ ਦਸਤਾਨੇ ਸਿਰ ਟੋਪ ਟਿਕਾਯੋ।'' ਉਸ ਵਕਤ ਦਾ ਸਿੱਖ ਲੋਹ-ਟੋਪ, ਸੰਜੋਅ ਆਦਿ ਦਾ ਵਿਰੋਧ ਨਹੀਂ ਕਰਦਾ, ਬਲਕਿ ਸਾਰੇ ਕਾਮਨਾ ਕਰਦੇ ਸਨ, ਕਿ ਪੰਥ ਵਾਸਤੇ ਜੂਝਣ ਵਾਲਿਆਂ ਦੀ ਸਰੀਰਕ ਸੁਰੱਖਿਆ ਵੀ ਹੋਵੇ। ਇਸ ਲਈ ਜਦੋਂ ਗਿਲਜਿਆਂ ਨਾਲ ਜੂਝਣ ਵਾਸਤੇ ਭਾਈ ਸੁਖਾ ਸਿੰਘ ਸ਼ਸਤਰ ਸਜਾਉਂਦਾ ਹੈ, ਟੋਪ ਪਹਿਨਦਾ ਹੈ, ਤਾਂ ਗੁਰੂ ਦੇ ਪਿਆਰੇ ਪੰਜ ਸਿੰਘ ਅਰਦਾਸ ਵੀ ਕਰਦੇ ਹਨ। ''ਲਈ ਸਿਰੋਹੀ ਦੁਇ ਕਰ ਨਮਸਕਾਰ। ਗਾਤਰੇ ਪਾਈ ਢਾਲ ਸੰਭਾਲ। ਪੰਜ ਸਿੰਘਨ ਤੇ ਅਰਦਾਸ ਕਰਾਈ। ਹੋਇ ਭਗੌਤੀ ਸਿੰਘਨ ਸਹਾਈ।'' ਭਾਈ ਰਤਨ ਸਿੰਘ ਭੰਗੂ ਅੱਗੇ ਲਿਖਦਾ ਹੈ ਕਿ ਜਥੇਦਾਰ ਸ਼ਯਾਮ ਸਿੰਘ ਦੇ ਜਥੇ ਦਾ ਜੁਝਾਰੂ ਸਰੀਨ ਖਤ੍ਰੀ ਸਿੱਖ ਕਰਮ ਸਿੰਘ, ਯੁੱਧ ਵਾਸਤੇ ਤਿਆਰ ਹੁੰਦਾ ਹੈ, ਤਾਂ ''ਸੰਜੋਇ ਧਾਰ ਸਿਰ ਮੁਕਟ (ਲੋਹ-ਟੋਪ) ਬੰਧਾਯੋ। ਢਾਲ ਹਾਥ ਗਲ ਤੇਗੋ ਪਾਯੋ।।।।।। ਹਰੌਲ (ਹਰਾਵਲ ਦਸਤਾ) ਸਿੰਘ ਜਬ ਆਵਤਾ ਦੇਖਾ। ਪਰਯੋ ਸਿੰਘ ਪੈ ਹੋਇ ਸੁਰੇਖਾ। ਆਇ ਤਲਵਾਰ ਸਿੰਘ ਤਿਨ ਸਿਰ ਲਾਈ। ਮੁਕਟ (ਲੋਹ-ਟੋਪ) ਸਹਤ ਸਿਰੋਂ ਪਗ ਗਿਰਾਈ।'' (ਭਾਵ ਕਿ ਦੁਸ਼ਮਣ ਦੇ ਹਰਾਵਲ ਦਸਤੇ ਨਾਲ ਮੁੱਠ-ਭੇੜ ਵਕਤ ਸਿਰ ਵਿਚ ਤਲਵਾਰ ਲੱਗਣ ਕਾਰਨ ਭਾਈ ਕਰਮ ਸਿੰਘ ਦੀ ਦਸਤਾਰ ਲੋਹ-ਟੋਪ ਸਹਿਤ ਹੇਠਾਂ ਡਿਗ ਪਈ ਸੀ)। ਭਾਈ ਰਤਨ ਸਿੰਘ ਭੰਗੂ ਦੱਸਦੇ ਹਨ ਕਿ ਅਫ਼ਗਾਨਾਂ ਸਾਹ-ਮਣੇ ਸਿੱਖਾਂ ਦੇ ਹੌਸਲੇ ਤਾਂ ਬੁਲੰਦ ਸਨ, ਪਰ ਅਫ਼ਗਾਨਾਂ ਕੋਲ ਲੋਹ-ਟੋਪ ਸਨ, ਜੋ ਸਿੱਖਾਂ ਨੂੰ ਉਪਲਬਧ ਨਹੀਂ ਸੀ ਹੁੰਦੇ। ਅਫ਼ਗਾਨ ਨੂੰ ਮਾਰ ਕੇ ਸਿੱਖ ਉਸ ਦਾ ਲੋਹ-ਟੋਪ ਉਤਾਰ ਕੇ ਪਹਿਨ ਲਿਆ ਕਰਦੇ ਸਨ। ਕੀ ਸ਼੍ਰੋਮਣੀ ਕਮੇਟੀ ਇਨ੍ਹਾਂ ਪੰਥ ਪ੍ਰਵਾਨਿਤ ਲਿਖਤਾਂ ਪ੍ਰਤੀ ਖੰਡਨ ਕਰਨ ਲਈ ਤਿਆਰ ਹੈ?

ਨਿਹੰਗ ਸਿੰਘਾਂ ਦੀਆਂ ਪਰੰਪਰਾਗਤ ਦਸਤਾਰਾਂ ਦੀ ਗਲ ਕਰੀਏ ਤਾਂ ਉਨ੍ਹਾਂ ਵੱਲੋਂ ਦੁਮਾਲਾ ਉੱਚਾ ਰੱਖਣ ਦੇ ਪਿੱਛੇ ਇਕ ਕਾਰਨ ਸਿਰ ਉੱਤੇ ਚੋਟ ਲੱਗਣ ਤੋਂ ਸੁਰੱਖਿਆ ਪ੍ਰਦਾਨ ਕਰਨਾ ਵੀ ਸੀ। ਨਿਹੰਗ ਸਿੰਘ ਦਸਤਾਰ ਵਿਚ ਲੋਹੇ ਦੀਆਂ ਬਹੁਤ ਸਾਰੀਆਂ ਚੀਜ਼ਾਂ ਰੱਖਣ, ਚੱਕਰ ਸਜਾਉਣ ਅਤੇ ਦਸਤਾਰ ਵਿਚ ਲੋਹੇ ਦੀ ਮਾਲਾ ਪਰੋਣ ਕੇ ਰੱਖਦੇ ਹਨ ਤਾਂ ਕਿ ਦੁਸ਼ਮਣ ਦੀ ਤਲਵਾਰ ਸਿਰ ਤਕ ਨਾ ਪਹੁੰਚ ਸਕੇ।

ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਦੀ ਸਿੱਖ ਸੈਨਿਕਾਂ ਲਈ ਜੰਗਜੂ ਹੈਡਗੇਅਰ ਤਜਵੀਜ਼ ਨੂੰ ਸਪਸ਼ਟ ਲਫ਼ਜ਼ਾਂ ਵਿਚ ਅਪ੍ਰਵਾਨ ਕਰਦਿਆਂ ਇਸ ਨੂੰ ਸਿੱਖ ਰਹਿਣੀ ਅਤੇ ਧਾਰਮਿਕ ਪਛਾਣ 'ਤੇ ਹਮਲਾ ਕਰਾਰ ਦੇ ਕੇ ਕਿਸੇ ਵੀ ਸੰਵਾਦ ਤੋਂ ਇਨਕਾਰ ਕਰਨਾ ''ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥'' ਦੇ ਸੰਕਲਪ ਦੇ ਵਿਪਰੀਤ ਨਹੀਂ ਤਾਂ ਕੀ ਹੈ?। ਸੰਵਾਦ ਪ੍ਰਤੀ ਇਨਕਾਰ ਦੇ ਇਕ ਨੁਕਾਤੀ ਏਜੰਡੇ ਨੂੰ ਸਹੀ ਸਿੱਧ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਇਤਿਹਾਸ ਦੇ ਹਵਾਲਿਆਂ ਨਾਲ ਜੋ ਦਲੀਲ ਦਿੱਤੀ ਉਹ ਅਧੂਰੀ ਜਾਣਕਾਰੀ ਸੀ। ਅਜਿਹਾ ਕਰਦੇ ਹੋਏ ਅਸੀਂ ਇਹ ਵੀ ਭੁੱਲ ਗਏ ਕਿ ਜਿਸ ਗੁਰੂ ਦੇ ਅਸੀਂ ਸਿੱਖ ਹਾਂ, ਉਨ੍ਹਾਂ ਗੁਰਮਤ ਵਿਚਾਰਾਂ ਦੇ ਸੰਵਾਦ ਲਈ ਮੱਕਾ ਮਦੀਨਾ ਪਹੁੰਚ ਕੇ ਇਸਲਾਮ ਮਤ ਦੇ ਆਗੂਆਂ ਨਾਲ ਅਤੇ ਸੁਮੇਰ ਪਰਬਤਾਂ ਨੂੰ ਸਰ ਕਰਦਿਆਂ ਸਿੱਧਾਂ ਜੋਗੀਆਂ ਨਾਲ ਵੀ ਗੋਸ਼ਟੀਆਂ ਕੀਤੀਆਂ ਸਨ। ਜਿਨ੍ਹਾਂ ਆਲੋਚਕਾਂ ਨੇ ਕਿਹਾ ਕਿ ਸਿੱਖ ਫ਼ੌਜੀ ਜਜ਼ਬਾਤ ਨਾਲ ਲੜਦੇ ਹਨ, ਉਨ੍ਹਾਂ ਨੂੰ ਸਵਾਲ ਹੈ ਕਿ ਇਸ ਹੈਡਗੇਅਰ ਦੇ ਪਹਿਨਣ ਨਾਲ ਉਨ੍ਹਾਂ ਦੇ ਜਜ਼ਬਾਤ 'ਤੇ ਕਿਵੇਂ ਫ਼ਰਕ ਪਵੇਗਾ? ਯੁੱਧ-ਕਾਲ ਵਿਚ ਸਿੱਖ ਸੈਨਿਕਾਂ ਦੇ ਸਿਰਾਂ ਦੀ ਸੁਰੱਖਿਆ ਲਈ ਦਸਤਾਰ ਉੱਪਰ ਪਹਿਨ ਸਕਣ ਲਈ ਵਿਸ਼ੇਸ਼ ਯੰਤਰ ਤਿਆਰ ਕਰਨ ਦੀ ਮੰਗ ਕਰਨ ਦੀ ਥਾਂ ਕੁਝ ਸਿੱਖ ਆਗੂਆਂ ਦਾ ਪਰੰਪਰਾ ਦਾ ਬੇ ਦਲੀਲ ਹਵਾਲਾ ਦੇ ਕੇ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦੀ ਦੋਸ਼ੀ ਦੱਸਣਾ ਕੀ ਰਾਜਨੀਤੀ ਤੋਂ ਪ੍ਰੇਰਿਤ ਨਹੀਂ ਹੈ? ਸਾਨੂੰ ਸਿੱਖ ਸੈਨਿਕਾਂ ਦੇ ਅਨਮੋਲ ਜੀਵਨ ਦੀ ਚਿੰਤਾ ਕਰਨ ਦੀ ਲੋੜ ਹੈ। ਸ਼ਹੀਦ ਸੈਨਿਕਾਂ ਦੇ ਵਿਹੜਿਆਂ ਦੇ ਮਾਤਮ ਅਤੇ ਗ਼ਮਗੀਨਤਾ ਨੂੰ ਮਹਿਸੂਸ ਕਰਨ ਦੀ ਥਾਂ, ਇਹ ਕਮਾਲ ਦੀ ਗਲ ਹੈ ਕਿ ਕੇਂਦਰ ਸਰਕਾਰ ਦੀ ਸਿੱਖ ਫ਼ੌਜੀਆਂ ਦੀ ਜਾਨ ਦੀ ਸੁਰੱਖਿਆ ਅਤੇ ਸੰਵੇਦਨਸ਼ੀਲਤਾ ਇਨ੍ਹਾਂ ਆਲੋਚਕਾਂ ਲਈ ''ਤਰਕਹੀਣ'' ਹੈ। ਸਿੱਖ ਰਹਿਤ ਮਰਿਆਦਾ ਵਿੱਚ ਕੇਸਾਂ ਦੀ ਬਹੁਤ ਵੱਡੀ ਮਹਾਨਤਾ ਹੈ, ਪਰ ਵਿਡੰਬਣਾ ਦੇਖੋ ਕਿ, ਇੱਥੇ ਸਿੱਖੀ ਨੂੰ ਕੇਸਾਂ ਤੇ ਸਵਾਸਾਂ ਨਾਲ ਨਿਭਾਉਣ ਦੀਆਂ ਦਲੀਲਾਂ ਉਨ੍ਹਾਂ ਲੋਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਰੋਮਾਂ ਦੀ ਬੇਅਦਬੀ ਲਈ ਚਰਚਾ ਆਮ ਹੁੰਦੀ ਆਈ ਹੈ। ਆਪਣਿਆਂ ਨੂੰ ਜੰਗ ਵਿਚ ਸ਼ਹੀਦ ਹੋਣ ਨੂੰ ਪਹਿਲ ਦੇਣ ਅਤੇ ''ਸਾਡਾ ਰਾਖਾ ਅਕਾਲ ਪੁਰਖ ਹੈ।'' ਦਾ ਸਬਕ ਇੱਥੇ ਉਨ੍ਹਾਂ ਅਕਾਲੀਆਂ ਵੱਲੋਂ ਪੜ੍ਹਾਇਆ ਜਾ ਰਿਹਾ ਹੈ ਜਿਹੜੇ ਘਰਾਂ ਤੋਂ ਨਿਕਲਣ ਵੇਲੇ ਦਰਜਨਾਂ ਅੰਗ ਰੱਖਿਅਕ / ਸੁਰੱਖਿਆ ਗਾਰਡ ਅੱਗੇ ਪਿੱਛੇ ਨਾਲ ਰੱਖਦੇ ਹਨ।

ਸਿੱਖ ਸੈਨਿਕਾਂ ਲਈ ਆਪ੍ਰੇਸ਼ਨ ਹੈੱਡਗੇਅਰ ਧਾਰਨ ਕਰਨ ਪ੍ਰਤੀ ਆਪਣੇ ਪੱਧਰ 'ਤੇ ਨਿਰਣਾ ਕਰਨ ਦੀ ਬਜਾਏ ਧਾਰਮਿਕ ਆਗੂਆਂ ਨੂੰ ਸਿੱਖ ਸੈਨਿਕਾਂ, ਯੁੱਧ ਮਾਹਿਰਾਂ, ਇਤਿਹਾਸਕਾਰਾਂ ਅਤੇ ਵਿਦਵਾਨਾਂ ਨਾਲ ਸੰਵਾਦ ਰਚਾਉਣੀ ਚਾਹੀਦੀ ਹੈ। ਸੰਵਾਦ ਤੋਂ ਬਾਅਦ ਸੋਚ ਸਮਝ ਕੇ ਫ਼ੈਸਲਾ ਲੈਣਾ ਹੋਵੇਗਾ, ਕਿ ਸਿੱਖ ਫ਼ੌਜੀਆਂ ਦੀ ਧਾਰਨਾ ਕੀ ਹੈ ਜਾਂ ਸੁਰੱਖਿਆ ਦੇ ਕੀ ਪੁਖ਼ਤਾ ਇੰਤਜ਼ਾਮ ਕੀਤੇ ਜਾ ਸਕਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਖ਼ਾਲਸਾ ਅਕਾਲ ਪੁਰਖ ਕੀ ਫ਼ੌਜ, ਦੀ ਵਾਗਡੋਰ ਅੱਜ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੂੰ ਆਧੁਨਿਕ ਯੁੱਧ ਕਲਾ ਅਤੇ ਫ਼ੌਜੀ ਮਾਮਲਿਆਂ ਬਾਰੇ ਅਧੂਰਾ ਗਿਆਨ ਹੈ। ਇਸ ਮਾਮਲੇ 'ਚ ਫ਼ੌਜੀ ਦ੍ਰਿਸ਼ਟੀਕੋਣ ਦੇ ਉਲਟ ਸਿਆਸਤ ਤੋਂ ਪ੍ਰੇਰਤ ਪ੍ਰਾਪੇਗੰਡਾ ਨੂੰ ਬਿਮਾਰ ਸੋਚ ਦਾ ਪ੍ਰਗਟਾਵਾ ਮੰਨਿਆ ਜਾਵੇਗਾ। ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਵਿਰੋਧ ਲਈ ਹੀ ਹਰ ਗਲ ਨੂੰ ਵਿਰੋਧ ਦੀ ਨਜ਼ਰੀਏ ਨਾਲ ਦੇਖਿਆ ਜਾਵੇ । ਸਿੱਖ ਪਰਿਵਾਰਾਂ ਵਿਚ ਨਵੇਂ ਮੈਂਬਰਾਂ ਦੀ ਆਮਦ ਘੱਟ ਰਹੀ ਹੈ। ਅਜਿਹੀ ਸਥਿਤੀ ਵਿਚ ਅਸੀਂ ਵੱਡਾ ਘੱਲੂਘਾਰਾ ਵਾਪਰਨ ਪਿੱਛੋਂ ਗੁਰੂ ਅੱਗੇ ਕੀਤੀ ਗਈ ਇਸ ਅਰਦਾਸ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ''ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ। ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ।''

*-ਪ੍ਰੋ: ਸਰਚਾਂਦ ਸਿੰਘ ਖਿਆਲਾ*
*9781355522)*

# ਆਪਣੇ ਬੱਚੇ ਨੂੰ ਪੜ੍ਹਨ ਵਿੱਚ ਕਿਵੇਂ ਮਦਦ ਕਰਨੀ ਹੈ ?

ਪੜ੍ਹਨਾ ਰੋਜ਼ਾਨਾ ਜੀਵਨ ਦਾ ਅਨੰਦਦਾਇਕ ਹਿੱਸਾ ਹੈ। ਬੱਚਿਆਂ ਦਾ ਪੜ੍ਹਨ ਪ੍ਰਤੀ ਉਸਾਰੂ ਰਵੱਈਆ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਪੜ੍ਹਨ ਦਾ ਅਨੰਦ ਲੈਣ ਵਿੱਚ ਮਦਦ ਕਰਨਾ ਸਭ ਤੋਂ ਮਹੱਤਵਪੂਰਨ ਚੀਜ਼ਾਂ ਵਿੱਚੋਂ ਇੱਕ ਹੈ ਜੋ ਤੁਸੀਂ ਕਰ ਸਕਦੇ ਹੋ, ਮਾਪੇ ਹੋਣ ਦੇ ਨਾਤੇ ਅਤੇ ਤੁਹਾਨੂੰ ਉਹਨਾਂ ਵਿੱਚ ਆਪਣਾ ਸਮਾਂ ਅਤੇ ਊਰਜਾ ਲਗਾਉਣੀ ਚਾਹੀਦੀ ਹੈ ਕਿਉਂਕਿ ਉਹ ਇਸਦੇ ਯੋਗ ਹਨ। ਬੱਚੇ ਸਕੂਲ ਵਿੱਚ ਪੜ੍ਹਨਾ ਸਿੱਖਣਗੇ, ਹਾਲਾਂਕਿ, ਆਮ ਤੌਰ 'ਤੇ, ਉਹ ਪੜ੍ਹਨ ਨੂੰ ਕੰਮ ਨਾਲ ਜੋੜਦੇ ਹਨ, ਅਤੇ ਇਸਨੂੰ ਖੁਸ਼ੀ ਵਜੋਂ ਨਹੀਂ ਲੈਂਦੇ ਹਨ। ਇਸ ਲਈ ਉਹ ਪੜ੍ਹਨ ਦੀ ਇੱਛਾ ਗੁਆ ਬੈਠਦੇ ਹਨ। ਯਾਦ ਰੱਖੋ ਕਿ ਇੱਛਾ ਜਾਂ ਉਤਸੁਕਤਾ ਜਾਂ ਦਿਲਚਸਪੀ ਪੜ੍ਹਨ ਅਤੇ ਸੰਬੰਧਿਤ ਹੁਨਰਾਂ ਦੀ ਸਫਲਤਾਪੂਰਵਕ ਵਰਤੋਂ ਦਾ ਨੀਂਹ ਪੱਥਰ ਹੈ। ਮਾਪਿਆਂ ਲਈ ਇਹ ਹਦਾਇਤਾਂ ਦਿਖਾਉਂਦੀਆਂ ਹਨ ਕਿ ਪ੍ਰੀ-ਸਕੂਲ ਅਤੇ ਸਕੂਲ ਜਾਣ ਵਾਲੇ ਬੱਚਿਆਂ ਲਈ ਰੋਜ਼ਾਨਾ ਜੀਵਨ ਵਿੱਚ ਪੜ੍ਹਨ ਨੂੰ ਕਿਵੇਂ ਸ਼ਾਮਲ ਕਰਨਾ ਹੈ। ਨੌਜਵਾਨ ਪਾਠਕਾਂ ਨੂੰ ਉਤਸ਼ਾਹਿਤ ਕਰਨ ਦੇ ਤਰੀਕੇ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਤੁਹਾਡੇ ਬੱਚਿਆਂ ਨੂੰ ਪੜ੍ਹਨ ਦਾ ਆਨੰਦ ਲੈਣਾ ਚਾਹੀਦਾ ਹੈ। ਇਹ ਕੁਝ ਗਤੀਵਿਧੀਆਂ ਹਨ ਜੋ ਤੁਹਾਡੇ ਬੱਚੇ ਦੀ ਪੜ੍ਹਨ ਦੀ ਉਤਸੁਕਤਾ ਨੂੰ ਉਤੇਜਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਆਪਣੇ ਬੱਚੇ ਨੂੰ ਪੜ੍ਹਨਾ ਸਿੱਖਣ ਤੋਂ ਪਹਿਲਾਂ ਉਸ ਨਾਲ ਗੱਲ ਕਰੋ: ਬੱਚੇ ਦੇ ਬੋਲਣਾ ਸ਼ੁਰੂ ਕਰਨ ਤੋਂ ਪਹਿਲਾਂ ਉਸ ਨਾਲ ਗੱਲ ਕਰਨਾ ਜ਼ਰੂਰੀ ਭਾਸ਼ਾ ਦੇ ਹੁਨਰ ਸਿੱਖਣ ਵਿੱਚ ਮਦਦ ਕਰੇਗਾ। ਜੇ ਬਹੁਤੇ ਬੱਚਿਆਂ ਨੂੰ ਲੇਖਕਾਂ ਅਤੇ ਪਾਠਕਾਂ ਵਜੋਂ ਵਧਣ ਦੀ ਲੋੜ ਹੈ ਤਾਂ ਉਨ੍ਹਾਂ ਨੂੰ ਜ਼ਬਾਨੀ ਭਾਸ਼ਾ ਦੇ ਮਜ਼ਬੂਤ ਹੁਨਰ ਦੀ ਲੋੜ ਹੁੰਦੀ ਹੈ। ਛੋਟੇ ਅਤੇ ਆਸਾਨ ਵਾਕਾਂ ਦੀ ਵਰਤੋਂ ਕਰਦੇ ਹੋਏ, ਤੁਸੀਂ ਰੋਜ਼ਾਨਾ ਦੀਆਂ ਗਤੀਵਿਧੀਆਂ ਬਾਰੇ ਗੱਲ ਕਰ ਸਕਦੇ ਹੋ, ਉਹ ਆਪਣੇ ਵਾਤਾਵਰਣ ਨਾਲ ਕੀ ਦੇਖਦਾ ਅਤੇ ਕਰਦਾ ਹੈ। ਆਪਣੇ ਬੱਚੇ ਨਾਲ ਘੱਟੋ-ਘੱਟ 30 ਮਿੰਟ ਬਿਤਾਓ ਅਤੇ ਉਸ ਨਾਲ ਪੜ੍ਹੋ: ਤੁਹਾਡਾ ਬੱਚਾ ਪੜ੍ਹਨ ਸੰਮੇਲਨਾਂ ਦੀ ਸਮਝ ਹਾਸਲ ਕਰ ਸਕਦਾ ਹੈ ਅਤੇ ਇੱਥੋਂ ਤੱਕ ਕਿ ਬਹੁਤ ਛੋਟੇ ਬੱਚੇ ਵੀ ਸ਼ਬਦਾਵਲੀ ਹਾਸਲ ਕਰ ਸਕਦੇ ਹਨ। ਜਦੋਂ ਤੁਸੀਂ ਪੜ੍ਹਦੇ ਹੋ ਤਾਂ ਰੇਖਾਵਾਂ ਦੇ ਹੇਠਾਂ ਉਂਗਲ ਨੂੰ ਚਲਾਉਣਾ ਤੁਹਾਡੇ ਬੱਚੇ ਨੂੰ ਉਹਨਾਂ ਪ੍ਰਿੰਟ ਕੀਤੇ ਸ਼ਬਦਾਂ ਨੂੰ ਦੇਖਣ ਵਿੱਚ ਮਦਦ ਕਰ ਸਕਦਾ ਹੈ। ਹੌਲੀ-ਹੌਲੀ ਤੁਸੀਂ ਉਸ ਨੂੰ ਆਵਾਜ਼ਾਂ ਅਤੇ ਅੱਖਰਾਂ ਦੀ ਪਛਾਣ ਕਰਨ ਲਈ ਕਹਿ ਸਕਦੇ ਹੋ। ਕਵਿਤਾਵਾਂ ਦਾ ਪਾਠ ਕਰੋ; ਗੀਤ ਅਤੇ ਤੁਕਾਂਤ ਗਾਓ ਜਿਨ੍ਹਾਂ ਵਿੱਚ ਤਾਲਬੱਧ ਧੁਨੀਆਂ ਹਨ: ਦੁਹਰਾਓ ਬੱਚੇ ਲਈ ਆਵਾਜ਼ ਦੇ ਪੈਟਰਨਾਂ ਨੂੰ ਸਮਝਣ ਵਿੱਚ ਅਸਾਨ ਬਣਾਉਂਦਾ ਹੈ। ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਕੇਅਰਟੇਕਰ ਜਾਂ ਨਰਸਰੀ ਅਧਿਆਪਕ ਹਰ ਰੋਜ਼ ਉੱਚੀ ਆਵਾਜ਼ ਵਿੱਚ ਪੜ੍ਹਦਾ ਹੈ ਅਤੇ ਬੱਚੇ ਨੂੰ ਦੇਖਣ ਲਈ ਕਿਤਾਬਾਂ ਪ੍ਰਦਾਨ ਕਰਦਾ ਹੈ। ਪੜ੍ਹਨ ਦੀਆਂ ਚੰਗੀਆਂ ਆਦਤਾਂ: ਆਪਣੇ ਬੱਚੇ ਨੂੰ ਇਹ ਸਮਝਣ ਵਿੱਚ ਮਦਦ ਕਰੋ ਕਿ ਪੜ੍ਹਨਾ ਬਹੁਤ ਮਹੱਤਵਪੂਰਨ ਹੈ। ਬੱਸ ਉਸਨੂੰ ਜਾਂ ਉਸਦੇ ਪਕਵਾਨਾਂ, ਪੜ੍ਹਨ ਦੇ ਨਕਸ਼ੇ, ਦਿਸ਼ਾਵਾਂ ਅਤੇ ਕਿਤਾਬਾਂ ਦਿਖਾਓ। ਆਪਣੇ ਬੱਚੇ ਨੂੰ ਪੜ੍ਹਨ ਨੂੰ ਖਾਲੀ ਸਮੇਂ ਦੀ ਗਤੀਵਿਧੀ ਵਜੋਂ ਲੈਣ ਦੀ ਸਲਾਹ ਦਿਓ। ਦਿਲਚਸਪ ਕਿਤਾਬਾਂ ਆਪਣੇ ਬੱਚੇ ਦੀ ਪਹੁੰਚ ਵਿੱਚ ਰੱਖੋ। ਨੇੜੇ ਦੀ ਲਾਇਬ੍ਰੇਰੀ 'ਤੇ ਜਾਓ: ਆਪਣੇ ਬੱਚੇ ਨੂੰ ਕੁਝ ਸਮਾਂ ਦਿਓ। ਬਸ ਉਸਦੇ ਨਾਲ ਲਾਇਬ੍ਰੇਰੀ 'ਤੇ ਜਾਓ ਅਤੇ ਕਿਤਾਬਾਂ ਦੀ ਚੋਣ ਕਰਨ ਵਿੱਚ ਮਦਦ ਕਰੋ। ਸਵੇਰੇ ਜਲਦੀ ਉੱਠੋ ਅਤੇ ਆਪਣੇ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਇੱਕ ਕਹਾਣੀ ਸੁਣਾਓ। ਸਕੂਲੀ ਉਮਰ ਦੇ ਪਾਠਕਾਂ ਨੂੰ ਉਤਸ਼ਾਹਿਤ ਕਰਨ ਦੇ ਤਰੀਕੇ ਜਦੋਂ ਬੱਚਾ ਪ੍ਰੀਸਕੂਲ, ਨਰਸਰੀ ਸਕੂਲ, ਜਾਂ ਐਲੀਮੈਂਟਰੀ ਸਕੂਲ ਸ਼ੁਰੂ ਕਰਦਾ ਹੈ, ਤਾਂ ਤੁਹਾਨੂੰ ਪੜ੍ਹਨ ਦੇ ਹੁਨਰ ਨੂੰ ਸੁਧਾਰਨ ਲਈ ਉਸ ਦੇ ਅਧਿਆਪਕ ਨਾਲ ਕੰਮ ਕਰਨ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਅਧਿਆਪਕ ਹੁਣ ਮਾਪਿਆਂ ਨੂੰ ਵਿਹਾਰਕ ਵਿਚਾਰ ਭੇਜਦੇ ਹਨ ਜੋ ਸਕੂਲੀ ਉਮਰ ਦੇ ਬੱਚਿਆਂ ਲਈ ਵਰਤੇ ਜਾ ਸਕਦੇ ਹਨ ਅਤੇ ਉਹਨਾਂ ਨੂੰ ਹੁਨਰ ਵਿਕਸਿਤ ਕਰਨ ਵਿੱਚ ਸਹਾਇਤਾ ਕਰਦੇ ਹਨ ਅਤੇ ਪੜ੍ਹਨ ਦੀਆਂ ਚੰਗੀਆਂ ਆਦਤਾਂ ਨੂੰ ਵੀ ਉਤਸ਼ਾਹਿਤ ਕਰਦੇ ਹਨ। ਆਪਣੇ ਬੱਚੇ ਦੇ ਅਧਿਆਪਕ ਨੂੰ ਪੁੱਛੋ ਅਤੇ ਅਭਿਆਸ ਦੀਆਂ ਗਤੀਵਿਧੀਆਂ ਕਰੋ। ਹੁਨਰਾਂ ਨੂੰ ਮਜ਼ਬੂਤ ਕਰਨ ਦੇ ਜ਼ਰੀਏ, ਤੁਹਾਡੇ ਬੱਚੇ ਦਾ ਅਧਿਆਪਕ ਜ਼ੋਰ ਦਿੰਦਾ ਹੈ ਅਤੇ ਤੁਸੀਂ ਉਸ ਨੂੰ ਪੂਰਾ ਕਰੋਗੇ ਜੋ ਉਸ ਨੇ ਸਕੂਲੀ ਦਿਨ ਦੌਰਾਨ ਪੜ੍ਹਨ ਬਾਰੇ ਸਿੱਖਿਆ ਸੀ। ਤੁਹਾਡੇ ਸਕੂਲੀ ਉਮਰ ਦੇ ਬੱਚੇ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਨ ਦੇ ਹੋਰ ਤਰੀਕਿਆਂ ਵਿੱਚ ਸ਼ਾਮਲ ਹਨ: ਜਦੋਂ ਤੁਸੀਂ ਪੜ੍ਹਦੇ ਹੋ ਤਾਂ ਆਪਣੇ ਬੱਚੇ ਨੂੰ ਦੇਖਣ ਦਿਓ। ਬੱਚੇ ਨੂੰ ਖੁਦ ਪੜ੍ਹਨ ਲਈ ਉਤਸ਼ਾਹਿਤ ਕਰੋ। ਸੰਦਰਭ ਅਤੇ ਆਨੰਦ ਲਈ ਪੜ੍ਹਨ ਸਮੱਗਰੀ ਨੂੰ ਯਕੀਨੀ ਬਣਾਓ। ਘਰ ਦੇ ਅੰਦਰ ਵੱਖ-ਵੱਖ ਪੜ੍ਹਨ ਸਮੱਗਰੀ ਰੱਖੋ। ਤੁਹਾਨੂੰ ਇੱਕ ਵਧੀਆ ਰੋਲ ਮਾਡਲ ਬਣਨਾ ਜਾਰੀ ਰੱਖਣਾ ਚਾਹੀਦਾ ਹੈ। ਬੱਚੇ ਨੂੰ ਉੱਚੀ ਆਵਾਜ਼ ਵਿੱਚ ਪੜ੍ਹਨ ਲਈ ਉਤਸ਼ਾਹਿਤ ਕਰੋ ਆਮ ਤੌਰ 'ਤੇ ਬੱਚੇ ਨੂੰ ਉੱਚੀ ਆਵਾਜ਼ ਵਿੱਚ ਪੜ੍ਹਦੇ ਸੁਣੋ ਅਤੇ ਉਸਨੂੰ ਵਧਾਈ ਦਿਓ ਕਿਉਂਕਿ ਉਹ ਜਾਂਉਹ ਅਜਿਹਾ ਕਰਦੀ ਹੈ। ਬੱਚੇ ਨੂੰ ਹਰ ਪੰਨਾ ਜਾਂ ਹਰ ਅਧਿਆਇ ਪੜ੍ਹੋ। ਬੱਚੇ ਨਾਲ ਕਿਤਾਬ ਬਾਰੇ ਵਿਚਾਰ-ਵਟਾਂਦਰਾ ਕਰੋ। ਆਪਣੇ ਬੱਚੇ ਲਈ ਛੋਟੇ ਨੋਟ ਲਿਖੋ ਉਸ ਦੇ ਰੋਜ਼ਾਨਾ ਦੇ ਘਰੇਲੂ ਕੰਮ ਉਸ ਲਈ ਲਿਖੋ ਅਤੇ ਟਰੈਕ ਰੱਖੋ ਅਤੇ ਦੁਪਹਿਰ ਦੇ ਖਾਣੇ ਦੇ ਬੈਗ ਵਿੱਚ ਇੱਕ ਨੋਟ ਰੱਖੋ। ਬੱਚੇ ਨਾਲ ਗੱਲ ਕਰੋ ਗੱਲ ਕਰਨ ਨਾਲ ਬੱਚੇ ਅਨੁਭਵਾਂ



ਨੂੰ ਪ੍ਰਤੀਬਿੰਬਤ ਕਰਦੇ ਹਨ ਅਤੇ ਉਹਨਾਂ ਦੀ ਸ਼ਬਦਾਵਲੀ ਨੂੰ ਵਧਾਉਣ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਆਪਣੇ ਬੱਚੇ ਨੂੰ ਘਟਨਾਵਾਂ ਬਾਰੇ ਵਿਸਤ੍ਰਿਤ ਵਰਣਨ ਦੇਣ ਅਤੇ ਪੂਰੀ ਕਹਾਣੀਆਂ ਦੱਸਣ ਲਈ ਕਹੋ। ਬੱਚੇ ਨੂੰ ਲਿਖਣ ਸਮੱਗਰੀ ਦਿਓ ਲਿਖਣ ਅਤੇ ਪੜ੍ਹਨ ਦਾ ਕੰਮ ਸਮੂਹਿਕ ਤੌਰ 'ਤੇ ਹੁੰਦਾ ਹੈ। ਜੋ ਬੱਚੇ ਸਿੱਖਣਾ ਚਾਹੁੰਦੇ ਹਨ ਉਹ ਲਿਖਣਾ ਅਤੇ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। ਜੇ ਪੈਨਸਿਲ, ਕਾਗਜ਼, ਅਤੇ ਕ੍ਰੇਅਨ ਹਰ ਸਮੇਂ ਉਪਲਬਧ ਹੁੰਦੇ ਹਨ, ਤਾਂ ਹੋ ਸਕਦਾ ਹੈ ਕਿ ਤੁਹਾਡਾ ਬੱਚਾ ਆਪਣੇ ਲਈ ਲਿਖਣ ਦੀਆਂ ਗਤੀਵਿਧੀਆਂ ਸ਼ੁਰੂ ਕਰਨ ਲਈ ਵਧੇਰੇ ਸੰਭਾਵਿਤ ਹੋ ਸਕਦਾ ਹੈ। ਟੈਲੀਵਿਜ਼ਨ ਸਮਾਂ ਸੀਮਤ ਕਰੋ ਜੇਕਰ ਤੁਹਾਡਾ ਬੱਚਾ ਟੈਲੀਵਿਜ਼ਨ ਦੇਖਣ ਵਿੱਚ ਘੱਟ ਸਮਾਂ ਬਰਬਾਦ ਕਰਦਾ ਹੈ, ਤਾਂ ਉਸਨੂੰ ਪੜ੍ਹਨ ਦੀਆਂ ਗਤੀਵਿਧੀਆਂ ਲਈ ਵਧੇਰੇ ਸਮਾਂ ਮਿਲੇਗਾ। ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਲਾਇਬ੍ਰੇਰੀ ਵਿੱਚ ਜਾਓ ਆਪਣੇ ਬੱਚੇ ਨੂੰ ਉਸ ਦੇ ਨਿੱਜੀ ਲਾਇਬ੍ਰੇਰੀ ਕਾਰਡ ਲਈ ਅਰਜ਼ੀ ਭੇਜਣ ਦਿਓ ਤਾਂ ਕਿ ਉਹ ਸਕੂਲ ਦਾ ਕੰਮ ਕਰਨ ਜਾਂ ਆਮ ਪੜ੍ਹਨ ਲਈ ਆਪਣੇ ਤੌਰ 'ਤੇ ਕਿਤਾਬਾਂ ਦੀ ਪੜਚੋਲ ਕਰ ਸਕੇ। ਉਸ ਨੂੰ ਛੋਟੇ ਭੈਣ-ਭਰਾਵਾਂ ਲਈ ਪੜ੍ਹਨ ਲਈ ਲਾਇਬ੍ਰੇਰੀ ਦੀਆਂ ਕਿਤਾਬਾਂ ਘਰ ਲਿਆਉਣ ਲਈ ਕਹੋ ਅਤੇ ਉਸ ਨੂੰ ਟੇਪ 'ਤੇ ਕਿਤਾਬਾਂ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕਰੋ ਤਾਂ ਜੋ ਉਹ ਲੰਬੇ ਕਾਰ ਸਫ਼ਰ ਲਈ ਜਾਂਦੇ ਸਮੇਂ ਸੁਣ ਸਕੇ। ਬੱਚਿਆਂ ਦੇ ਸਕੂਲ ਨਾਲ ਮਿਲ ਕੇ ਕੰਮ ਕਰੋ ਇਸ ਬਾਰੇ ਹੋਰ ਜਾਣਨਾ ਬਿਹਤਰ ਹੈ ਕਿ ਉਸ ਦਾ ਸਕੂਲ ਕਿਸ ਤਰ੍ਹਾਂ ਦੇ ਪੜ੍ਹਨ ਦੇ ਪ੍ਰੋਗਰਾਮਾਂ ਦਾ ਪਿੱਛਾ ਕਰਦਾ ਹੈ ਤਾਂ ਜੋ ਤੁਸੀਂ ਘਰ ਵਿੱਚ ਇਸ ਦੀ ਪੂਰਤੀ ਕਰਕੇ ਸਹਾਇਤਾ ਕਰ ਸਕੋ। ਸਕੂਲ ਦੀ ਲਾਇਬ੍ਰੇਰੀ ਜਾਂ ਕਲਾਸਰੂਮ ਵਿੱਚ ਵਲੰਟੀਅਰ ਵਜੋਂ ਕੰਮ ਕਰੋ ਜਿੰਨੀ ਵਾਰ ਤੁਹਾਡਾ ਪ੍ਰੋਗਰਾਮ ਇਜਾਜ਼ਤ ਦਿੰਦਾ ਹੈ। ਤੁਸੀਂ ਸਕੂਲ ਨੂੰ ਮਾਤਾ-ਪਿਤਾ ਦੀ ਯੋਗਦਾਨ ਸਮੱਗਰੀ ਲਈ ਵੀ ਕਹਿ ਸਕਦੇ ਹੋ। ਆਪਣੇ ਬੱਚੇ ਨੂੰ ਪੜ੍ਹਨਾ ਪਸੰਦ ਕਰੋ ਬਿਨਾਂ ਸ਼ੱਕ, ਤੁਹਾਡੇ ਬੱਚੇ ਨੂੰ ਕਿਤਾਬਾਂ ਪਸੰਦ ਕਰਨ ਲਈ ਉਤਸ਼ਾਹਿਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਉੱਚੀ ਆਵਾਜ਼ ਵਿੱਚ ਪੜ੍ਹਨਾ ਹੈ ਅਤੇ ਇਹ ਬਿਹਤਰ ਹੈ ਜੇਕਰ ਤੁਸੀਂ ਇਸਨੂੰ ਜਲਦੀ ਤੋਂ ਜਲਦੀ ਕਰੋ। ਇੱਥੋਂ ਤੱਕ ਕਿ ਕੁਝ ਮਹੀਨਿਆਂ ਦਾ ਬੱਚਾ ਵੀ ਤਸਵੀਰਾਂ ਦੇਖ ਸਕਦਾ ਹੈ, ਤੁਹ-ਾਡੇ ਪ੍ਰਭਾਵ ਵੱਲ ਧਿਆਨ ਦੇ ਸਕਦਾ ਹੈ, ਅਤੇ ਗੱਤੇ ਦੇ ਪੰਨਿਆਂ ਨੂੰ ਘੁੰਮਾ ਸਕਦਾ ਹੈ। ਇਸ ਸਮੇਂ ਨੂੰ ਖਾਸ ਬਣਾਓ ਜਦੋਂ ਤੁਸੀਂ ਆਪਣੇ ਬੱਚਿਆਂ ਨੂੰ ਪਕੜਦੇ ਹੋ ਜਾਂ ਟੈਲੀਫੋਨ ਜਾਂ ਟੀਵੀ ਦੇ ਭਟਕਣ ਤੋਂ ਬਿਨਾਂ ਕਹਾਣੀ ਦਾ ਅਨੰਦ ਸਾਂਝਾ ਕਰਦੇ ਹੋ। ਤੁਸੀਂ ਇਹ ਜਾਣ ਕੇ ਹੈਰਾਨ ਹੋ ਸਕਦੇ ਹੋ ਕਿ ਬੱਚਿਆਂ ਲਈ ਕੋਈ ਵੀ ਚੰਗੀ ਤਰ੍ਹਾਂ ਲਿਖੀ ਕਿਤਾਬ ਤੁਹਾਡੇ ਲਈ ਅਕਸਰ ਓਨੀ ਹੀ ਵੱਡੀ ਖੁਸ਼ੀ ਹੁੰਦੀ ਹੈ ਜਿੰਨੀ ਇਹ ਬੱਚਿਆਂ ਲਈ ਹੁੰਦੀ ਹੈ। ਪੜ੍ਹਨ ਦੇ ਸਮੇਂ ਉੱਚੀ ਆਵਾਜ਼ ਵਿੱਚ ਗੱਲ ਕਰੋ ਜਦੋਂ ਤੁਹਾਡੇ ਬੱਚੇ ਆਪਣੇ ਆਪ ਨੂੰ ਪੜ੍ਹਨ ਲਈ ਪੜ੍ਹ ਚੁੱਕੇ ਹਨ। ਉਸ ਪੜਾਅ 'ਤੇ, ਤੁਹਾਨੂੰ ਸਮਝਣ ਅਤੇ ਕੁਝ ਸਮਾਂ ਦੇਣ ਲਈ ਉਨ੍ਹਾਂ ਦਾ ਸਮਰਥਨ ਕਰੋ। ਇਹ ਸਾਂਝਾ ਆਨੰਦ ਤੁਹ-ਾਡੇ ਬੱਚਿਆਂ ਦੀ ਕਦਰ ਅਤੇ ਦਿਲਚਸਪੀ ਨੂੰ ਮਜ਼ਬੂਤ ਕਰਨ ਲਈ ਜਾਰੀ ਰਹੇਗਾ। ਤੁਹਾਡੇ ਘਰ ਦੇ ਆਲੇ-ਦੁਆਲੇ ਸਿਰਫ਼ ਮੈਗਜ਼ੀਨਾਂ, ਅਖ਼ਬਾਰਾਂ ਅਤੇ ਕਿਤਾਬਾਂ ਹੋਣ ਨਾਲ ਬੱਚਿਆਂ ਨੂੰ ਉਹਨਾਂ ਨੂੰ ਰੋਜ਼ਾਨਾ ਜੀਵਨ ਦੇ ਇੱਕ ਹਿੱਸੇ ਵਜੋਂ ਦੇਖਣ ਵਿੱਚ ਮਦਦ ਮਿਲੇਗੀ ਅਤੇ ਉਹ ਦੇਖਦੇ ਹਨ ਕਿ ਤੁਸੀਂ ਅਕਸਰ ਪੜ੍ਹਦੇ ਹੋ ਅਤੇ ਇਸਦਾ ਅਨੰਦ ਲੈਂਦੇ ਹੋ, ਜਿਸ ਨਾਲ ਉਹਨਾਂ ਦੇ ਨਜ਼ਰੀਏ ਨੂੰ ਮਜ਼ਬੂਤੀ ਮਿਲੇਗੀ। ਜਦੋਂ ਕਿ ਤੁਹਾਡੇ ਬੱਚੇ ਛੋਟੇ ਹਨ, ਤੁਹਾਡੇ ਘਰ ਵਿੱਚ ਇੱਕ ਲਾਇਬ੍ਰੇਰੀ ਰੱਖਣਾ ਇੱਕ ਚੰਗਾ ਵਿਚਾਰ ਹੈ, ਹਾਲਾਂਕਿ ਇਹ ਸਿਰਫ਼ ਇੱਕ ਜਾਂ ਦੋ ਸ਼ੈਲਫਾਂ ਹੋ ਸਕਦੀਆਂ ਹਨ। ਯਕੀਨੀ ਬਣਾਓ ਕਿ ਤੁਹਾਡੇ ਬੱਚਿਆਂ ਲਈ ਕਿਤਾਬਾਂ ਖੁੱਲ੍ਹ ਕੇ ਰੱਖਣੀਆਂ ਹਨ। ਨਵਜੰਮੇ ਬੱਚਿਆਂ ਲਈ ਖਾਸ ਤੌਰ 'ਤੇ ਬਣੀਆਂ ਅਤੇ ਵਧੇਰੇ ਮਦਦਗਾਰ ਕਿਤਾਬਾਂ ਖਰੀਦੋ, ਅਤੇ ਉਨ੍ਹਾਂ ਬੱਚਿਆਂ ਲਈ ਪਲਾਸਟਿਕ ਦੇ ਕਵਰ ਅਤੇ ਪੇਪਰਬੈਕ ਚੁਣੋ ਜੋ ਵੱਡੇ ਹਨ ਪਰ ਮਹਿੰਗੇ ਹਾਰਡਬੈਕ ਲਈ ਤਿਆਰ ਨਹੀਂ ਹਨ। ਛੋਟੇ ਬੱਚਿਆਂ ਨੂੰ ਕਿਤਾਬਾਂ ਨੂੰ ਸੁੰਘਣ, ਛੂਹਣ ਜਾਂ ਸੁਆਦ ਲੈਣ ਦੀ ਇਜਾਜ਼ਤ ਦੇਣ ਨਾਲ ਉਹਨਾਂ ਨੂੰ ਮਜ਼ਬੂਤ ਅਟੈਚਮੈਂਟ ਵਿਕਸਿਤ ਕਰਨ ਵਿੱਚ ਮਦਦ ਮਿਲੇਗੀ। ਤੁਸੀਂ ਕਿਤਾਬਾਂ ਨਾਲ ਕਿਵੇਂ ਨਜਿੱਠਦੇ ਹੋ, ਅੰਤ ਵਿੱਚ ਇਸ ਗੱਲ 'ਤੇ ਅਸਰ ਪਵੇਗਾ ਕਿ ਤੁਹਾਡੇ ਬੱਚੇ ਉਨ੍ਹਾਂ ਦੀ ਕਿਵੇਂ ਪਰਵਾਹ ਕਰਦੇ ਹਨ। ਬੱਚੇ ਹਮੇਸ਼ਾ ਤੁਹਾਡਾ ਅਨੁਸ-ਰਣ ਕਰਦੇ ਹਨ, ਇਸ ਲਈ ਜੇਕਰ ਉਹ ਦੇਖਦੇ ਹਨ ਕਿ ਤੁਸੀਂ ਕਿਤਾਬਾਂ ਨੂੰ ਨਰਮੀ ਅਤੇ ਮੁੱਲ ਦੇ ਨਾਲ ਪੜ੍ਹਨਾ ਅਤੇ ਦੇਖਭਾਲ ਕਰਨਾ ਪਸੰਦ ਕਰਦੇ ਹੋ, ਤਾਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵੀ ਉਸੇ ਤਰ੍ਹਾਂ ਦਾ ਅਨੁਸਰਣ ਕਰਨਗੇ। ਜਦੋਂ ਤੁਸੀਂ ਇਕੱਠੇ ਉੱਚੀ ਆਵਾਜ਼ ਵਿੱਚ ਪੜ੍ਹਦੇ ਹੋ, ਤਾਂ ਉਹਨਾਂ ਕਿਤਾਬਾਂ ਦੀ ਚੋਣ ਕਰੋ ਜੋ ਤੁਹਾਨੂੰ ਦੋਵਾਂ ਨੂੰ ਪਸੰਦ ਹਨ। ਜੇ ਕਿਤਾਬ ਸੁਸਤ ਲੱਗਦੀ ਹੈ, ਤਾਂ ਇਸਨੂੰ ਹੇਠਾਂ ਰੱਖੋ ਅਤੇ ਇੱਕ ਪ੍ਰਾਪਤ ਕਰੋ ਜੋ ਆਕਰਸ਼ਕ ਹੈ। ਹਾਲਾਂਕਿ, ਬੱਚਿਆਂ ਲਈ ਬਹੁਤ ਸਾਰੀਆਂ ਕਿਤਾਬਾਂ ਹਨਨ ਪ੍ਰਕਾਸ਼ਿਤ ਜੋ ਕਿਤਾਬਾਂ ਦੀ ਚੋਣ ਨੂੰ ਥੋੜਾ ਮੁਸ਼ਕਲ ਕੰਮ ਬਣਾਉਂਦੇ ਹਨ। ਇਕ ਤਰੀਕਾ ਹੈ ਉੱਚ-ਗੁਣਵੱਤਾ ਵਾਲੀਆਂ ਕਿਤਾਬਾਂ ਦੀ ਖੋਜ ਕਰਨਾ। ਬਾਲ ਸਾਹਿਤ ਲਈ ਹਰ ਸਾਲ ਦਿੱਤੇ ਜਾਂਦੇ ਕਈ ਪ੍ਰਮੁੱਖ ਪੁਰਸਕਾਰ ਹਨ ਜੋ ਮਿਆਰੀ ਰਚਨਾਵਾਂ ਦੇ ਚੰਗੇ ਨਿਸ਼ਾਨ ਹਨ। ਖੁਸ਼ਕਿਸਮਤੀ ਨਾਲ, ਇੱਥੇ ਬਹੁਤ ਸਾਰੇ ਹੋਰ ਚੰਗੇ ਵਿਕਲਪ ਉਪਲਬਧ ਹਨ। ਉਦਾਹਰਨ ਲਈ, ਵੱਖ-ਵੱਖ ਐਸੋਸੀਏਸ਼ਨਾਂ ਅਤੇ ਲਾਇਬ੍ਰੇਰੀਆਂ ਦੁਆਰਾ ਸਿਫਾਰਸ਼ ਕੀਤੀਆਂ ਬਹੁਤ ਸਾਰੀਆਂ ਕਿਤਾਬਾਂ ਦੀਆਂ ਸੂਚੀਆਂ ਅਤੇ ਮਾਪਿਆਂ ਨੂੰ ਚੋਣ ਕਰਨ ਲਈ ਮਾਰਗਦਰਸ਼ਨ ਕਰਨ ਲਈ ਕੁਝ ਸ਼ਾਨਦਾਰ ਕਿਤਾਬਾਂ ਹਨ। ਸਾਰਿਆਂ ਲਈ ਸਭ ਤੋਂ ਵਧੀਆ ਮਦਦ, ਹਾਲਾਂਕਿ, ਤੁਹਾਡੀ ਗੁਆਂਢੀ ਲਾਇਬ੍ਰੇਰੀ ਵਿੱਚ ਉਪਲਬਧ ਹੈ। ਜੇਕਰ ਤੁਸੀਂ ਇਸ ਲਾਇਬ੍ਰੇਰੀ ਤੋਂ ਅਣਜਾਣ ਹੋ, ਤਾਂ ਮਦਦ ਮੰਗਣ ਲਈ ਦੁਚਿੱਤੀ ਵਿੱਚ ਨਾ ਰਹੋ। ਬੱਚਿਆਂ ਦੇ ਲਾਇਬ੍ਰੇਰੀਅਨਾਂ ਨੂੰ ਵਿਸ਼ੇਸ਼ ਕਿਤਾਬਾਂ, ਉੱਚੀ ਆਵਾਜ਼ ਵਿੱਚ ਪੜ੍ਹਨ ਲਈ ਵਧੀਆ ਕਿਤਾਬਾਂ, ਅਤੇ ਇੱਕ ਖਾਸ ਉਮਰ ਸਮੂਹ ਲਈ ਸੁਝਾਏ ਗਏ ਕਿਸੇ ਖਾਸ ਵਿਸ਼ੇ 'ਤੇ ਕਿਤਾਬਾਂ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਲਾਇਬ੍ਰੇਰੀਆਂ ਵਿੱਚ ਬਹੁਤ ਸਾਰੀਆਂ ਕਿਤਾਬਾਂ ਦੀਆਂ ਸੂਚੀਆਂ ਵੀ ਹਨ, ਜਿਵੇਂ ਕਿ ਇੱਥੇ ਜ਼ਿਕਰ ਕੀਤੀਆਂ ਗਈਆਂ ਹਨ ਅਤੇ ਹੋ ਸਕਦਾ ਹੈ ਕਿ ਕੁਝ ਕਿਤਾਬਾਂ ਖੁਦ ਲਾਇਬ੍ਰੇਰੀ ਦੁਆਰਾ ਉਪਲਬਧ ਕਰਵਾਈਆਂ ਗਈਆਂ ਹੋਣ। ਇਸ ਤੋਂ ਇਲਾਵਾ, ਤੁਹਾਡੀ ਲਾਇਬ੍ਰੇਰੀ ਵਿੱਚ ਬਹੁਤ ਸਾਰੇ ਰਸਾਲੇ ਹੋ ਸਕਦੇ ਹਨ ਜੋ ਬੁੱਕਲਿਸਟ ਅਤੇ ਹੌਰਨ ਬੁੱਕ ਦੇ ਨਾਲ, ਬੱਚਿਆਂ ਦੀਆਂ ਕਿਤਾਬਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰਦੇ ਹਨ। ਇਹ ਤੁਹਾਨੂੰ ਨਵੀਨਤਮ ਅਤੇ ਅਭਿਆਸ ਦੇ ਯੋਗ ਕੀ ਹੈ ਦੀ ਇੱਕ ਸਪਸ਼ਟ ਤਸਵੀਰ ਪੇਸ਼ ਕਰਨਗੇ। ਅਤੇ ਤੁਹਾਡੀ ਲਾਇਬ੍ਰੇਰੀ ਵਿੱਚ ਪਹੁੰਚਯੋਗ ਬਹੁਤ ਸਾਰੀਆਂ ਕਿਤਾਬਾਂ ਨੂੰ ਬ੍ਰਾਊਜ਼ ਕਰਨ ਤੋਂ ਬਿਹਤਰ ਹੋਰ ਕੁਝ ਨਹੀਂ ਹੈ ਜਦੋਂ ਤੱਕ ਤੁਸੀਂ ਉਹਨਾਂ ਨੂੰ ਨਹੀਂ ਲੱਭ ਲੈਂਦੇ ਜੋ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜੇਕਰ ਬੱਚੇ ਸਕੂਲ ਜਾ ਰਹੇ ਹਨ, ਤਾਂ ਯਾਦ ਰੱਖੋ ਕਿ ਉਹਨਾਂ ਦੀ ਸਕੂਲ ਲਾਇਬ੍ਰੇਰੀ ਸਮੱਗਰੀ ਦੀ ਵਿਸ਼ਾਲ ਸ਼੍ਰੇਣੀ ਲਈ ਇੱਕ ਸ਼ਾਨਦਾਰ ਸਰੋਤ ਹੈ ਅਤੇ ਸਕੂਲ ਦੇ ਲਾਇਬ੍ਰੇਰੀਅਨ ਬਾਲ ਸਾਹਿਤ ਬਾਰੇ ਜਾਣਕਾਰ ਹਨ। ਆਪਣੇ ਬੱਚਿਆਂ ਨੂੰ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਕੁਝ ਕਿਤਾਬਾਂ ਸਿਰਫ਼ ਮਨੋਰੰਜਨ ਅਤੇ ਪੜ੍ਹਾਈ ਲਈ ਘਰ ਲਿਆਉਣ ਲਈ ਪ੍ਰੇਰਿਤ ਕਰੋ। ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ ਇੱਕ ਚੁਣੌਤੀ ਰਿਹਾ ਹੈ। ਪੜ੍ਹਨਾ ਸਿੱਖਿਆ ਅਤੇ ਸਮਕਾਲੀ ਕਾਰੋਬਾਰੀ ਸੰਸਾਰ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਬਹੁਤ ਜ਼ਿਆਦਾ ਸੰਚਾਰ ਈਮੇਲ ਅਤੇ ਵੱਖ-ਵੱਖ ਮੈਸੇਜਿੰਗ ਪ੍ਰਣਾਲੀਆਂ ਦੁਆਰਾ ਡਿਜੀਟਲ ਰੂਪ ਵਿੱਚ ਹੁੰਦਾ ਹੈ। ਇਸਦੇ ਕਾਰਨ, ਸਮਝਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਲਈ ਪੜ੍ਹਨ ਦੀ ਸਮਰੱਥਾ ਮਹੱਤਵਪੂਰਨ ਹੈ ਅਤੇ ਇਸਨੂੰ ਛੋਟੀ ਉਮਰ ਵਿੱਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਅਨੰਦ ਲਈ ਪੜ੍ਹਨਾ ਬੱਚਿਆਂ ਲਈ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦਾ ਹੈ ਜਦੋਂ ਉਹ ਸਕੂਲ ਜਾਂਦੇ ਹਨ ਅਤੇ ਫਿਰ ਬਾਲਗ ਹੋ ਜਾਂਦੇ ਹਨ। 17,000 ਤੋਂ ਵੱਧ ਲੋਕਾਂ ਦੇ ਅਧਿਐਨ ਅਤੇ ਉਹਨਾਂ ਦੀ ਅਕਾਦਮਿਕ ਸਫਲਤਾ ਅਤੇ ਬੱਚਿਆਂ ਦੇ ਰੂਪ ਵਿੱਚ ਪੜ੍ਹਨ ਦੀਆਂ ਆਦਤਾਂ ਨੂੰ ਰਿਕ-ਾਰਡ ਕਰਨ ਤੋਂ ਪਤਾ ਲੱਗਿਆ ਹੈ ਕਿ ਜੋ ਵਿਦਿਆਰਥੀ ਸਿਰਫ਼ ਅਨੰਦ ਲਈ ਪੜ੍ਹਦੇ ਹਨ ਉਹਨਾਂ ਨੇ ਸਪੈਲਿੰਗ, ਸ਼ਬਦਾਵਲੀ ਅਤੇ ਗਣਿਤ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਐਸੋਸੀਏਸ਼ਨ ਉਨ੍ਹਾਂ ਵਿਦਿਆਰਥੀਆਂ ਨਾਲੋਂ 4 ਗੁਣਾ ਬਿਹਤਰ ਸੀ ਜਿਨ੍ਹਾਂ ਦੇ ਮਾਪਿਆਂ ਕੋਲ ਗ੍ਰੈਜੂਏਟ ਪੱਧਰ ਦੀਆਂ ਡਿਗਰੀਆਂ ਸਨ। ਟੈਕਨਾਲੋਜੀ ਉਸ ਤਰੀਕੇ ਨੂੰ ਬਦਲ ਰਹੀ ਹੈ ਜਿਸ ਤਰ੍ਹਾਂ ਅਸੀਂ ਸਾਰੇ ਪੜ੍ਹਦੇ ਹਾਂ, ਅਤੇ ਇਸ ਨਾਲ ਬੱਚਿਆਂ ਅਤੇ ਉਨ੍ਹਾਂ ਦੇ ਪੜ੍ਹਨ 'ਤੇ ਸਕਾਰਾਤਮਕ ਪ੍ਰਭਾਵ ਪੈ ਸਕਦਾ ਹੈ। ਉਹਨਾਂ ਦੇ ਕਲਾਸਰੂਮ ਵਿੱਚ ਟੈਬਲੈੱਟ ਵਰਗੀਆਂ ਤਕਨਾਲੋਜੀਆਂ ਨੂੰ ਜੋੜਨ ਨਾਲ, ਵਿਦਿਆਰਥੀਆਂ ਦਾ ਆਤਮ-ਵਿਸ਼ਵਾਸ ਅਤੇ ਸਵੈ-ਮਾਣ ਵਧਦਾ ਹੈ। ਤਕਨਾਲੋਜੀ ਉਹਨਾਂ ਵਿਦਿਆਰਥੀਆਂ ਨੂੰ ਵੀ ਪ੍ਰਦਾਨ ਕਰਦੀ ਹੈ ਜੋ ਸਰਵ-ਵਿਆਪਕ ਕੰਪਿਊਟਰਾਂ ਅਤੇ ਸਮਾਰਟਫ਼ੋਨਾਂ ਦੇ ਯੁੱਗ ਵਿੱਚ ਵਧੇ ਹਨ, ਇੱਕ ਹੋਰ ਆਉਟਲੈਟ ਜਿਸ ਰਾਹੀਂ ਉਹ ਸਿੱਖਣ ਅਤੇ ਵਧਣ ਲਈ ਜਾਣੂ ਹੋ ਜਾਂਦੇ ਹਨ। ਵਿਹਾਰਕ ਤਕਨਾਲੋਜੀ ਅਤੇ ਸੁਧਰੇ ਹੋਏ ਪੜ੍ਹਨ ਦੇ ਹੁਨਰ ਦੁਆਰਾ ਸਵੈ-ਮਾਣ ਬਣਾਉਣਾ ਵਿਦਿਆਰਥੀ ਦੇ ਜੀਵਨ ਦੇ ਸਾਰੇ ਖੇਤਰਾਂ 'ਤੇ ਸਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਈ-ਰੀਡਰ ਹਰ ਵਿਅਕਤੀ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਅਨੁਕੂਲਿਤ ਹੋ ਸਕਦੇ ਹਨ। ਜੇਕਰ ਤੁਹਾਡੇ ਕੋਲ ਇੱਕ ਬੱਚਾ ਹੈ ਜਿਸ ਨੂੰ ਉਸਦੀ ਪੜ੍ਹਨ ਦੀ ਸਮਰੱਥਾ ਵਿੱਚ ਸੁਧਾਰ ਕਰਨ ਲਈ ਹਰ ਪੰਨੇ 'ਤੇ ਇੱਕ ਵੱਡੇ ਫੌਂਟ ਜਾਂ ਘੱਟ ਲਾਈਨਾਂ ਦੀ ਲੋੜ ਹੈ, ਤਾਂ ਈ-ਰੀਡਰ ਇਸ ਕਿਸਮ ਦੀ ਟੇਲਰਿੰਗ ਲਈ ਬਿਲਕੁਲ ਵਧੀਆ ਹਨ। ਈ-ਰੀਡਰ ਸਿੱਖਣ ਵਿੱਚ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਲਈ ਅਨੁਕੂਲ ਹੁੰਦੇ ਹਨ ਅਤੇ ਉਹਨਾਂ ਬੱਚਿਆਂ ਲਈ ਖੇਡ ਦੇ ਮੈਦਾਨ ਦੇ ਪੱਧਰ ਵਿੱਚ ਮਦਦ ਕਰ ਸਕਦੇ ਹਨ ਜੋ ਵੱਖਰੇ ਤਰੀਕੇ ਨਾਲ ਸਿੱਖਦੇ ਹਨ। ਕੇਵਲ ਅਨੰਦ ਲਈ ਪੜ੍ਹਨਾ ਸਕੂਲ ਵਿੱਚ ਬੱਚਿਆਂ ਨੂੰ ਲਾਭ ਦਿੰਦਾ ਹੈ ਕਿਉਂਕਿ ਉਹਨਾਂ ਦੀ ਵਰਤੋਂ ਨਵੇਂ ਵਿਚਾਰ ਸਥਾਪਤ ਕਰਨ ਲਈ ਕੀਤੀ ਜਾਂਦੀ ਹੈਅਤੇ ਉਹਨਾਂ ਨੂੰ ਗੈਰ-ਪੜ੍ਹਨ ਵਾਲੇ ਸਾਥੀਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਤੇਜ਼ੀ ਨਾਲ ਅਭਿਆਸ ਕਰ ਸਕਦੇ ਹਨ। ਈ-ਰੀਡਰਾਂ ਨੇ ਬਾਅਦ ਦੀ ਪੀੜ੍ਹੀ ਨੂੰ ਪੜ੍ਹਨ ਲਈ ਵਾਪਸ ਲਿਆਉਣ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਕਹਾਣੀਆਂ ਅਤੇ ਵਿਸ਼ਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਆਸਾਨ ਪ੍ਰਵੇਸ਼ ਇੱਕ ਗੈਰ-ਉਤਸ਼ਾਹਿਤ ਪਾਠਕ ਵਿੱਚ ਵੀ ਦਿਲਚਸਪੀ ਪੈਦਾ ਕਰਨ ਦਾ ਭਰੋਸਾ ਦਿਵਾਉਂਦਾ ਹੈ, ਅਤੇ ਵਧ ਰਹੀ ਤਕਨਾਲੋਜੀ ਵਧੀਆ ਸਿੱਖਣ ਦੇ ਮੌਕੇ ਪ੍ਰਦਾਨ ਕਰਦੀ ਹੈ ਕਲਾਸਰੂਮ ਵਿੱਚ ਆਤਮ-ਵਿਸ਼ਵਾਸ ਅਤੇ ਸਵੈ-ਮਾਣ ਨੂੰ ਵਧਾ ਰਹੀ ਹੈ। ਸਿੱਟਾ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਸਕੂਲ ਵਿੱਚ ਸਫਲਤਾ ਪ੍ਰਾਪਤ ਕਰੇ, ਤਾਂ ਤੁਹਾਨੂੰ ਇਹ ਯਕੀਨੀ ਬਣਾ ਕੇ ਆਪਣੀ ਭੂਮਿਕਾ ਨਿਭਾਉਣ ਦੀ ਲੋੜ ਹੈ ਕਿ ਉਸ ਕੋਲ ਪੜ੍ਹਨ ਲਈ ਪੜ੍ਹਾਈ ਕਰਨ ਦੀ ਇੱਛਾ ਦੇ ਨਾਲ ਸਕੂਲ ਵਿੱਚ ਭਾਸ਼ਾ ਅਤੇ ਸਾਖਰਤਾ ਨਾਲ ਸਬੰਧਤ ਹੁਨਰ ਦੀ ਮਜ਼ਬੂਤ ਨੀਂਹ ਹੈ। ਸ਼ੁਰੂਆਤੀ ਸਾਲਾਂ ਦੌਰਾਨ, ਪਹਿਲੀ ਤੋਂ ਤੀਜੀ ਜਮਾਤ ਤੱਕ, ਬੱਚਾ ਸਿੱਖੇਗਾ ਕਿ ਪੜ੍ਹਨਾ ਕਿਵੇਂ ਕਰਨਾ ਹੈ, ਜੋ ਕਿ ਇੱਕ ਮੁਸ਼ਕਲ ਪ੍ਰਕਿਰਿਆ ਹੈ; ਹਾਲਾਂਕਿ, ਇਹ ਕੁਝ ਲਈ ਆਸਾਨ ਅਤੇ ਦੂਜਿਆਂ ਲਈ ਔਖਾ ਸਾਬਤ ਹੋ ਸਕਦਾ ਹੈ। ਇਸ ਸਮੇਂ ਦੌਰਾਨ ਧਿਆਨ ਦਿਓ ਕਿ ਬੱਚੇ ਨੂੰ ਅਕਸਰ ਪੜ੍ਹਨ ਲਈ ਉਤਸ਼ਾਹਿਤ ਕਰਦੇ ਹੋਏ ਪੜ੍ਹਨ ਲਈ ਸਿੱਖਣ ਦੀ ਪ੍ਰਕਿਰਿਆ 'ਤੇ ਜ਼ੋਰ ਨਾ ਦਿਓ। ਦਿਲਚਸਪੀ ਅਤੇ ਅਨੰਦ ਲਈ ਪੜ੍ਹਨਾ ਤੁਹਾਡੇ ਬੱਚੇ ਨੂੰ ਪੜ੍ਹਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰੇਗਾ ਅਤੇ ਤੁਹਾਡੇ ਬੱਚੇ ਨੂੰ ਹੁਨਰਾਂ ਦਾ ਸਾਰਥਕ ਤਰੀਕਿਆਂ ਨਾਲ ਅਭਿਆਸ ਕਰਨ ਦਾ ਮੌਕਾ ਦੇਵੇਗਾ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ ,ਪੰਜਾਬ।*

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਹੀ ਮਾਰਗਦਰਸ਼ਨ ਤੁਹਾਡੇ ਭਵਿੱਖ ਦੇ ਕੈਰੀਅਰ ਨੂੰ ਕਿਵੇਂ ਮਜ਼ਬੂਤ ਕਰ ਸਕਦਾ ਹੈ



ਵਿਸ਼ਵੀਕਰਨ ਦੇ ਇਸ ਸੰਸਾਰ ਵਿੱਚ ਰਹਿੰਦੇ ਹੋਏ ਜਿੱਥੇ ਚੁਣਨ ਲਈ ਅਣਗਿਣਤ ਕੈਰੀਅਰ ਵਿਕਲਪ ਹਨ, ਵਿਦਿਆਰਥੀਆਂ ਲਈ ਗੁੰਮ ਹੋ ਜਾਣਾ ਆਮ ਗੱਲ ਹੈ। ਭਵਿੱਖ ਵਿੱਚ ਬਹੁਤ ਸਾਰੀਆਂ ਅਨਿਸ਼ਚਿਤਤਾਵਾਂ ਦੇ ਨਾਲ, ਵਿਦਿਆਰਥੀਆਂ ਅਤੇ ਮਾਪਿਆਂ ਦੋਵਾਂ ਲਈ ਇੱਕ ਬਿਹਤਰ ਭਵਿੱਖ ਲਈ ਸੁਰੱਖਿਅਤ ਅਤੇ ਠੋਸ ਫੈਸਲੇ ਲੈਣਾ ਮੁਸ਼ਕਲ ਹੈ। ਇਸ ਲਈ ਸਹੀ ਮਾਰਗ ਦੀ ਪਛਾਣ ਕਰਨਾ ਸਮੇਂ ਦੀ ਲੋੜ ਹੈ। ਸਿਰਫ਼ ਸਹੀ ਮਾਰਗਦਰਸ਼ਨ ਹੀ ਅੱਗੇ ਦੀ ਸਫ਼ਲਤਾ ਦਾ ਰਾਹ ਪੱਧਰਾ ਕਰ ਸਕਦਾ ਹੈ। ਸਹੀ ਮਾਰਗਦਰਸ਼ਨ ਤੋਂ ਬਿਨਾਂ, ਤੁਹਾਡੀ ਜ਼ਿੰਦਗੀ ਇੱਕ ਪਤਵਾਰ ਬਿਨਾ ਇੱਕ ਕਿਸ਼ਤੀ ਵਿੱਚ ਬਦਲ ਸਕਦਾ ਹੈ। ਇਸ ਚੁਣੌਤੀ ਨੂੰ ਧਿਆਨ ਵਿਚ ਰੱਖਦੇ ਹੋਏ, ਆਓ ਅਸੀਂ ਇਹ ਜਾਣੀਏ ਕਿ ਸਹੀ ਮਾਰਗਦਰਸ਼ਨ ਤੁਹਾਡੇ ਭਵਿੱਖ ਦੇ ਕੈਰੀਅਰ ਨੂੰ ਕਿਵੇਂ ਮਜ਼ਬੂਤ ਕਰ ਸਕਦਾ ਹੈ। ਅਕਸਰ ਵਿਦਿਆਰਥੀ ਇਸ ਤੱਥ ਤੋਂ ਅਣਜਾਣ ਹੁੰਦੇ ਹਨ ਕਿ ਸਹੀ ਸਮੇਂ 'ਤੇ ਸਹੀ ਫੈਸਲਾ ਲੈਣਾ ਕੈਰੀਅਰ ਬਣਾਉਣ ਲਈ ਸ਼ੁਰੂਆਤੀ ਅਤੇ ਮਹੱਤਵਪੂਰਨ ਕਦਮ ਹੈ। ਕਈ ਵਾਰ ਵਿਦਿਆਰਥੀ ਆਪਣੇ ਸਾਥੀਆਂ ਦੁਆਰਾ ਲਏ ਗਏ ਫੈਸਲੇ ਅਨੁਸਾਰ ਬੇਚੈਨ ਅਤੇ ਅਸਪਸ਼ਟ ਮਨ ਨਾਲ ਫੈਸਲਾ ਲੈ ਕੇ ਗਲਤ ਰਾਹ ਚੁਣ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਲਈ ਅੱਗੇ ਦੇ ਸਫਲ ਕੈਰੀਅਰ ਦਾ ਰਾਹ ਬੰਦ ਹੋ ਜਾਂਦਾ ਹੈ। ਕਈ ਵਾਰ ਇਹ ਚੋਣ ਗਿਆਨ ਅਤੇ ਜਾਗਰੂਕਤਾ 'ਤੇ ਆਧਾਰਿਤ ਹੁੰਦੀ ਹੈ।ਇੱਕ ਕਮੀ ਦੇ ਨਤੀਜੇ ਹਨ। ਇੱਥੇ, ਇਹਨਾਂ ਅਣਜਾਣ ਵਿਦਿਆਰਥੀਆਂ ਲਈ ਇੱਕ ਪ੍ਰਭਾਵਸ਼ਾਲੀ ਮਾਰਗਦਰਸ਼ਨ ਦਿੱਤਾ ਗਿਆ ਹੈ। ਵਿੱਦਿਆ ਦਾ ਮਾਰਗ ਚੁਣਨਾ ਵਿਦਿਆਰਥੀ ਦੇ ਜੀਵਨ ਦਾ ਅਹਿਮ ਹਿੱਸਾ ਹੁੰਦਾ ਹੈ। ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਲਈ ਮਾਹਿਰ ਦੀ ਅਗਵਾਈ ਦੀ ਲੋੜ ਹੁੰਦੀ ਹੈ। ਸਹੀ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਸਹੀ, ਲੋੜੀਦੀ ਅਤੇ ਚੰਗੀ ਤਰ੍ਹਾਂ ਸੋਚ-ਸਮਝ ਕੇ ਚੋਣ ਕਰਨ ਵਿੱਚ ਮਦਦ ਕਰਦਾ ਹੈ। ਇਹ ਉਹਨਾਂ ਵਿੱਚ ਸਭ ਤੋਂ ਉੱਤਮਤਾ ਲਿਆਉਂਦਾ ਹੈ ਅਤੇ ਉਹਨਾਂ ਦੀ ਸਮੁੱਚੀ ਸ਼ਖਸੀਅਤ ਨੂੰ ਨਿਖਾਰਦਾ ਹੈ। ਸਹੀ ਮਾਰਗਦਰਸ਼ਨ ਵਿਦਿਆਰਥੀਆਂ ਦੀ ਸਵੈ-ਜਾਗਰੂਕਤਾਜੋ ਉਹਨਾਂ ਦੀਆਂ ਕਾਬਲੀਅਤਾਂ, ਸੰਭਾਵਨਾਵਾਂ ਅਤੇ ਰੁਚੀਆਂ ਦੀ ਸਮਝ ਪੈਦਾ ਕਰਦਾ ਹੈ ਅਤੇ ਇਹ ਕਿਵੇਂ ਸਹੀ ਕੈਰੀਅਰ ਦੀ ਚੋਣ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ, ਆਦਿ। ਸਹੀ ਮਾਰਗਦਰਸ਼ਨ ਤੁਹਾਡੇ ਹੁਨਰ ਅਤੇ ਵਿਸ਼ਵਾਸ ਨੂੰ ਵਧਾਉਂਦਾ ਹੈ। ਇਹ ਤੁਹਾਡੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਨਿਰਧਾਰਤ ਕਰਕੇ ਤੁਹਾਡੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਦਾ ਹੈ। ਵਿਦਿਆਰਥੀਆਂ ਦੇ ਜੀਵਨ ਵਿੱਚ ਸਹੀ ਮਾਰਗਦਰਸ਼ਨ ਦੀ ਭੂਮਿਕਾ ਨੂੰ ਧਿਆਨ ਵਿੱਚ ਰੱਖਦੇ ਹੋਏ, ਹੇਠਾਂ ਦਿੱਤੇ ਨੁਕਤਿਆਂ ਦੀ ਮਦਦ ਨਾਲ ਇੱਕ ਵਿਦਿਆਰਥੀ ਆਪਣੀ ਰੁਚੀਆਂ, ਕਾਬਲੀਅਤਾਂ ਅਤੇ ਸਮਰੱਥਾਵਾਂ ਦੇ ਨਾਲ ਆਪਣੇ ਕੈਰੀਅਰ ਦਾ ਵਿਕਾਸ ਕਰ ਸਕਦਾ ਹੈ।ਉਹ ਭਵਿੱਖ ਲਈ ਯੋਜਨਾ ਬਣਾ ਸਕਦਾ ਹੈ। ਇੱਕ ਸਲਾਹਕਾਰ ਲੱਭੋ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ, ਇੱਕ ਸਲਾਹਕਾਰ ਹੋਣਾ ਜ਼ਰੂਰੀ ਹੈ। ਇਹ ਇੱਕ ਭਰਾ, ਭੈਣ, ਅਧਿਆਪਕ ਜਾਂ ਦੋਸਤ ਹੋ ਸਕਦਾ ਹੈ। ਇੱਕ ਸਲਾਹਕਾਰ ਤੁਹਾਨੂੰ ਸਹੀ ਮਾਰਗਦਰਸ਼ਨ ਅਤੇ ਹੌਸਲਾ ਦਿੰਦਾ ਹੈ। ਇੱਕ ਸਲਾਹਕਾਰ ਤੁਹਾਡੀਆਂ ਸਮਰੱਥਾਵਾਂ ਦੀਆਂ ਸੀਮਾਵਾਂ ਨੂੰ ਇੱਕ ਨਵੇਂ ਤਰੀਕੇ ਨਾਲ ਧੱਕਦਾ ਹੈ ਅਤੇ ਤੁਹਾਡੇ ਟੀਚਿਆਂ ਨੂੰ ਸਾਕਾਰ ਕਰਨ ਵੱਲ ਪਹਿਲਾ ਕਦਮ ਚੁੱਕਦਾ ਹੈ। ਉਹ ਤੁਹਾਨੂੰ ਹੌਸਲਾ ਦੇ ਕੇ ਲਗਾਤਾਰ ਤੁਹਾਡੇ ਆਤਮਵਿਸ਼ਵਾਸ ਨੂੰ ਵਧਾਉਂਦਾ ਹੈ, ਇਸ ਤਰ੍ਹਾਂ ਤੁਹਾਡੇ ਵਿੱਚ ਸਭ ਤੋਂ ਵਧੀਆ ਚੀਜ਼ਾਂ ਲਿਆਉਂਦਾ ਹੈ। ਤੁਹਾਡੀ ਸਫਲਤਾ ਦਾ ਇੱਕ ਸਲਾਹਕਾਰਤੁਹਾਡੇ ਕੈਰੀਅਰ ਦੇ ਮਾਰਗ ਵਿੱਚ ਤੁਹਾਨੂੰ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ। ਇੱਕ ਟੈਸਟ ਲਓ ਅੱਜਕੱਲ੍ਹ ਕਿਸੇ ਕੋਰਸ ਲਈ ਵਿਦਿਆਰਥੀ ਦੀ ਯੋਗਤਾ ਦੀ ਜਾਂਚ ਕਰਨ ਲਈ ਕਈ ਟੈਸਟ ਲਏ ਜਾਂਦੇ ਹਨ। ਇਹ ਟੈਸਟ ਉਸ ਕੋਰਸ ਲਈ ਲੋੜੀਂਦੀ ਯੋਗਤਾ ਦੇ ਆਧਾਰ 'ਤੇ ਕਿਸੇ ਕੋਰਸ ਜਾਂ ਕੋਰਸਾਂ ਵਿੱਚ ਤੁਹਾਡੀ ਦਿਲਚਸਪੀ ਦਾ ਪਤਾ ਲਗਾਉਣ ਲਈ ਤਿਆਰ ਕੀਤੇ ਗਏ ਹਨ। ਇਸ ਕਿਸਮ ਦੇ ਟੈਸਟ ਤੁਹਾਡੀ ਅਸਲ ਸਮਰੱਥਾ ਅਤੇ ਦਿਲਚਸਪੀ ਦੀ ਪਰਖ ਕਰਨ ਅਤੇ ਕਰੀਅਰ ਦੇ ਢੁਕਵੇਂ ਫੈਸਲੇ ਲੈਣ ਵਿੱਚ ਮਦਦਗਾਰ ਹੁੰਦੇ ਹਨ। ਜੇਕਰ ਤੁਸੀਂ ਮੈਡੀਕਲ ਜਾਂ ਇੰਜੀਨੀਅਰਿੰਗ ਵਿੱਚ ਉਜਵਲ ਭਵਿੱਖ ਲਈ ਸਹੀ ਸਮੇਂ 'ਤੇ ਸਹੀ ਮਾਰਗਦਰਸ਼ਨ ਦੀ ਭਾਲ ਕਰ ਰਹੇ ਹੋ, ਫਿਰ ।ਛਝਭੰ ਇੱਕ ਅਜਿਹਾ ਟੈਸਟ ਹੈ। ਇਹ ਨਾ ਸਿਰਫ਼ ਤੁਹਾਨੂੰ 100% ਤੱਕ ਸਕਾਲਰਸ਼ਿਪ ਅਤੇ ਨਕਦ ਇਨਾਮ ਜਿੱਤਣ ਦਾ ਮੌਕਾ ਦਿੰਦਾ ਹੈ, ਸਗੋਂ ਤੁਹਾਨੂੰ ਆਕਾਸ਼ ਵਿੱਚ ਦਾਖਲਾ ਲੈਣ ਦਾ ਮੌਕਾ ਵੀ ਦਿੰਦਾ ਹੈ, ਜੋ ਤੁਹਾਨੂੰ ਭਵਿੱਖ ਵਿੱਚ ਹੋਣ ਵਾਲੀਆਂ ਸਭ ਤੋਂ ਮਹੱਤਵਪੂਰਨ ਪ੍ਰੀਖਿਆਵਾਂ ਨੂੰ ਪੂਰਾ ਕਰਨ ਲਈ ਤਿਆਰ ਕਰਦਾ ਹੈ ਅਤੇ ਤੁਹਾਡੇ ਉੱਜਵਲ ਭਵਿੱਖ ਲਈ ਦਰਵਾਜ਼ੇ ਖੋਲ੍ਹਦਾ ਹੈ। ਦਿੰਦਾ ਹੈ। ਇਸ ਤੋਂ ਇਲਾਵਾ, ਵਿਦਿਆਰਥੀ ਆਕਾਸ਼ 'ਤੇ ਮੈਡੀਕਲ ਜਾਂ ਇੰਜੀਨੀਅਰਿੰਗ ਕੋਰਸਾਂ ਲਈ ਆਪਣੀ ਯੋਗਤਾ ਦਾ ਮੁਲਾਂਕਣ ਕਰਨ ਲਈ ਯੋਗਤਾ ਟੈਸਟ ਦੀ ਚੋਣ ਵੀ ਕਰ ਸਕਦੇ ਹਨ। ਅਧਿਆਪਕਾਂ ਤੱਕ ਪਹੁੰਚੋ ਪੁਰਾਣੇ ਜ਼ਮਾਨੇ ਤੋਂ ਅਧਿਆਪਕਉਹ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣ ਲਈ ਉਤਸ਼ਾਹਿਤ ਅਤੇ ਮਾਰਗਦਰਸ਼ਨ ਕਰਦੇ ਰਹੇ ਹਨ। ਉਹ ਨਾ ਸਿਰਫ਼ ਸਹੀ ਕੈਰੀਅਰ ਚੁਣਨ ਵਿੱਚ ਤੁਹਾਡੀ ਮਦਦ ਕਰਦੇ ਹਨ ਸਗੋਂ ਇਹ ਵੀ ਸਿਖਾਉਂਦੇ ਹਨ ਕਿ ਇੱਕ ਚੰਗਾ ਇਨਸਾਨ ਕਿਵੇਂ ਬਣਨਾ ਹੈ। ਉਹ ਵਿਦਿਆਰਥੀਆਂ ਨੂੰ ਅਨੁਸ਼ਾਸਨ ਦੇਣ ਦੇ ਨਾਲ-ਨਾਲ ਉਹਨਾਂ ਨੂੰ ਸਿੱਖਿਆ ਦੁਆਰਾ ਮਾਰਗਦਰਸ਼ਨ ਕਰਦੇ ਹਨ ਕਿ ਉਹਨਾਂ ਨੂੰ ਸਫਲਤਾ ਲਈ ਸਭ ਤੋਂ ਸੰਭਵ ਤਰੀਕਿਆਂ ਨਾਲ ਕੀ ਕਰਨਾ ਚਾਹੀਦਾ ਹੈ ਅਤੇ ਕਿਵੇਂ ਕਰਨਾ ਚਾਹੀਦਾ ਹੈ। ਵਿਦਿਆਰਥੀ ਕਰੀਅਰ, ਕੋਰਸਾਂ ਲਈ ਅਧਿਆਪਕਾਂ ਤੋਂ ਵਿਸਤ੍ਰਿਤ ਸਲਾਹ ਲੈ ਸਕਦੇ ਹਨ, ਜੋ ਉਚਿਤ ਫੈਸਲਾ ਲੈਣ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ। ਆਪਣਾ ਨੈੱਟਵਰਕਉਠਾਓ ਵਿਸ਼ਵੀਕ੍ਰਿਤ ਸੰਸਾਰ ਵਿੱਚ ਜਿਸ ਵਿੱਚ ਅਸੀਂ ਰਹਿੰਦੇ ਹਾਂ, ਨੈੱਟਵਰਕਿੰਗ ਸਾਡੇ ਕਰੀਅਰ ਦੇ ਵਿਕਲਪਾਂ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕਰ ਸਕਦੀ ਹੈ। ਆਪਣੇ ਸਾਥੀਆਂ ਜਾਂ ਬਜ਼ੁਰਗਾਂ ਨਾਲ ਚਰਚਾ ਕਰਨਾ ਹੋਰ ਸੰਭਾਵਨਾਵਾਂ ਨੂੰ ਸਮਝਣ ਅਤੇ ਖੋਜਣ ਵਿੱਚ ਮਦਦਗਾਰ ਹੋ ਸਕਦਾ ਹੈ। ਨੈੱਟਵਰਕ ਰਾਹੀਂ, ਅਸੀਂ ਜਾਣ ਸਕਦੇ ਹਾਂ ਕਿ ਉਹ ਕੋਰਸ ਕਿਵੇਂ ਹੈ ਜਿਸ ਨੂੰ ਅਸੀਂ ਕਰਨ ਬਾਰੇ ਸੋਚ ਰਹੇ ਹਾਂ। ਦੂਜੇ ਪਾਸੇ, ਅਲੂਮਨੀ ਕਨੈਕਸ਼ਨ, ਤੁਹਾਡੇ ਦੂਰੀ ਨੂੰ ਵਿਸ਼ਾਲ ਕਰਨ ਅਤੇ ਤੁਹਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਨਵੇਂ ਤਰੀਕੇ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ। ਉਹ ਤੁਹਾਨੂੰ ਨਵੇਂ ਮੌਕੇ ਲੱਭਣ ਲਈ ਸਿਖਾ ਸਕਦੇ ਹਨਅਤੇ ਤੁਹਾਨੂੰ ਸਿਖਾਓ ਕਿ ਸਫਲਤਾ ਦਾ ਰਾਹ ਪੱਧਰਾ ਕਰਨ ਲਈ ਉਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ। ਸੰਖੇਪ ਵਿੱਚ, ਸਹੀ ਮਾਰਗਦਰਸ਼ਨ ਵਿਦਿਆਰਥੀਆਂ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਉਨ੍ਹਾਂ ਦੇ ਵਿਕਾਸ ਨੂੰ ਤੇਜ਼ ਕਰਦਾ ਹੈ। ਇਹ ਨਾ ਸਿਰਫ਼ ਉਨ੍ਹਾਂ ਨੂੰ ਸਹੀ ਕੈਰੀਅਰ ਚੁਣਨ ਵਿੱਚ ਮਦਦ ਕਰਦਾ ਹੈ ਬਲਕਿ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸੁਤੰਤਰ ਫੈਸਲੇ ਲੈਣ ਦੀ ਸਮਰੱਥਾ ਨੂੰ ਵੀ ਵਧਾਉਂਦਾ ਹੈ।

*-ਵਿਜੈ ਗਰਗ*
*ਸੇਵਾਮੁਕਤ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ, ਮਲੋਟ, ਪੰਜਾਬ*

# ਕੁਦਰਤ ਦਾ ਅਮੁੱਲ ਖ਼ਜ਼ਾਨਾ ਜਲਗਾਹਾਂ

ਵਿਜੈ ਗਰਗ

ਕਹਿੰਦੇ ਹਨ ਕਿ ਜੇਕਰ ਪੌਦੇ ਧਰਤੀ ਦੇ ਫੇਫੜੇ ਹਨ ਤਾਂ ਜਲਗਾਹਾਂ ਧਰਤੀ ਦੇ ਗੁਰਦੇ। ਜਲਗਾਹਾਂ ਬੇਅੰਤ ਪੌਦਿਆਂ, ਛੋਟੇ ਜੀਵਾਂ, ਪੰਛੀਆਂ, ਥਣਧਾਰੀ ਜੀਵਾਂ, ਮੱਛੀਆਂ ਆਦਿ ਦਾ ਰੈਣ ਬਸੇਰਾ ਹਨ। ਜਲਗਾਹਾਂ ਕੇਵਲ ਦੇਸੀ ਪੰਛੀਆਂ ਨੂੰ ਹੀ ਨਹੀਂ ਸਗੋਂ ਪਰਵਾਸੀ ਪੰਛੀ ਜੋ ਬਾਹਰਲੇ ਦੇਸ਼ਾਂ ਤੋਂ ਪਰਵਾਸ ਕਰ ਕੇ ਆਉਂਦੇ ਹਨ, ਨੂੰ ਵੀ ਰਹਿਣ ਸਥਾਨ ਪ੍ਰਦਾਨ ਕਰਦੀਆਂ ਹਨ। ਲੱਖਾਂ ਹੀ ਦੇਸੀ ਅਤੇ ਵਿਦੇਸ਼ੀ ਪੰਛੀ ਜਲਗਾਹਾਂ 'ਤੇ ਦੇਖਣ ਨੂੰ ਮਿਲਦੇ ਹਨ। ਇਹ ਨਜ਼ਾਰਾ ਇੰਨਾ ਸੁੰਦਰ ਹੁੰਦਾ ਹੈ ਕਿ ਇਸ ਨੂੰ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਲਗਾਹਾਂ ਛੋਟੀਆਂ ਵੀ ਨੇ, ਵੱਡੀਆਂ ਵੀ, ਰਾਸ਼ਟਰੀ ਵੀ ਅਤੇ ਅੰਤਰਰਾਸ਼ਟਰੀ ਵੀ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਜਲਗਾਹਾਂ ਦੇ ਸਿੱਧੇ ਅਤੇ ਅਸਿੱਧੇ ਲਾਭਾਂ ਬਾਰੇ, ਜੋ ਲੋਕਾਈ,ਚੌਗਿਰਦੇ ਅਤੇ ਦੇਸ਼ ਨੂੰ ਨਸੀਬ ਹੁੰਦੇ ਹਨ।

ਜਲਗਾਹਾਂ ਜਿੱਥੇ ਲੱਖਾਂ ਹੀ ਦੇਸੀ ਅਤੇ ਵਿਦੇਸ਼ੀ ਪੰਛੀਆਂ, ਜੀਵਾਂ, ਮੱਛੀਆਂ ਆਦਿ ਦਾ ਰਹਿਣ ਬਸੇਰਾ ਹਨ ਉੱਥੇ ਹੀ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਮਨੁੱਖੀ ਜੀਵਨ ਵਿਚ ਵੀ ਹੈ। ਜਲਗਾਹਾਂ ਜੈਵ-ਵਿਭਿੰਨਤਾ ਪੱਖੋਂ ਬਹੁਤ ਅਮੀਰ ਸਥਾਨ ਹੁੰਦੇ ਹਨ। ਕਈ ਪ੍ਰਕਾਰ ਦੀਆਂ ਬਹੁਤ ਹੀ ਉਪਯੋਗੀ ਜੜ੍ਹੀ ਬੂਟੀਆਂ ਜਲਗਾਹਾਂ ਦੇ ਨੇੜੇ ਤੇੜੇ ਪਾਈਆਂ ਜਾਂਦੀਆਂ ਹਨ। ਅਨੇਕਾਂ ਪ੍ਰਕਾਰ ਦੀਆਂ ਮੱਛੀਆਂ ਤੋਂ ਇਲਾਵਾ ਅਸੁਰੱਖਿਅਤ ਅਤੇ ਸੰਕਟਕਾਲੀਨ ਪਰਜਾਤੀਆਂ ਦਾ ਰਹਿਣ ਬਸੇਰਾ ਵੀ ਜਲਗਾਹਾਂ ਹਨ। ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਵਿਚ ਵੀ ਜਲਗਾਹਾਂ ਦਾ ਅਹਿਮ ਯੋਗਦਾਨ ਹੈ। ਜ਼ਿਕਰਯੋਗ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟਦਾ ਜਾ ਰਿਹਾ ਹੈ। ਬੇਹਿਸਾਬਾ ਪਾਣੀ ਧਰਤੀ ਵਿੱਚੋਂ ਕੱਢਣਾ, ਧਰਤੀ ਹੇਠਲੇ ਪਾਣੀ ਨੂੰ ਸੰਭਾਲ ਕੇ ਰੱਖਣ ਵਾਲ਼ੀ ਏਜੰਸੀ "ਰੁੱਖ" ਆਦਿ ਦਾ ਲਗਾਤਾਰ ਘੱਟਣਾ ਆਦਿ ਕੁਝ ਪ੍ਰਮੁੱਖ ਕਾਰਨ ਹਨ ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘੱਟਦਾ ਜਾ ਰਿਹਾ ਹੈ। ਜਲਗਾਹਾਂ ਧਰਤੀ ਹੇਠਲੇ ਪਾਣੀ ਨੂੰ ਸੰਭਾਲਣ ਵਿਚ ਆਪਣੀ ਇਕ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਪਾਣੀ ਨੂੰ ਸਾਫ਼ ਕਰਨ ਵਿਚ ਵੀ ਜਲਗਾਹਾਂ ਦਾ ਅਹਿਮ ਰੋਲ ਹੈ। ਇਸ ਤੋਂ ਇਲਾਵਾ ਜਲਗਾਹਾਂ 'ਤੇ ਆਉਂਦੇ ਦੇਸੀ ਵਿਦੇਸ਼ੀ ਪੰਛੀ ਹਮੇਸ਼ਾ ਹੀ ਪੰਛੀ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਰਹੇ ਹਨ। ਬਹੁਤ ਸਾਰੇ ਸੋਧਕਰਤਾ ਪੰਛੀਆਂ ਦੇ ਪਰਵਾਸ ਅਤੇ ਪਰਵਾਸ ਦੌਰਾਨ ਪ੍ਰਜਣਨ ਆਦਿ ਉੱਤੇ ਆਪਣੀਆਂ ਖੋਜਾਂ ਕਰਦੇ ਹਨ। ਦੇਸੀ ਵਿਦੇਸ਼ੀ ਪੰਛੀਆਂ ਦੀ ਆਮਦ ਨਾਲ ਸੈਰ ਸਪਾਟੇ ਨੂੰ ਹੁੰਗਾਰਾ ਮਿਲਦਾ ਹੈ। ਜਿਸ ਨਾਲ ਦੇਸ਼ ਨੂੰ ਆਰਥਿਕ ਪੱਧਰ 'ਤੇ ਲਾਭ ਹੁੰਦਾ ਹੈ। ਕੁਲ ਮਿਲਾ ਕੇ ਸਾਡੇ ਜੀਵਨ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ 'ਜਲਗਾਹਾਂ'।

ਪੂਰੇ ਸੰਸਾਰ ਵਿਚ ਖਾਰੇ ਅਤੇ ਤਾਜ਼ੇ ਪਾਣੀ ਦੀਆਂ ਦੋਹਾਂ ਤਰ੍ਹਾਂ ਦੀਆਂ ਜਲਗਾਹਾਂ ਪਾਈਆਂ ਜਾਂਦੀਆਂ ਹਨ। ਵਿਸ਼ਵ ਦੀਆਂ ਕੁਝ ਵੱਡੀਆਂ ਜਲਗਾਹਾਂ ਜਿਵੇਂ ਐਮਾਜ਼ੋਨ, ਸੁੰਦਰਬਨ, ਗੰਗਾ ਬ੍ਰਾਹਮਪੁਤਰ ਡੈਲਟਾ, ਪੈਂਟਾਨਲ ਜਲਗਾਹ , ਦੱਖਣੀ ਅਮਰੀਕਾ ਆਦਿ। ਜਲਗਾਹਾਂ ਉੱਤੇ 1971 ਵਿਚ ਯੂਨੀਸਕੋ ਨੇ ਇਕ ਸੰਮੇਲਨ ਕਰਵਾਇਆ, ਜਿਸ ਨੂੰ ਰਾਮਸਰ ਸੰਮੇਲਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸੰਮੇਲਨ ਦੌਰਾਨ ਜਲਗਾਹਾਂ ਦੀ ਸਾਂਭ ਸੰਭਾਲ, ਮਹੱਤਵ, ਅਤੇ ਜਲਗਾਹਾਂ ਦੇ ਸ੍ਰੋਤਾਂ ਦੀ ਸਥਾਈ ਵਰਤੋਂ ਉੱਤੇ ਚਰਚਾ ਕੀਤੀ ਗਈ। ਕੁਝ ਜਲਗਾਹਾਂ ਨੂੰ, ਜਿਨ੍ਹਾਂ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਮਹੱਤਵ ਹੈ , ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ। ਇਨ੍ਹਾਂ ਜਲਗਾਹਾਂ ਨੂੰ ਰਾਮਸਰ ਜਲਗਾਹ ਜਾਂ ਰਾਮਸਰ ਸਥਾਨ ਕਿਹਾ ਜਾਂਦਾ ਹੈ। ਪੂਰੀ ਦੁਨੀਆ ਵਿਚ 2400 ਤੋਂ ਵੱਧ ਰਾਮਸਰ ਜਲਗਾਹਾਂ ਹਨ। (ਇਹ ਅੰਕੜਾ ਹਰੇਕ ਸਾਲ ਵੱਧਦਾ ਰਹਿੰਦਾ ਹੈ) (ਅਗਸਤ 2022 ਵਿਚ ਰਾਮਸਰ ਜਲਗਾਹਾਂ ਦੀ ਗਿਣਤੀ 2471 ਸੀ) ਰਾਮਸਰ ਜਲਗਾਹਾਂ ਦੀ ਗਿਣਤੀ ਭਵਿੱਖ ਵਿਚ ਹੋਰ ਵੱਧ ਸਕਦੀ ਹੈ।

ਕਿਹਾ ਜਾਵੇ ਤਾਂ ਜਲਗਾਹਾਂ ਪਰਮਾਤਮਾ ਵੱਲੋਂ ਮਨੁੱਖ ਅਤੇ ਹੋਰਨਾਂ ਜੀਵ ਜੰਤੂਆਂ, ਪੰਛੀਆਂ ਆਦਿ ਲਈ ਇਕ ਅਹਿਮ ਤੋਹਫ਼ਾ ਹੈ ਪਰ ਅੱਜ ਜਲਗਾਹਾਂ ਆਪਣਾ ਅਸਤਿਤਵ ਖੋਹਦੀਆਂ ਜਾ ਰਹੀਆਂ ਹਨ। ਜਲਗਾਹਾਂ ਹੇਠਲਾ ਰਕਬਾ ਹੁਣ ਘੱਟਦਾ ਜਾ ਰਿਹਾ ਹੈ।

ਜਲਗਾਹਾਂ ਸਾਡੀਆਂ ਅਨਮੋਲ ਵਿਰਾਸਤ ਹਨ। ਇਨ੍ਹਾਂ ਦੀ ਰੱਖਿਆ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਪਵੇਗਾ। ਹਰ ਸਾਲ 2 ਫਰਵਰੀ ਨੂੰ ਅੰਤਰਰਾਸ਼ਟਰੀ ਜਲਗਾਹ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਜਲਗਾਹਾਂ ਦੇ ਮਹੱਤਵ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ।

ਪੰਜਾਬ ਦੀਆਂ ਛੇ ਜਲਗਾਹਾਂ

ਪੰਜਾਬ ਦੀਆਂ ਛੇ ਜਲਗਾਹਾਂ ਹਨ ਜਿਨ੍ਹਾਂ 'ਚ ਹਰੀਕੇ ਜਲਗਾਹ, ਕਾਂਜਲੀ ਜਲਗਾਹ, ਰੋਪੜ ਜਲਗਾਹ, ਕੇਸ਼ੋਪੁਰ ਛੰਭ, ਬਿਆਸ ਅਤੇ ਨੰਗਲ ਡੈਮ ਰਾਮਸਰ ਜਲਗਾਹਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹਨ।

– ਰੋਪੜ ਜਲਗਾਹ

ਰੋਪੜ ਜਲਗਾਹ ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਸਥਿਤ ਹੈ। ਇੱਥੇ ਹਜ਼ਾਰਾਂ ਹੀ ਦੇਸੀ ਵਿਦੇਸ਼ੀ ਪੰਛੀਆਂ ਤੋਂ ਇਲਾਵਾ ਮੱਛੀਆਂ , ਪ੍ਰੋਟੋਜੋਆ ਅਤੇ ਹੋਰ ਜੀਵਾਂ ਦੀਆਂ ਅਨੇਕਾਂ ਕਿਸਮਾਂ ਪਾਈਆਂ ਜਾਂਦੀਆਂ ਹਨ।

– ਕੇਸ਼ੋਪੁਰ ਛੰਭ

ਇਹ ਜਲਗਾਹ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ। ਇਹ ਇਕ ਕੁਦਰਤੀ ਜਲਗਾਹ ਹੈ। ਇਸ ਨੂੰ 2019 ਵਿਚ ਰਾਮਸਰ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ ਸੀ। ਇਹ ਜਲਗਾਹ ਲਗਪਗ 850 ਏਕੜ ਵਿਚ ਫੈਲੀ ਹੋਈ ਹੈ।

– ਕਾਂਜਲੀ ਜਲਗਾਹ

ਕਾਂਜਲੀ ਜਲਗਾਹ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਵਿਚ ਸਥਿਤ ਹੈ। ਇਹ ਜਲਗਾਹ ਕਾਲੀ ਵੇਂਈ ਉੱਤੇ ਬਣੀ ਹੋਈ ਹੈ। ਇਹ ਇਕ ਮਸਨੂਈ ਜਲਗਾਹ ਹੈ। ਇਸ ਜਲਗਾਹ ਦਾ ਬਹੁਤ ਵੱਡਾ ਧਾਰਮਿਕ ਮਹੱਤਵ ਵੀ ਹੈ। ਇਹ ਜਲਗਾਹ ਇਕ ਵਧੀਆ ਪਿਕਨਿਕ ਸਥਾਨ ਤੋਂ ਇਲਾਵਾ ਦੇਸੀ ਵਿਦੇਸ਼ੀ ਪੰਛੀਆਂ ਦਾ ਇਕ ਕਿਰਿਆਸ਼ੀਲ ਸਥਾਨ ਹੈ। ਇੰਟਰਨੈਟ ਤੋਂ ਪ੍ਰਾਪਤ ਡਾਟੇ ਅਨੁਸਾਰ ਇੱਥੇ ਲਗਪਗ 4 ਥਣਧਾਰੀ , 90 ਤੋਂ ਵੱਧ ਜਾਤੀਆਂ ਦੇ ਪੰਛੀ ਅਤੇ ਹੋਰ ਅਨੇਕਾਂ ਪਰਜਾਤੀਆਂ ਪਾਈਆਂ ਜਾਂਦੀਆਂ ਹਨ।

– ਨੰਗਲ ਜਲਗਾਹ

ਨੰਗਲ ਜਲਗਾਹ ਨੂੰ 2020 ਨੂੰ ਰਾਮਸਰ ਜਲਗਾਹ ਦਾ ਦਰਜਾ ਪ੍ਰਾਪਤ ਹੋਇਆ ਹੈ। ਨੰਗਲ ਜਲਗਾਹ ਵਿਚ ਅਨੇਕਾਂ ਹੀ ਪੰਛੀ ਰੂਸ ,ਚੀਨ, ਯੂਕਰੇਨ, ਕਜ਼ਾਕਿ-ਸਤਾਨ ਆਦਿ ਮੁਲਕਾਂ ਤੋਂ ਆਉਂਦੇ ਹਨ। ਦੇਸੀ ਵਿਦੇਸ਼ੀ ਪੰਛੀਆਂ ਦੀ ਆਮਦ ਨਾਲ ਇੱਥੇ ਚਾਰ ਚੰਨ ਲੱਗ ਜਾਂਦੇ ਹਨ।

– ਬਿਆਸ ਜਲਗਾਹ

ਬਿਆਸ ਜਲਗਾਹ ਨੂੰ 2019 ਵਿਚ ਰਾਮਸਰ ਜਲਗਾਹ ਦਾ ਦਰਜਾ ਦਿੱਤਾ ਗਿਆ ਸੀ। ਇਹ ਸਿੰਧੂ ਨਦੀ ਡਾਲਫਿਨ ਦਾ ਰਹਿਣ ਵਸੇਰਾ ਹੈ। ਇਹ ਜਲਗਾਹ ਪੰਜਾਬ ਦੇ ਉੱਤਰ ਪੱਛਮ ਵਿਚ ਸਥਿਤ ਬਿਆਸ ਨਦੀ ਦਾ 185 ਕਿਲੋਮੀਟਰ ਲੰਬਾ ਹਿੱਸਾ ਹੈ।

– ਹਰੀਕੇ ਪੱਤਣ ਜਾਂ ਹਰੀਕੇ ਜਲਗਾਹ

ਇਹ ਇਕ ਮਸਨੂਈ ਜਲਗਾਹ ਹੈ। ਇੱਥੇ ਵੱਖ ਵੱਖ ਪ੍ਰਕਾਰ ਦੀਆਂ ਜਾਤੀਆਂ ਦੇ ਲੱਖਾਂ ਹੀ ਪੰਛੀ ਆਉਂਦੇ ਹਨ। ਸਰਦੀਆਂ ਵਿਚ ਇਹ ਨਜ਼ਾਰਾ ਵੇਖਦਿਆਂ ਹੀ ਬਣਦਾ ਹੈ।

ਜਲਗਾਹਾਂ 'ਤੇ ਮੰਡਰਾ ਰਹੇ ਨੇ ਖ਼ਤਰੇ

ਮਨੁੱਖ ਦੀਆਂ ਗ਼ੈਰ ਕੁਦਰਤੀ ਗਤੀਵਿਧੀਆਂ ਕਾਰਨ ਅੱਜ ਜਲਗਾਹਾਂ 'ਤੇ ਖ਼ਤਰਾ ਮੰਡਰਾ ਰਿਹਾ ਹੈ। ਬੇਅੰਤ ਪ੍ਰਦੂਸ਼ਣ, ਜਲਗਾਹਾਂ ਦਾ ਭਰਨਾ, ਸ਼ਹਿਰੀਕਰਨ, ਵਧਦੀ ਜਨਸੰਖਿਆ ਆਦਿ ਪ੍ਰਮੁੱਖ ਸਮੱਸਿਆਵਾਂ 'ਚ ਸ਼ਾਮਿਲ ਹਨ। ਕਾਂਜਲੀ ਜਲਗਾਹ ਵਿਚ ਵੱਧਦੀ ਹੋਈ ਜਲਕੁੰਭੀ ਇਕ ਵੱਡੀ ਸਮੱਸਿਆ ਬਣੀ ਹੋਈ ਹੈ। ਜਲਵਾਯੂ ਵਿਚ ਬਦਲਾਵ ਕਾਰਨ ਪੰਛੀਆਂ ਦਾ ਪਰਵਾਸ ਘੱਟ ਰਿਹਾ ਹੈ। ਰਸਾਇਣਿਕ ਖਾਦਾਂ ਦਾ ਪਾਣੀ ਨਾਲ ਰਲੇਵਾਂ ਹੋਣ ਕਾਰਨ ਜਲ ਪ੍ਰਬੰਧ ਗੜਬੜਾ ਰਿਹਾ ਹੈ। ਪੰਛੀਆਂ ਦੇ ਰਹਿਣ ਬਸੇਰੇ ਨਸ਼ਟ ਹੋ ਰਹੇ ਹਨ। ਮਹਿਮਾਨ ਪੰਛੀਆਂ ਦਾ ਸ਼ਿਕਾਰ ਵੀ ਇਕ ਵੱਡੀ ਸਮੱਸਿਆ ਹੈ। ਜਿੱਥੇ ਸਰਕਾਰਾਂ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਜਲਗਾਹਾਂ ਦੀ ਸਾਂਭ ਸੰਭਾਲ ਲਈ ਪੁੱਖਤਾ ਕਦਮ ਚੁੱਕਣ ਦੀ ਲੋੜ ਹੈ, ਉੱਥੇ ਹੀ ਸਥਾਨਕ ਲੋਕਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਮਹਿਮਾਨ ਪੰਛੀਆਂ ਅਤੇ ਹੋਰ ਜੀਵਾਂ ਦੀ ਰੱਖਿਆ ਕਰਨ। ਵਧਦੇ ਪ੍ਰਦੂਸ਼ਣ ਕਾਰਨ ਕਈ ਜੀਵ ਪ੍ਰਜਣਨ ਨਹੀਂ ਕਰ ਪਾਉਂਦੇ ਜਿਸ ਕਾਰਨ ਉਨ੍ਹਾਂ ਦੀ ਜਨਸੰਖਿਆ ਘੱਟਦੀ ਜਾ ਰਹੀ ਹੈ।

# ਹਲਕਾ ਫੁਲਕਾ

ਪੱਪੂ ਵਿਆਹ ਦੀ ਰਿਸੈਪਸ਼ਨ ਵਿੱਚ ਆਈਸਕਰੀਮ ਦੇ ਸਟਾਲ ਉੱਤੇ ਖੜ੍ਹਾ ਸੀ ਅਤੇ ਆਈਸਕਰੀਮ ਲਿਜਾਣ ਵਾਲੇ ਹਰ ਵਿਅਕਤੀ ਦੇ ਮੱਥੇ ਉੱਤੇ ਟਿੱਕਾ ਲਾ ਰਿਹਾ ਸੀ। ਇਹ ਦੇਖ ਕੇ ਇੱਕ ਸੱਜਣ ਨੇ ਕਿਹਾ, ''ਵਾਹ! ਤੁਹਾਡੇ ਪਰਵਾਰ ਵਿੱਚ ਇਹ ਬਹੁਤ ਸੁੰਦਰ ਤੇ ਚੰਗਾ ਰਿਵਾਜ਼ ਹੈ, ਬਹੁਤ ਖੁਸ਼ੀ ਹੋਈ ਦੇਖ ਕੇ।''

ਪੱਪੂ, ''ਅੰਕਲ ਜੀ! ਇਹ ਕੋਈ ਰਿਵਾਜ਼ ਨਹੀਂ, ਇਹ ਤਾਂ ਇਸ ਲਈ ਹੈ ਕਿ ਜੇ ਕੋਈ ਦੂਸਰੀ ਵਾਰ ਆਈਕਰੀਮ ਲੈਣ ਆਵੇ ਤਾਂ ਉਸੇ ਵੇਲੇ ਪਤਾ ਲੱਗ ਜਾਂਦਾ ਹੈ।''

*******

ਪਤਨੀ, ''ਸੁਣੋ ਜੀ! ਸਾਡਾ ਵਿਆਹ ਕਰਵਾਉਣ ਵਾਲੇ ਪੰਡਤ ਜੀ ਦਾ ਦਿਹਾਂਤ ਹੋ ਗਿਆ।''

ਪਤੀ, ''ਇੱਕ ਨਾ ਇੱਕ ਦਿਨ ਤਾਂ ਉਸ ਨੂੰ ਕਰਮਾਂ ਦਾ ਫਲ ਮਿਲਣਾ ਹੀ ਸੀ।''

*******

ਲੜਕੀ ਵਾਲੇ, ''ਤੁਹਾਡਾ ਬੇਟਾ ਕੀ ਕੰਮ ਕਰਦਾ ਹੈ?''

ਲੜਕੇ ਵਾਲੇ, ''ਜੀ, ਉਹ ਪਾਇਲਟ ਹੈ?''

ਲੜਕੀ ਵਾਲੇ (ਖੁਸ਼ ਹੋ ਕੇ), ''ਅੱਛਾ, ਕਿਹੜੀ ਏਅਰਲਾਈਨ ਵਿੱਚ?''



ਲੜਕੇ ਵਾਲੇ, ''ਜੀ, ਉਹ ਵਿਆਹਾਂ ਵਿੱਚ ਡਰੋਨ ਉਡਾਉਂਦਾ ਹੈ।''

********

ਹਿੰਦੀ ਬਹੁਤ ਹੀ ਸ਼ਕਤੀਸ਼ਾਲੀ ਭਾਸ਼ਾ ਹੈ।

ਏਨੀ ਸ਼ਕਤੀਸ਼ਾਲੀ ਭਾਸ਼ਾ ਕਿ ਜਦੋਂ ਪਤਨੀਆਂ ਕਹਿੰਦੀਆਂ ਹਨ, ''ਹਿੰਦੀ ਵਿੱਚ ਸਮਝਾਵਾਂ?'' ਤਾਂ ਸਾਰੇ ਪਤੀ ਝੱਟ ਸਮਝ ਜਾਂਦੇ ਹਨ।

********

ਪ੍ਰੇਮਿਕਾ, ''ਕੀ ਤੂੰ ਮੇਰੇ ਨਾਲ ਪਿਆਰ ਕਰਦਾ ਏਂ?''

ਪ੍ਰੇਮੀ, ''ਹਾਂ।''

ਪ੍ਰੇਮਿਕਾ, ''...ਪਰ ਤੈਨੂੰ ਤਾਂ ਮੇਰੀ ਕੋਈ ਪ੍ਰਵਾਹ ਹੀ ਨਹੀਂ।''

ਪ੍ਰੇਮੀ, ''ਪਿਆਰ ਕਰਨ ਵਾਲੇ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਹੁੰਦੇ।''

********

ਕੱਲ੍ਹ ਰਾਤ ਖੁਦ ਯਮਰਾਜ ਮੇਰੇ ਸੁਫਨੇ ਵਿੱਚ ਆਏ ਅਤੇ ਕਹਿਣ ਲੱਗੇ, ''ਤੇਰੀ ਜਾਨ ਲੈਣ ਆਇਆ ਹਾਂ।''

ਮੈਂ ਵੀ ਕਹਿ ਦਿੱਤਾ, ''ਲੈ ਜਾਓ, ਮੇਰੇ ਨਾਲ ਦੇ ਘਰ ਵਿੱਚ ਹੀ ਰਹਿੰਦੀ ਹੈ।''

*******

ਅਮਰੀਕੀ, ''ਮੋਬਾਈਲ ਸਾਡੀ ਮਹਾਨ ਖੋਜ ਹੈ।''

ਚੀਨੀ, ''ਪਰ ਸਿਮ ਕਾਰਡ ਸਾਡੀ ਖੋਜ ਹੈ।''

ਜਾਪਾਨੀ, ''ਮੈਸੇਜ ਸਾਡੀ ਖੋਜ ਹੈ।''

ਕੋਰਿਆਈ, ''ਬਲੂਟੁੱਥ ਤਾਂ ਸਾਡੀ ਖੋਜ ਹੈ।''

ਭਾਰਤੀ, ''ਉਹ ਸਭ ਤਾਂ ਠੀਕ ਹੈ, ਪਰ ਮਿਸ ਕਾਲ ਸਾਡੀ ਖੋਜ ਹੈ।''

# ਚਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ

-ਗੁਰਮੀਤ ਸਿੰਘ ਪਲਾਹੀ

ਪੰਜਾਬ 'ਚ ਜਦੋਂ ਵੀ ਕਿਸੇ ਸਿਆਸੀ ਧਿਰ ਦੀ ਸਰਕਾਰ ਹੋਂਦ ਵਿੱਚ ਆਉਂਦੀ ਹੈ, ਉਸ ਵਲੋਂ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ। ਮੌਜੂਦਾ ਸਰਕਾਰ ਨੇ 500 "ਸਮਾਰਟ ਵਿਲੇਜ" ਬਣਾਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਨਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਹਰ ਬਲਾਕ ਦੇ ਪੰਜ-ਪੰਜ ਪਿੰਡਾਂ 'ਚ ਸਿਹਤ, ਸਿੱਖਿਆ, ਖੇਡਾਂ, ਸੈਨੀਟੇਸ਼ਨ ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੀ ਵਿਵਸਥਾ ਕੀਤੀ ਜਾਵੇਗੀ। ਸਰਕਾਰ ਵਲੋਂ ਪਿੰਡਾਂ 'ਚ ਛੋਟੇ ਸੂਚਨਾ ਕੇਂਦਰ ਸਥਾਪਤ ਕੀਤੇ ਜਾਣ ਦੀ ਵੀ ਯੋਜਨਾ ਹੈ ਤਾਂ ਕਿ ਪੇਂਡੂ ਨੌਜਵਾਨ ਰੁਜ਼ਗਾਰਤ ਹੋ ਸਕਣ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ "ਮੇਰਾ ਪਿੰਡ ਮੇਰੀ ਰੂਹ" ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼ ਸੁਥਰਾ ਪਾਣੀ ਮਿਲੇ, ਪਿੰਡ ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇ, ਪਿੰਡ 'ਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ 'ਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ। ਇਹ ਸਾਰੇ ਕੰਮ ਪਿੰਡ ਪੰਚਾਇਤਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਜ਼ੁੰਮੇ ਲਾਏ ਗਏ ਹਨ, ਜਿਹਨਾ ਨੂੰ ਹਦਾਇਤ ਕੀਤੀ ਗਈ ਹੈ ਕਿ ਹਾੜੀ, ਸਾਉਣੀ ਉਹ ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰਕੇ ਪਿੰਡਾਂ ਦੇ ਕੀਤੇ ਜਾਣ ਵਾਲੇ ਕੰਮਾਂ ਦੀ ਪਹਿਲ ਨਿਰਧਾਰਤ ਕਰਨ ਅਤੇ ਲੋਕਾਂ ਦੇ ਸਹਿਯੋਗ ਨਾਲ ਕੰਮ ਕਰਨ।

ਪਿੰਡਾਂ ਦੇ ਵਿਕਾਸ ਦੀ ਜ਼ੁੰਮੇਵਾਰੀ ਪਿੰਡ ਪੰਚਾਇਤ 'ਤੇ ਹੈ, ਜਿਸ ਨੂੰ ਪਿੰਡ ਦੀ ਇਕਾਈ ਗ੍ਰਾਮ ਸਭਾ (ਪਿੰਡ ਦੇ ਸਮੂਹ ਵੋਟਰਾਂ ਦੀ ਸੰਸਥਾ) ਚੁਣਦੀ ਹੈ। ਮੌਜੂਦਾ ਸਮੇਂ 'ਚ ਸਰਪੰਚ ਦੀ ਸਿੱਧੀ ਚੋਣ ਤੋਂ ਇਲਾਵਾ ਵਾਰਡ ਬੰਦੀ ਨਾਲ ਪੰਚ ਚੁਣੇ ਜਾਂਦੇ ਹਨ। ਇਹ ਪੰਜ ਸਾਲਾਂ ਲਈ ਚੁਣੀ ਹੋਈ ਪੰਚਾਇਤ, ਪਿੰਡ ਦੇ ਵਿਕਾਸ ਲਈ ਜ਼ੁੰਮੇਵਾਰ ਹੁੰਦੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪਿੰਡ ਪੰਚਾਇਤਾਂ 'ਚ ਉੱਚ ਵਿਕਾਸ ਪੰਚਾਇਤ ਅਧਿਕਾਰੀਆਂ ਦੇ ਮਜ਼ਬੂਤ ਸ਼ਿਕੰਜੇ ਨੇ ਪੰਚਾਇਤਾਂ ਦਾ ਸਥਾਨਕ ਸਰਕਾਰ ਦਾ ਬਿੰਬ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਚੁਣੀਆਂ ਪੰਚਾਇਤਾਂ ਨੂੰ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਮਨਰੇਗਾ ਅਫ਼ਸਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਬਣਾ ਦਿੱਤਾ ਗਿਆ ਹੈ। ਮੌਜੂਦਾ ਸਮੇਂ 'ਚ ਹਾਲਤ ਇਥੋਂ ਤੱਕ ਬਦਤਰ ਹਨ, ਕਿ ਪੰਚਾਇਤ ਸਕੱਤਰਾਂ, ਬਲਾਕ ਵਿਕਾਸ ਅਫ਼ਸਰਾਂ ਦੀ ਕਮੀ ਹੈ, ਦੋ-ਦੋ ਦਰਜਨ ਦੇ ਲਗਭਗ ਪਿੰਡਾਂ ਨੂੰ ਇੱਕ ਪੰਚਾਇਤ ਸਕੱਤਰ ਕੰਟਰੋਲ ਕਰਦਾ ਹੈ, ਜੋ ਵਿਕਾਸ ਦੇ ਕੰਮਾਂ ਲਈ ਮਤਾ ਪਾਉਂਦਾ ਹੈ, ਬੈਂਕਾਂ ਦਾ ਹਿਸਾਬ ਕਿਤਾਬ ਰੱਖਦਾ ਹੈ, ਪੰਚਾਇਤਾਂ ਦੀਆਂ ਮੀਟਿੰਗਾਂ ਤੇ ਇਜਲਾਸ ਕਰਵਾਉਂਦਾ ਹੈ। ਕੀ ਇਸ ਸਥਿਤੀ 'ਚ ਕੋਈ ਪੰਚਾਇਤ ਆਪਣੇ ਤੌਰ 'ਤੇ ਕੋਈ ਸਾਰਥਕ ਕੰਮ ਚਲਾ ਸਕਦੀ ਹੈ? ਪੰਜਾਬ ਦੇ ਜ਼ਿਲਾ ਕਪੂਰਥਲਾ ਦੇ ਫਗਵਾੜਾ ਦੇ 91 ਪਿੰਡ ਹਨ। ਇਹਨਾ 91 ਪਿੰਡਾਂ ਦੀਆਂ ਪੰਚਾਇਤਾਂ ਦੇ ਕੰਮ ਚਲਾਉਣ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਹਨ, ਫਗਵਾੜਾ 'ਚ ਕੋਈ ਪੱਕਾ ਬਲਾਕ ਵਿਕਾਸ 'ਤੇ ਪੰਚਾਇਤ ਅਫ਼ਸਰ ਨਹੀਂ। ਸੁਲਤਾਨਪੁਰ ਲੋਧੀ ਦਾ ਵਿਕਾਸ ਅਤੇ ਪੰਚਾਇਤ ਅਫ਼ਸਰ ਇਥੋਂ ਦਾ ਕੰਮ ਕਦੇ ਕਦਾਈ ਆ ਕੇ ਕੰਮ ਵੇਖਦਾ ਹੈ, ਜਿਸ ਕੋਲ ਇੱਕ ਹੋਰ ਜ਼ਿਲੇ ਜਲੰਧਰ ਦੇ ਇੱਕ ਬਲਾਕ ਦਾ ਵੀ ਚਾਰਜ਼ ਹੈ। ਕੀ ਤਿੰਨ ਵਿਕਾਸ ਬਲਾਕਾਂ ਨੂੰ ਇੱਕ ਅਫ਼ਸਰ ਚਲਾ ਸਕਦਾ ਹੈ? ਕੀ ਨਿਰਧਾਰਤ ਟੀਚੇ ਪੂਰੇ ਕਰ ਸਕਦਾ ਹੈ?

ਪੰਚਾਇਤ ਦੇ ਆਮਦਨ ਦੇ ਸਾਧਨ ਸੀਮਤ ਹਨ। ਕੁਝ ਰਕਮ ਪੰਚ-ਾਇਤ ਨੂੰ ਆਪਣੀ ਸਾਮਲਾਟ ਦੇ ਜ਼ਮੀਨੀ ਹਾਲੇ ਤੋਂ ਪ੍ਰਾਪਤ ਹੁੰਦੀ ਹੈ। ਕੁਝ ਰਕਮ ਕੇਂਦਰ ਸਰਕਾਰ ਤੋਂ । ਇਸ ਸਮੇਂ 13ਵੇਂ ਅਤੇ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਤੋਂ ਵਿਕਾਸ ਕੰਮਾਂ ਲਈ ਪ੍ਰਾਪਤ ਹੁੰਦੀ ਹੈ ਅਤੇ ਵਿਕਾਸ ਅਤੇ ਪੰਚਾਇਤ ਦੇ ਕੁਝ ਵਿਕਾਸ ਕਾਰਜ ਮਗਨਰੇਗਾ ਸਕੀਮ ਅਧੀਨ ਕੀਤੇ ਜਾਂਦੇ ਹਨ ਅਤੇ ਕੁਝ ਸੂਬਾ ਸਰਕਾਰ ਦੇ ਪੇਂਡੂ ਵਿਕਾਸ ਫੰਡ ਤੋਂ ਪਰਾਪਤ ਫੰਡਾਂ ਰਾਹੀਂ ਕਰਦੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੀ ਇੱਕ ਰਿਪੋਰਟ ਮੁਤਾਬਕ ਸੂਬੇ ਭਰ 'ਚ ਪੰਚਾਇਤ ਦੀ 6.68 ਲੱਖ ਏਕੜ ਪੰਚਾਇਤ ਸ਼ਾਮਲਾਟ ਜ਼ਮੀਨ ਹੈ, ਜਿਸ ਵਿਚੋਂ 4.98 ਲੱਖ ਏਕੜ ਵਾਹੀ ਯੋਗ ਨਹੀਂ ਹੈ, ਇਸ ਜ਼ਮੀਨ ਵਿੱਚ ਵਣ, ਸੜਕਾਂ, ਸਕੂਲ, ਡਿਸਪੈਂਸਰੀਆਂ, ਛੱਪੜ ਆਦਿ ਹਨ, ਸਿਰਫ਼ 1.70 ਲੱਖ ਏਕੜ ਪੰਚਾਇਤੀ ਜ਼ਮੀਨ ਵਾਹੀਯੋਗ ਹੈ। ਇਸਨੂੰ ਪੰਚ-ਾਇਤ ਮਹਿਕਮਾ ਪੰਚਾਇਤਾਂ ਰਾਹੀਂ ਬੋਲੀ 'ਤੇ ਖੇਤੀ ਲਈ ਦੇਂਦਾ ਹੈ ਅਤੇ ਪਿਛਲੇ ਸਾਲ ਇਸਨੂੰ 384 ਕਰੋੜ ਦੀ ਕਮਾਈ ਹੋਈ। ਪਰ ਇਸ ਵਿੱਚੋਂ 18412 ਏਕੜ ਜ਼ਮੀਨ ਉਤੇ ਲੋਕਾਂ ਪ੍ਰਾਈਵੇਟ ਸੰਸਥਾਵਾਂ ਆਦਿ ਨਜਾਇਜ਼ ਕਬਜ਼ੇ ਹਨ। ਇਹਨਾ ਕਬਜ਼ਿਆਂ ਨੂੰ ਛੁਡਾਉਣ ਲਈ ਕਈ ਥਾਈਂ ਕਾਨੂੰਨੀ ਚਾਰਾਜੋਈ ਹੋਈ ਹੈ, ਪਰ ਦਹਾਕਿਆਂ ਤੋਂ ਇਹ ਕੇਸ ਲੰਬਿਤ ਹੋਣ ਕਾਰਨ 3893 ਏਕੜ ਜ਼ਮੀਨ ਛੁਡਵਾਈ ਨਹੀਂ ਜਾ ਸਕੀ। ਕਾਨੂੰਨ ਅਨੁਸਾਰ ਪੰਚਾਇਤ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਅਦਾਲਤ 'ਚ ਨਜਾਇਜ਼ ਕਬਜ਼ਾ ਛੁਡਾਉਣ ਲਈ ਕੇਸ ਦਾਇਰ ਕਰਦੀਆਂ ਹਨ, ਜਿਸਦੀ 6 ਮਹੀਨੇ 'ਚ ਸੁਣਵਾਈ ਤੇ ਫੈਸਲਾ ਜ਼ਰੂਰੀ ਹੁੰਦਾ ਹੈ, ਪਰ ਇਹ ਕੇਸ ਸਿਆਸੀ ਸਰਪ੍ਰਸਤੀ ਕਾਰਨ ਸਾਲਾਂ ਬੱਧੀ ਲਟਕਦੇ ਹਨ, ਉਪਰੰਤ ਡਾਇਰੈਕਟਰ ਪੰਚਾਇਤਾਂ ਕੋਲ ਅਪੀਲ ਅਤੇ ਫਿਰ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਪੀਲਾਂ ਕਾਰਨ ਪੰਚਾਇਤ ਦੀ ਆਮਦਨ ਦੇ ਵਸੀਲਿਆਂ ਵਾਲੀ ਜ਼ਮੀਨ ਨਜਾਇਜ਼ ਕਬਜ਼ਾ ਧਾਰੀਆਂ ਕੋਲ ਪਈ ਰਹਿੰਦੀ ਹੈ। ਇੱਕ ਸਰਕਾਰੀ ਅੰਦਾਜ਼ੇ ਅਨੁਸਾਰ ਨਜਾਇਜ਼ ਕਬਜ਼ਾਧਾਰੀਆਂ ਨੇ ਪੰਚਾਇਤਾਂ ਦੀ 2000 ਕਰੋੜ ਮੁੱਲ ਦੀ ਜ਼ਮੀਨ ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਕਬਜ਼ੇ ਸਿਆਸੀ ਸ਼ਹਿ ਕਾਰਨ ਸਮਾਜ ਦੇ ਧੱਕੇ ਧੌਂਸ ਵਾਲੇ ਲੋਕਾਂ ਵਲੋਂ ਕੀਤੇ ਗਏ ਹੋਏ ਹਨ।

ਪਿੰਡਾਂ ਦੇ ਵਿਕਾਸ ਲਈ ਮਗਨ-ਰੇਗਾ ਸਕੀਮ ਨੂੰ ਦੇਸ਼ ਭਰ 'ਚ ਪੇਂਡੂ ਵਿਕਾਸ ਅਤੇ ਪੇਂਡੂ ਰੁਜ਼ਗਾਰ ਲਈ ਵੱਡੀ ਯੋਜਨਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਵੀ ਇਹ ਲਾਗੂ ਹੈ। ਪਰ ਮਗਨਰੇਗਾ ਦਾ ਪੰਜਾਬ 'ਚ ਜੋ ਹਾਲ ਹੈ ਜਾਂ ਕਿੰਨਾ ਕੁ ਵਿਕਾਸ 'ਚ ਯੋਗਦਾਨ ਹੈ, ਉਹ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਇੱਕ ਰਿਪੋਰਟ ਤੋਂ ਵੇਖਿਆ-ਪੜ੍ਹਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਵਰ੍ਹੇ 2022-23 'ਚ ਪੰਜਾਬ ਨਰੇਗਾ ਨੇ 1.52 ਲੱਖ ਕੰਮ (ਪਹਿਲੇ ਸਾਲਾਂ ਦੇ ਅਤੇ ਇਸ ਸਾਲ ਦੇ) ਉਲੀਕੇ ਸਨ, ਜਿਸ ਵਿੱਚੋਂ 8 ਮਹੀਨਿਆਂ 'ਚ (ਨਵੰਬਰ 2022) ਤੱਕ ਸਿਰਫ਼ 18.78 ਫ਼ੀਸਦੀ ਹੀ ਪੂਰੇ ਕੀਤੇ ਗਏ। ਸੂਬੇ ਨੇ ਸਕੀਮ ਅਧੀਨ 1500 ਕਰੋੜ ਖ਼ਰਚਣੇ ਸਨ ਜਿਸ ਵਿੱਚ 853.46 ਕਰੋੜ ਹੀ ਖ਼ਰਚੇ (56.9 ਫ਼ੀਸਦੀ)। ਕੁਲ ਮਿਲਾਕੇ ਪੰਜਾਬ 'ਚ 153 ਵਿਕਾਸ ਬਲਾਕ ਹਨ। ਜਿਹਨਾ ਅਧੀਨ 13,326 ਗ੍ਰਾਮ ਪੰਚਾਇਤਾਂ ਹਨ। ਇਹਨਾ ਵਿਚੋਂ 654 ਪੰਚਾਇਤਾਂ ਇਹੋ ਜਿਹੀਆਂ ਹਨ, ਜਿਹਨਾ 'ਚ ਮਗਨਰੇਗਾ ਸਕੀਮ ਅਧੀਨ ਇੱਕ ਵੀ ਪੈਸਾ ਨਹੀਂ ਖਰਚਿਆ ਗਿਆ। ਮਗਨਰੇਗਾ ਸਕੀਮ ਅਧੀਨ 60 ਫ਼ੀਸਦੀ ਮਜ਼ਦੂਰੀ ਅਤੇ 40 ਫੀਸਦੀ ਮਟੀਰੀਅਲ (ਸਮਾਨ) ਤੇ ਖਰਚਿਆ ਜਾਣਾ ਹੁੰਦਾ ਹੈ। ਇਸ ਰਕਮ ਵਿਚੋਂ 25 ਫ਼ੀਸਦੀ ਸੂਬੇ ਦਾ ਹਿੱਸਾ ਹੁੰਦਾ ਹੈ। ਇਸ ਵਰ੍ਹੇ 'ਚ ਲੇਬਰ ਦਾ ਹਿੱਸਾ ਤਾਂ 71 ਫ਼ੀਸਦੀ ਖ਼ਰਚ ਦਿੱਤਾ ਗਿਆ ਪਰ ਮਟੀਰੀਅਲ ਦਾ ਹਿੱਸਾ ਸਿਰਫ਼ 28.56 ਖਰਚਿਆ ਗਿਆ। ਜਿਸਦਾ ਸਿੱਧਾ ਭਾਵ ਇਹ ਹੈ ਕਿ ਵਰਕਰਾਂ ਦੇ ਸਲਾਨਾ 100 ਦਿਨ ਦਾ ਰੁਜ਼ਗਾਰ ਪੈਦਾ ਕਰਨ ਲਈ ਸੜਕਾਂ, ਛੱਪੜ ਆਦਿ ਸਾਫ਼ ਕਰਨ ਉਤੇ ਹੀ ਮਜ਼ਦੂਰੀ ਕਰਵਾ ਦਿੱਤੀ ਗਈ, ਵਿਕਾਸ ਦੇ ਕੰਮਾਂ ਦੀ ਅਣਦੇਖੀ ਹੋਈ। ਜਿਸਦਾ ਸਿੱਧਾ ਕਾਰਨ ਸੂਬੇ ਵਿੱਚ ਰੇਤਾ, ਬਜਰੀ ਅਤੇ ਹੋਰ ਸਮਾਨ ਦੀ ਕਮੀ ਜਾਂ ਵੱਧ ਰੇਟਾਂ 'ਤੇ ਮਿਲਣਾ ਹੈ, ਕਿਉਂਕਿ ਇਮਾਰਤੀ ਮਟੀਰੀਅਲ ਨਾ ਮਿਲਣ ਕਾਰਨ ਪੇਂਡੂ ਵਿਕਾਸ ਦੇ ਕੰਮ ਠੱਪ ਪਏ ਹਨ ਅਤੇ ਬਹੁਤੇ ਥਾਈਂ ਪੰਚਾਇਤਾਂ ਦੇ ਖ਼ਾਤਿਆਂ 'ਚ ਫੰਡ ਤਾਂ ਹਨ, ਪਰ ਖ਼ਰਚੇ ਨਹੀਂ ਜਾ ਰਹੇ। ਉਂਜ ਵੀ ਮਗਨਰੇਗਾ 'ਚ ਕੋਈ ਵੀ ਨਵਾਂ ਪ੍ਰਾਜੈਕਟ ਆਨਲਾਈਨ ਦਾਖ਼ਲ ਹੁੰਦਾ ਹੈ, ਜਿਸ 'ਚ ਨਿਰਧਾਰਤ ਇਮਾਰਤੀ ਮਟੀਰੀਅਲ ਦਾ ਭਾਅ ਨੀਅਤ ਹੈ। ਭਾਵ ਜੇਕਰ ਕੋਈ ਉਸਾਰੀ ਕਰਨੀ ਹੈ ਤਾਂ ਸੀਮਿੰਟ ਪਰਤੀ ਬੋਰਾ ਦੀ ਕੀਮਤ 300 ਰੁਪਏ ਪ੍ਰਤੀ ਬੋਰਾ ਹੈ, ਪਰ ਮਾਰਕੀਟ 'ਚ 400 ਰੁਪਏ ਤੋਂ ਉਪਰ ਹੈ ਤਾਂ ਇਸ ਰੇਟ ਦਾ ਫ਼ਰਕ ਕਿਹੜੀ ਪੰਚਾਇਤ ਜਾਂ ਅਧਿਕਾਰੀ ਚੁੱਕੇਗਾ? ਉਂਜ ਵੀ ਜਿਵੇਂ ਮਾਰਕੀਟ ਵਿੱਚ ਮਜ਼ਦੂਰੀ ਦਾ ਪ੍ਰਤੀ ਦਿਨ ਰੇਟ 400 ਰੁਪਏ ਤੋਂ 500 ਰੁਪਏ ਹੈ ਜਦਕਿ ਮਗਨਰੇਗਾ 'ਚ ਇਹ ਰੇਟ 250 ਤੋਂ 300 ਰੁਪਏ ਪ੍ਰਤੀ ਦਿਹਾੜੀ ਹੈ।

ਭਾਰਤੀ ਸੰਵਿਧਾਨ ਵਿੱਚ 73ਵੀਂ ਸੋਧ ਜੋ 1992 'ਚ ਪਾਸ ਕੀਤੀ ਗਈ। ਅਤੇ ਅਪ੍ਰੈਲ 1993 'ਚ ਇਹ ਸੋਧ ਲਾਗੂ ਹੋਈ, ਇਸ ਵਿੱਚ ਪੰਚਾਇਤੀ ਸੰਸਥਾਵਾਂ ਨੂੰ ਜ਼ਮੀਨੀ ਪੱਧਰ 'ਤੇ ਸੂਬਾਈ ਅਤੇ ਕੇਂਦਰੀ ਸਕੀਮਾਂ ਲਾਗੂ ਕਰਨ ਲਈ ਵੱਧ ਅਧਿਕਾਰ ਮਿਲੇ। ਗ੍ਰਾਮ ਸਭਾ ਦੀ ਸਥਾਪਨਾ ਹੋਈ। ਪੰਚਾਇਤਾਂ ਅਧੀਨ 29 ਮਹਿਕਮੇ ਲਿਆਂਦੇ ਗਏ। ਪਰ ਇਹ ਅਧਿਕਾਰ ਧਰੇ ਧਰਾਏ ਰਹਿ ਗਏ, ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੇ ਪੰਚਾਇਤਾਂ ਨੂੰ ਇਹਨਾ ਅਧਿਕਾਰਾਂ ਦੀ ਵਰਤੋਂ ਕਰਨ ਹੀ ਨਾ ਦਿੱਤੀ। ਪੰਚਾਇਤਾਂ ਨੂੰ ਦਿੱਤੇ ਜਾਂਦੇ ਫੰਡਾਂ ਨੂੰ ਵੀ ਅਤੇ ਇਸ ਦੇ ਖ਼ਰਚ ਨੂੰ ਵੀ ਸੂਬਿਆਂ ਦੀਆਂ ਸਰਕਾਰਾਂ ਨੇ "ਫੰਡ ਨਿਯਮਿਤ" ਕਰਨ ਦੇ ਨਾਮ ਉਤੇ ਲਗਭਗ ਆਪਣੇ ਅਧੀਨ ਕਰ ਲਿਆ। ਹੁਣ ਸਥਿਤੀ ਇਹ ਹੈ ਕਿ ਪੰਚਾਇਤਾਂ ਸਥਾਨਕ ਸਰਕਾਰਾਂ ਵਜੋਂ ਨਹੀਂ, ਸਗੋਂ ਸੂਬਾ ਸਰਕਾਰ ਦੇ ਇੱਕ ਮਹਿਕਮੇ ਦੇ ਅੰਗ ਵਜੋਂ ਹੀ ਚਲਦੀਆਂ ਦਿਸਦੀਆਂ ਹਨ। ਉਂਜ ਵੀ ਪੰਚਾਇਤਾਂ ਨੂੰ ਮਿਲਣ ਵਾਲੇ ਫੰਡਾਂ ਦੀ ਕਮੀ ਵੀ ਪੇਂਡੂ ਵਿਕਾਸ ਦੇ ਆੜੇ ਆ ਰਹੀ ਹੈ।

ਪੰਜਾਬ 'ਚ ਪਿੰਡਾਂ ਦੇ ਵਿਕਾਸ ਲਈ ਪਹਿਲੀਆਂ ਸਰਕਾਰਾਂ ਵਲੋਂ ਵੀ ਟੀਚੇ ਮਿੱਥੇ ਜਾਂਦੇ ਰਹੇ ਹਨ, ਕਦੇ ਮਾਡਲ ਸਕੀਮ ਬਣਾਈ ਗਈ, ਕਦੇ ਕੋਈ ਹੋਰ ਸਕੀਮ, ਚੁਣੇ ਪਿੰਡਾਂ ਲਈ ਲੱਖਾਂ-ਕਰੋੜਾਂ ਦੀਆਂ ਸਰਕਾਰੀ ਗ੍ਰਾਂਟਾਂ ਸਿਆਸੀ ਅਧਾਰ 'ਤੇ ਦਿੱਤੀਆਂ ਗਈਆਂ, ਕਈ ਪਿੰਡਾਂ 'ਚ ਪ੍ਰਵਾਸੀ ਪੰਜਾਬੀਆਂ ਨੇ ਪਿੰਡਾਂ ਦੇ ਸੁਧਾਰ ਲਈ ਬੁਨਿਆਦੀ ਢਾਂਚਾ ਬਣਾਇਆ, ਖੇਡ ਸਟੇਡੀਅਮ, ਸਕੂਲ ਇਮਾਰਤਾਂ ਆਦਿ ਦੀ ਉਸਾਰੀ ਕੀਤੀ, ਪਰ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਪਿੰਡ ਪੱਧਰੀ ਜਾਂ ਬਲਾਕ ਪੱਧਰੀ ਕੋਈ ਵੀ ਪਲਾਨਿੰਗ (ਯੋਜਨਾ) ਦੀ ਅਣਹੋਂਦ ਰਹੀ। ਬਹੁਤੇ ਪਿੰਡ 'ਚ ਬੇਲੋੜਾ ਬੁਨਿਆਦੀ ਢਾਂਚਾਂ ਉਸਾਰਿਆ ਗਿਆ ਅਤੇ ਪਿੰਡ 'ਚ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਨਾ ਕੀਤੀਆਂ ਗਈਆਂ। ਆਮ ਤੌਰ 'ਤੇ ਗਲੀਆਂ,ਨਾਲੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਆਦਿ ਤੱਕ ਹੀ ਪਿੰਡਾਂ ਦਾ ਵਿਕਾਸ ਸੀਮਤ ਕਰ ਦਿੱਤਾ ਗਿਆ।

ਲੋੜ ਤਾਂ ਇਸ ਗੱਲ ਦੀ ਸੀ ਕਿ ਪੰਚਾਇਤਾਂ ਨੂੰ ਸਥਾਨਕ ਸਰਕਾਰ ਵਜੋਂ ਵਿਕਸਤ ਕੀਤਾ ਜਾਂਦਾ । ਹਰ ਪਿੰਡ ਅਤੇ ਫਿਰ ਹਰ ਦਸ ਪਿੰਡਾਂ ਦੇ ਕਲਸਟਰ ਬਣਾਕੇ ਪਿੰਡਾਂ ਦੇ ਵਿਕਾਸ ਦੀ ਰੂਪ ਰੇਖਾ ਤਿਆਰ ਹੁੰਦੀ। ਬਲਾਕ ਪੱਧਰ 'ਤੇ ਸਮੂਹਿਕ ਪੇਂਡੂ ਵਿਕਾਸ ਲਈ ਯੋਜਨਾਵਾਂ ਬਣਦੀਆਂ। ਕਿਥੇ ਹਸਪਤਾਲ ਖੋਲ੍ਹਣਾ ਹੈ, ਕਿਥੇ ਲੋੜ ਅਨੁਸਾਰ ਹਾਈ, ਪ੍ਰਾਈਮਰੀ ਸਕੂਲ ਖੋਲ੍ਹਿਆ ਜਾਣਾ ਹੈ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ, ਨੌਜਵਾਨਾਂ ਲਈ ਵੋਕੇਸ਼ਨਲ ਸੈਂਟਰ ਖੋਲ੍ਹਣੇ ਹਨ, ਵੱਡੇ ਖੇਡ ਮੈਦਾਨ ਦੀ ਵਿਵਸਥਾ ਕਿਥੇ ਹੋਵੇ ਅਤੇ ਫੰਡਾਂ ਦੀ ਵਿਵਸਥਾ ਸੂਬਾ ਅਤੇ ਕੇਂਦਰ ਸਰਕਾਰ ਸਿਆਸੀ ਪੱਧਰ 'ਤੇ ਨਹੀਂ ਸਗੋਂ ਇਲਾਕੇ ਦੀਆਂ ਲੋੜਾਂ ਅਨੁਸਾਰ ਕਰੇ।

ਪਰ ਇਹ ਸਭ ਕੁਝ ਸਿਆਸੀ ਰੌਲੇ ਰੱਪੇ, ਪੇਂਡੂ ਧੜੇ ਬੰਦੀ, ਅਨਪੜ੍ਹਤਾ, ਅਗਿਆਨਤਾ ਦੀ ਭੇਂਟ ਚੜ੍ਹ ਗਿਆ। ਇਸ ਵੇਲੇ ਪੰਜਾਬ ਦਾ ਪੰਚਾਇਤੀ ਢਾਂਚਾ ਤਾਂ ਬੁਰੀ ਤਰ੍ਹਾਂ ਇਸ ਲਪੇਟ ਵਿੱਚ ਹੈ। ਜਦੋਂ ਗ੍ਰਾਂਟ ਇਹ ਤਹਿ ਕਰਕੇ ਦੇਣ ਦੀ ਪਿਰਤ ਹੋਵੇ ਕਿ ਕਿਸ ਪਿੰਡ ਤੇ ਕਿਸ ਪੰਚਾਇਤ ਨੇ ਵੋਟਾਂ ਕਿਸ ਸਿਆਸੀ ਧਿਰ ਨੂੰ ਪਾਈਆਂ ਹਨ ਅਤੇ ਸਿਆਸਤਦਾਨ ਹਾਕਮ ਵੀ ਇਹ ਲਿਸਟਾਂ ਚੁੱਕੀ ਫਿਰਨ ਅਤੇ ਥਾਣੇ ਕਚਿਹਰੀ ਪੰਚਾਇਤਾਂ ਜਾਂ ਉਹਨਾ ਨਾਲ ਜੁੜੇ ਲੋਕਾਂ ਨੂੰ ਖ਼ਜਲ ਕਰਨ ਤਾਂ ਫਿਰ ਵੱਧ ਅਧਿਕਾਰ, ਪਿੰਡ ਦਾ ਵਿਕਾਸ ਤਾਂ ਕਿਵੇਂ ਵੀ ਸੰਭਵ ਨਹੀਂ ਹੋ ਸਕਦਾ।

ਪੰਜਾਬ ਦਾ ਪਿੰਡ, ਪੰਜਾਬ ਦਾ ਪੰਚਾਇਤੀ ਸਿਸਟਮ ਸਿਆਸੀ ਚੁੰਗਲ 'ਚ ਫਸ ਚੁੱਕਾ ਹੈ, ਸੁਚੇਤ ਲੋਕ ਹੀ ਗ੍ਰਾਮ ਸਭਾਵਾਂ ਨੂੰ ਜਾਗਰਿਤ ਕਰਕੇ, ਪੰਜਾਬ ਦੀ ਵਿਰਾਸਤ ਪੰਚ-ਪ੍ਰਧਾਨੀ ਸਿਸਟਮ ਨੂੰ ਮੁੜ ਸਥਾਪਿਤ ਕਰ ਸਕਦੇ ਹਨ।




# ਅੰਮ੍ਰਿਤਸਰ ਤੋਂ 15 ਕਿਲੋ ਹੈਰੋਇਨ, 8.40 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਨਾਬਾਲਗ ਗ੍ਰਿਫਤਾਰ

## ਗ੍ਰਿਫਤਾਰ ਨਸ਼ਾ ਤਸਕਰ ਸਰਹੱਦੀ ਖੇਤਰ ਤੋਂ ਖੇਪ ਪ੍ਰਾਪਤ ਕਰਨ ਤੋਂ ਬਾਅਦ ਇਸਨੂੰ ਪਹੁੰਚਾਉਣ ਜਾ ਰਿਹਾ ਸੀ




ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਜਾਰੀ ਜੰਗ ਦੌਰਾਨ ਸਰਹੱਦ ਪਾਰੋਂ ਤਸਕਰੀ ਦੇ ਨੈੱਟਵਰਕਾਂ ਵਿਰੁੱਧ ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ 15 ਕਿਲੋਗ੍ਰਾਮ ਹੈਰੋਇਨ ਅਤੇ 8.40 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇੱਕ ਨਾਬਾਲਗ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਨਸ਼ਾ ਤਸਕਰ ਦੀ ਉਮਰ 17 ਸਾਲ ਹੈ, ਜੋ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ। ਪੁਲਿਸ ਨੇ ਉਸ ਕੋਲੋਂ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਇੱਕ ਹੀਰੋ ਡੀਲਕਸ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ, ਜਿਸ 'ਤੇ ਉਹ ਸਵਾਰ ਸੀ।

ਇਹ ਕਾਰਵਾਈ ਪੰਜਾਬ ਪੁਲਿਸ ਵੱਲੋਂ ਪਿੰਡ ਠੱਠਾ ਲੋਪੋਕੇ, ਅੰਮ੍ਰਿਤਸਰ ਵਿਖੇ ਵਿਸ਼ੇਸ਼ ਚੈਕਿੰਗ ਦੌਰਾਨ 5 ਕਿਲੋਗ੍ਰਾਮ ਹੈਰੋਇਨ, 12.15 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇੱਕ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਗਿਰੋਹ ਦਾ ਪਰਦਾਫਾਸ਼ ਕੀਤੇ ਜਾਣ ਤੋਂ 10 ਦਿਨਾਂ ਬਾਅਦ ਸਾਹਮਣੇ ਆਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਠੋਸ ਜਾਣਕਾਰੀ ਮਿਲਣ ਉਪਰੰਤ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਰਾਮ ਤੀਰਥ ਰੋਡ ਅੰਮ੍ਰਿਤਸਰ 'ਤੇ ਨਾਕਾ ਲਗਾ ਕੇ ਨਾਬਾਲਗ ਨੂੰ ਸਫਲਤਾਪੂਰਵਕ ਕਾਬੂ ਕਰ ਲਿਆ, ਜੋ ਆਪਣੇ ਸਾਥੀ ਰੇਸ਼ਮ ਸਿੰਘ ਵਾਸੀ ਪਿੰਡ ਖਾਸਾ, ਅੰਮ੍ਰਿਤਸਰ ਦੇ ਨਾਲ ਪਿੰਡ ਕੱਕੜ ਦੇ ਖੇਤਰ ਵਿੱਚੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਨ ਤੋਂ ਬਾਅਦ ਇਸ ਨੂੰ ਪਹੁੰਚਾਉਣ ਜਾ ਰਿਹਾ ਸੀ।

ਉਨ੍ਹਾਂ ਅੱਗੇ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਆਧਾਰਤ ਤਸਕਰਾਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਡਰੋਨ ਰਾਹੀਂ ਰਾਹੀਂ ਸੁੱਟੀ ਗਈ ਸੀ।

ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰ ਰੇਸ਼ਮ ਸਿੰਘ, ਜੋ ਮੁੱਢਲੀ ਜਾਂਚ ਤੋਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਮਾਸਟਰਮਾਈਂਡ ਜਾਪਦਾ ਹੈ, ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਉਸ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ।

ਏ.ਆਈ.ਜੀ. ਸੀਆਈ ਅੰਮ੍ਰਿਤਸਰ ਅਮਰਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਗ੍ਰਿਫ਼ਤਾਰ ਨਾਬਾਲਗ ਦੇ ਪਿਤਾ ਅਤੇ ਦਾਦਾ ਪਹਿਲਾਂ ਹੀ ਐਨਡੀਪੀਐਸ ਐਕਟ ਤਹਿਤ ਕੈਦ ਕੱਟ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਖੇਪ ਸਰਹੱਦ ਪਾਰੋਂ ਕਿਸ ਨੇ ਭੇਜੀ ਸੀ ਅਤੇ ਦੋਸ਼ੀ ਵਿਅਕਤੀ ਕਿਸ ਨੂੰ ਦੇਣ ਜਾ ਰਹੇ ਸਨ।

ਇਸ ਸਬੰਧੀ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21, 25 ਅਤੇ 29 ਤਹਿਤ ਐਫ.ਆਈ.ਆਰ ਨੰ. 6 ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸੰਯੁਕਤ ਕਿਸਾਨ ਮੋਰਚਾ ਦੀ ਕੁਰੂਕਸ਼ੇਤਰ ਮੀਟਿੰਗ ਵਿੱਚ 20 ਮਾਰਚ ਨੂੰ ਸੰਸਦ ਵਿੱਚ ਕਿਸਾਨ ਮਹਾਪੰਚਾਇਤ ਕਰਨ ਦਾ ਫੈਸਲਾ

## * ਸੰਯੁਕਤ ਕਿਸਾਨ ਮੋਰਚਾ ਦੇ ਜਥੇਬੰਦਕ ਦਿਸ਼ਾ ਨਿਰਦੇਸਾਂ ਨੂੰ ਦਿੱਤਾ ਅੰਤਿਮ ਰੂਪ ਦਿੱਤਾ ਗਿਆ * 31 ਮੈਂਬਰੀ ਰਾਸ਼ਟਰੀ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਸੰਯੁਕਤ ਕਿਸਾਨ ਮੋਰਚਾ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਦੀ ਅੱਜ ਕੁਰੂਕਸ਼ੇਤਰ ਦੀ ਜਾਟ ਧਰਮਸ਼ਾਲਾ ਵਿੱਚ ਮੀਟਿੰਗ ਮੀਟਿੰਗ 3 ਮੈਂਬਰੀ ਪ੍ਰਧਾਨਗੀ ਮੰਡਲ ਯੁੱਧਵੀਰ ਸਿੰਘ, ਰਾਜਾ ਰਾਮ ਸਿੰਘ ਅਤੇ ਡਾ: ਸੁਨੀਲਮ ਦੀ ਪ੍ਰਧਾਨਗੀ ਹੇਠ ਹੋਈ . ਮੀਟਿੰਗ ਵਿੱਚ 20 ਮਾਰਚ ਨੂੰ ਪਾਰਲੀਮੈਂਟ ਵਿੱਚ ਕਿਸਾਨ ਮਹਾਪੰਚ-ਾਇਤ ਦਾ ਆਯੋਜਨ ਕਰਕੇ ਸਾਰੇ ਖੇਤੀ ਉਤਪਾਦਾਂ ਨੂੰ ਸਮਰਥਨ ਮੁੱਲ (ਸੀ2+50%) (ਐਮ.ਐਸ.ਪੀ.) 'ਤੇ ਖਰੀਦਣ ਦੀ ਕਾਨੂੰਨੀ ਗਾਰੰਟੀ, ਮੁਕੰਮਲ ਕਰਜ਼ਾ ਮੁਆਫ਼ੀ, ਬਿਜਲੀ ਸੋਧ ਬਿੱਲ 2022 ਵਾਪਸ ਲੈਣ, ਲਖੀਮਪੁਰ ਖੇੜੀ ਵਿੱਚ ਕਿਸਾਨਾਂ ਅਤੇ ਪੱਤਰਕਾਰ ਦੇ ਕਤਲੇਆਮ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਕੁਦਰਤੀ ਆਫਤਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਦੇ ਤੁਰੰਤ ਮੁਆਵਜ਼ੇ ਲਈ ਵਿਆਪਕ ਅਤੇ ਪ੍ਰਭਾਵਸ਼ਾਲੀ ਫਸਲ ਬੀਮਾ ਯੋਜਨਾ, ਸਾਰੇ ਦਰਮਿਆਨੇ, ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਪ੍ਰਤੀ ਮਹੀਨਾ ਕਿਸਾਨਾ ਦੀ ਪੈਨਸ਼ਨ 5,000 ਰੁਪਏ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਦਰਜ ਸਾਰੇ ਝੂਠੇ ਕੇਸ ਵਾਪਸ ਲਏ ਜਾਣ, ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਸਾਰੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ, ਵਾਹੀਯੋਗ ਜ਼ਮੀਨ ਐਕਵਾਇਰ ਕਰਨ 'ਤੇ ਰੋਕ ਲਗਾਈ ਜਾਣ ਦੀ ਮੰਗ ਕੀਤੀ ਜਾਵੇਗੀ।

ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਦੀ 9-ਨੁਕਾਤੀ ਗਾਈਡਲਾਈਨਜ਼ ਨੂੰ ਅੰਤਿਮ ਰੂਪ ਦਿੱਤਾ ਗਿਆ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਸੰਚਾਲਨ ਲਈ 31 ਮੈਂਬਰੀ ਕੌਮੀ ਤਾਲਮੇਲ ਕਮੇਟੀ ਦਾ ਗਠਨ ਕਰਨ ਦੀ ਵਿਵਸਥਾ ਵੀ ਸ਼ਾਮਲ ਹੈ।

ਮੀਟਿੰਗ ਵਿੱਚ ਮਹਿਲਾ ਕੋਚ ਵੱਲੋਂ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿੱਚ ਘਿਰੇ ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਨੂੰ ਕੈਬਨਿਟ ਵਿੱਚੋਂ ਬਰਖਾਸਤ ਕਰਨ ਦੀ ਮੰਗ ਵਾਲਾ ਮਤਾ ਪਾਸ ਕੀਤਾ ਗਿਆ। ਹਰਿਆਣਾ ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਅਨੁਸਾਰ ਪੀੜਤ ਔਰਤ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਤੇਜ਼ ਕਰਨ ਦਾ ਵੀ ਫੈਸਲਾ ਕੀਤਾ ਗਿਆ।

# ਯੂਥ ਅਕਾਲੀ ਵਰਕਰਾਂ ਵੱਲੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਭਗਵੰਤ ਮਾਨ ਸਰਕਾਰ ਵੱਲੋਂ ਵਾਧਾ ਕਰਨ ਖਿਲਾਫ ਮਾਲਵਾ ਖੇਤਰ ਵਿਚ ਜ਼ੋਰਦਾਰ ਰੋਸ ਮੁਜ਼ਾਹਰੇ

## ਆਪ ਸਰਕਾਰ ਨੇ ਆਮ ਆਦਮੀ ’ਤੇ 1000 ਕਰੋੜ ਰੁਪਏ ਦਾ ਨਵਾਂ ਬੋਝ ਪਾਇਆ : ਰੋਮਾਣਾ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਯੂਥ ਅਕਾਲੀ ਦਲ ਦੇ ਵਰਕਰਾਂ ਨੇ ਅੱਜ ਭਗਵੰਤ ਮਾਨ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਕਰਨ ਦੇ ਖਿਲਾਫ ਰੋਸ ਮੁਜ਼ਾਹਰੇ ਕੀਤੇ ਅਤੇ ਮਾਰਚ ਕੱਢੇ ਤੇ ਮੰਗ ਕੀਤੀ ਕਿ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਵੇ।

ਪਟਿਆਲਾ ਵਿਚ ਰੋਸ ਮੁਜ਼ਾਹਰੇ ਦੀ ਅਗਵਾਈ ਅਵਤਾਰ ਸਿੰਘ ਹੈਪੀ ਨੇ ਕੀਤੀ, ਫਤਿਹਗੜ੍ਹ ਸਾਹਿਬ ਵਿਚ ਸਰਬਜੀਤ ਸਿੰਘ ਝਿੰਜਰ, ਸ੍ਰੀ ਮੁਕਤਸਰ ਸਾਹਿਬ ਵਿਚ ਆਕਾਸ਼ਦੀਪ ਸਿੰਘ ਮਿੱਡੂਖੇੜਾ ਅਤੇ ਲਵਪ੍ਰੀਤ ਲੱਪੀ ਈਨਾਖੇੜਾ, ਫਰੀਦਕੋਟ ਵਿਚ ਗੁਰਕੰਵਲਜੋਤ ਸਿੰਘਸੰਧੂ, ਮੋਗਾ ਵਿਚ ਜਸਪ੍ਰੀਤ ਸਿੰਘ ਮੱਲ੍ਹਾ ਅਤੇ ਫਿਰੋਜ਼ਪੁਰ ਜ਼ਲ੍ਹਿ ਵਿਚ ਸੁਰਿੰਦਰ ਸਿੰਘ ਬੱਬੂ ਨੇ ਰੋਸ ਮੁਜ਼ਾਹਰੇ ਦੀ ਅਗਵਾਈ ਕੀਤੀ।

ਇਹਨਾਂ ਵਰਕਰਾਂ ਨੇ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿਚ ਰੋਸ ਮਾਰਚ ਕੱਢੇ ਜੋ ਡਿਪਟੀ ਕਮਿਸ਼ਨਰ ਦਫਤਰਾਂ ਮੂਹਰੇ ਆ ਕੇ ਸਮਾਪਤ ਹੋਏ ਤੇ ਇਥੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪ ਕੇ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।

ਫਰੀਦਕੋਟ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਯੂਥ ਅਕਾਲੀ ਦਲ ਦੇ ਕੋਆਰਡੀਨੇਟਰ ਪਰਮਬੰਸ ਸਿੰਘ ਰੋਮ-ਾਣਾ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਹਾਲੇ ਤੱਕ ਕੋਰੋਨਾ ਨਾਲ ਮਿਲੇ ਆਰਥਿਕ ਝਟਕਿਆਂ ਤੋਂ ਨਹੀਂ ਉਭਰੇ, ਇਸ ਸਰਕਾਰ ਨੇ ਉਹਨਾਂ ’ਤੇ 1000 ਕਰੋੜ ਰੁਪਏ ਦਾ ਵਾਧੂ ਬੋਝ ਪਾ ਦਿੱਤਾ ਹੈ। ਉਹਨਾਂ ਕਿਹਾ ਕਿ ਬਜਾਏ ਪੈਟਰੋਲ ਅਤੇ ਡੀਜ਼ਲ ’ਤੇ ਵੈਟ ਵਿਚ ਕਟੌਤੀ ਕਰ ਕੇ ਲੋਕਾਂ ਨੂੰ ਰਾਹਤ ਦੇਣ ਦੇ ਜਿਸਦੀ ਕਿ ਜ਼ਰੂਰਤ ਹੈ, ਸਰਕਾਰ ਨੇ ਪੈਟਰੋਲੀਅਮ ਪਦਾਰਥਾਂ ’ਤੇ 1 ਰੁਪਏ ਪ੍ਰਤੀ ਲੀਟਰ ਦੀ ਐਡੀਸ਼ਨਲ ਡਿਊਟੀ ਲਗਾ ਦਿੱਤੀ ਹੈ।

ਰੋਮਾਣਾ ਨੇ ਕਿਹਾ ਕਿ ਸਰਕਾਰ ਕੋਲ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਵਿਖਾਉਣ ਲਈ ਕੁਝ ਨਹੀਂ ਹੈ। ਉਹਨਾਂ ਕਿਹਾ ਕਿ ਇਸ ਤਰੀਕੇ ਐਡੀਸ਼ਨਲ ਡਿਊਟੀ ਲਗਾ ਕੇ ਇਕੱਠਾ ਕੀਤਾ ਪੈਸਾ ਵੀ ਹੋਰ ਰਾਜਾਂ ਵਿਚ ਆਮ ਆਦਮੀ ਪਾਰਟੀ ਦੇ ਪ੍ਰਚਾਰ ਤੇ ਹੋਰ ਅਜਿਹੇ ਕੰਮਾਂ ’ਤੇ ਬਰਬਾਦ ਕਰ ਦਿੱਤਾ ਜਾਵੇਗਾ।

ਰੋਮਾਣਾ ਨੇ ਕਿਹਾ ਕਿ ਭਾਵੇਂ ਸਰਕਾਰ ਨੇ ਦਾਅਵਾ ਕੀਤਾਸੀ ਕਿ ਉਹ ਰੇਤੇ ਅਤੇ ਬਜ਼ਰੀ ਤੋਂ 30 ਹਜ਼ਾਰ ਕਰੋੜ ਰੁਪਏ ਦੀ ਆਮਦਨ ਇਕੱਠੀ ਕਰੇਗੀ ਜਿਸ ਵਿਚ ਉਹ ਨਾਕਾਮ ਰਹੀ ਹੈ ਤੇ ਉਲਟਾ ਆਪ ਦੇ ਆਗੂ ਗੈਰ ਕਾਨੂੰਨੀ ਮਾਇਨਿੰਗ ਵਿਚ ਰੁੱਝ ਗਏ ਹਨ ਜਿਸ ਕਾਰਨ ਸੂਬੇ ਦੇ ਖਜ਼ਾਨੇ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਹੀ ਨਹੀਂ ਬਲਕਿ ਆਪ ਖ਼ਜ਼ਾਨੇ ਦੀ ਲੁੱਟ ਕਰ ਰਹੀ ਹੈ ਬਜਾਏ ਕਿ ਪੰਜਾਬੀਆਂ ਦੀ ਭਲਾਈ ਵਾਸਤੇ ਕੋਈ ਕਾਰਜ ਕਰਨ ਦੇ।

ਉਹਨਾਂ ਕਿਹਾ ਕਿ ਸੂਬੇ ਦੇ ਲੋਕ ਇਹ ਸ਼ਰਾਰਤਾਂ ਬਰਦਾਸ਼ਤ ਨਹੀਂ ਕਰਨਗੇ ਅਤੇ ਇਸ ਸਰਕਾਰ ਨੂੰ ਇਹ ਫੈਸਲਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਨਹੀਂ ਤਾਂ ਲੋਕ ਇਸਨੂੰ ਜਲੰਧਰ ਪਾਰਲੀਮਾਨੀ ਹਲਕੇ ਦੀ ਆਉਂਦੀ ਚੋਣ ਤੇ ਉਸ ਤੋਂ ਬਾਅਦ ਦੀਆਂ ਚੋਣਾਂ ਵਿਚ ਚੰਗਾ ਸਬਕ ਸਿਖਾਉਣਗੇ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ‘ਚ 11 ਮਹੀਨਿਆਂ ਦੌਰਾਨ ਆਈਆਂ ਸ਼ਿਕਾਇਤਾਂ ਵਿਚੋਂ 98 ਫੀਸਦੀ ਦਾ ਨਿਪਟਾਰਾ: ਜਿੰਪਾ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਹੈ ਕਿ ਵਿਭਾਗ ਦੇ ਸ਼ਕਿਾਇਤ ਨਿਵਾਰਨ ਕੇਂਦਰ 'ਚ 11 ਮਹੀਨਿਆਂ ਦੌਰਾਨ ਆਈਆਂ ਸ਼ਿਕਾਇਤਾਂ ‘ਚੋਂ ਤਕਰੀਬਨ 98 ਫੀਸਦੀ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਪਿੰਡਾਂ ‘ਚ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲ ਹੈ ਅਤੇ ਇਸ ਮਕਸਦ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੂਰੀ ਸਿਦਕ ਅਤੇ ਸ਼ਿੱਦਤ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸਾਫ-ਸੁਥਰਾ ਅਤੇ ਕੂੜਾ ਮੁਕਤ ਰੱਖਣ ਲਈ ਵੀ ਬਹੁਤ ਸਾਰੀਆਂ ਯੋਜਵਾਨਾਂ ਉੱਤੇ ਕੰਮ ਹੋ ਰਿਹਾ ਹੈ।

ਜਿੰਪਾ ਨੇ ਕਿਹਾ ਕਿ ਵਿਭਾਗ ਵੱਲੋਂ ਜਾਰੀ ਟੋਲ ਫਰੀ ਨੰਬਰ 1800-180-2468 ਉੱਤੇ ਜੇਕਰ ਕਿਸੇ ਪਿੰਡ ਵਾਸੀ ਜਾਂ ਪੰਚ-ਾਇਤ ਵੱਲੋਂ ਜਲ ਸਪਲਾਈ, ਆਰ.ਓ. ਪਲਾਂਟ, ਸੀਵਰੇਜ ਜਾਂ ਨਿੱਜੀ ਪਖਾਨਿਆਂ ਸਬੰਧੀ ਸ਼ਿਕਾਇਤ ਮਿਲਦੀ ਹੈ ਤਾਂ ਉਸ ਦਾ ਹੱਲ ਸਬੰਧਤ ਅਧਿਕਾਰੀ ਵੱਲੋਂ ਸਮਾਂਬੱਧ ਤਰੀਕੇ ਨਾਲ ਕੀਤਾ ਜਾਂਦਾ ਹੈ। ਇਸ ਨੰਬਰ ਉੱਤੇ 1 ਮਾਰਚ 2022 ਤੋਂ ਲੈ ਕੇ 6 ਫਰਵਰੀ 2023 ਤੱਕ 18 ਹਜ਼ਾਰ 693 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ‘ਚੋਂ 18 ਹਜ਼ਾਰ 308 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਇਹ ਦਰ 97.94 ਫੀਸਦੀ ਬਣਦੀ ਹੈ।

# ਚੰਡੀਗੜ੍ਹ ਨੂੰ ਤੁਰੰਤ ਪੰਜਾਬ ਹਵਾਲੇ ਕੀਤਾ ਜਾਵੇ : ਹਰਸਿਮਰਤ ਕੌਰ ਬਾਦਲ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਨੇ ਅੱਜ ਮੰਗ ਕੀਤੀ ਕਿ ਚੰਡੀਗੜ੍ਹ ਨੂੰ ਤੁਰੰਤ ਪੰਜਾਬ ਹਵਾਲੇ ਕੀਤਾ ਜਾਵੇ ਅਤੇ ਮੰਗ ਕੀਤੀ ਕਿ ਸੂਬੇ ਵੱਲੋਂ ਦੇਸ਼ ਦੀ ਅਨਾਜ ਲੋੜ ਨੂੰ ਪੂਰਾ ਕਰਨ ਵਾਸਤੇ ਯੋਗਦਾਨ ਨੂੰ ਵੇਖਦਿਆਂ ਇਸਨੂੰ ਸਪੈਸ਼ਲ ਪੈਕੇਜ ਦਿੱਤਾ ਜਾਵੇ ਅਤੇ ਸਰਹੱਦੀ ਰਾਜਾਂ ਨੂੰ ਮਿਲਦੇ ਟੈਕਸ ਲਾਭ ਪੰਜਾਬ ਨੂੰ ਵੀ ਦਿੱਤੇ ਜਾਣ ਤਾਂ ਜੋ ਇਸ ਵਿਚ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਸੰਸਦ ਵਿਚ ਕੇਂਦਰੀ ਬਜਟ ’ਤੇ ਚਰਚਾ ਵਿਚ ਭਾਗ ਲੈਂਦਿਆਂ ਬਠਿੰਡਾ ਦੇ ਐਮ ਪੀ ਨੇ ਕਿਹਾ ਕਿ ਦੇਸ਼ ਦੇ ਹਰ ਰਾਜ ਕੋਲ ਆਪਣਾ ਰਾਜਧਾਨੀ ਸ਼ਹਿਰ ਹੈ ਜੋ ਇਸਦੇ ਜੀ ਡੀ ਪੀ ਵਿਚ 30 ਤੋਂ 40 ਫੀਸਦੀ ਦਾ ਯੋਗਦਾਨ ਪਾਉਂਦਾ ਹੈ। ਉਹਨਾਂ ਕਿਹਾ ਕਿ ਪੰਜਾਬ ਇਕੱਲਾ ਰਾਜ ਹੈ ਜਿਸ ਕੋਲ ਆਪਣੀ ਰਾਜਧਾਨੀ ਨਹੀਂ ਹੈ ਤੇ ਉਹਨਾਂ ਮੰਗ ਕੀਤੀ ਕਿ ਇਹਨਾਂ ਹਾਲਾਤਾਂ ਨੂੰ ਤੁਰੰਤ ਦਰੁੱਸਤ ਕੀਤਾ ਜਾਵੇ।

ਹਰਸਿਮਰਤ ਕੌਰ ਬਾਦਲ ਨੇ ਪੰਜਾਬ ਵੱਲੋਂ ਦੇਸ਼ ਦੀਆਂ ਅਨਾਜ ਲੋੜਾਂ ਦੀ ਪੂਰਤੀ ਵਾਸਤੇ ਦਿੱਤੇ ਬਲਿਦਾਨ ਲਈ ਇਸਨੂੰ ਵਿਸ਼ੇਸ਼ ਪੈਕੇਜ ਦੇਣ ਦੀ ਵੀ ਮੰਗ ਕੀਤੀ।ਉਹਨਾਂ ਕਿਹਾ ਕਿ ਪੰਜਾਬ ਦਹਾਕਿਆਂ ਤੋਂ ਦੇਸ਼ ਦੀ ਅਨਾਜ ਦੀ ਲੋੜ ਪੂਰਾ ਕਰਨ ਵਾਲਾ ਰਾਜ ਰਿਹਾ ਹੈ। ਉਹਨਾਂ ਕਿਹਾ ਕਿ ਅਜਿਹਾ ਕਰਦਿਆਂ ਅਸੀਂ ਜ਼ਮੀਨ ਹੇਠਲਾਂ ਆਪਣਾ ਪਾਣੀ ਵੀ ਗੁਆ ਲਿਆ ਹੈ ਤੇ ਕੁੱਲ 133 ਵਿਚੋਂ 117 ਬਲਾਕ ਖਤਰਨਾਕ ਜ਼ੋਨ ਐਲਾਨ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਕੇਂਦਰੀ ਜ਼ਮੀਨਦੋਜ਼ ਬੋਰਡ ਨੇ 2019 ਦੀ ਰਿਪੋਰਟ ਵਿਚ ਕਿਹਾ ਹੈ ਕਿ ਪੰਜਾਬ ਕੋਲ ਸਿਰਫ ਅਗਲੇ 17 ਸਾਲਾਂ ਵਾਸਤੇ ਪਾਣੀ ਹੈ।ਉਹਨਾਂ ਕਿਹਾ ਕਿ ਸੂਬੇ ਦੇ ਰੇਗਿਸਤਾਨ ਬਣਨ ਦਾ ਅਸਲ ਖਤਰਾ ਖੜ੍ਹਾ ਹੋ ਗਿਆ ਹੈ। ਉਹਨਾਂ ਕਿਹਾ ਕਿ ਸੂਬੇ ਨੂੰ ਇਸ ਮਾਮਲੇ ਵਿਚ ਪਏ ਘਾਟੇ ਦੀ ਪੂਰਤੀ ਵਾਸਤੇ ਵਿਸ਼ੇਸ਼ ਪੈਕੇਜ ਦੇਣ ਦੀ ਲੋੜ ਹੈ।

ਬਾਦਲ ਨੇ ਕਿਹਾ ਕਿ ਪੰਜਾਬ ਨੂੰ ਇਸ ਕਰ ਕੇ ਵੀ ਮਾਰ ਪੈ ਰਹੀ ਹੈ ਕਿਉਂਕਿ ਪੇਂਡੂ ਵਿਕਾਸ ਟੈਕਸ ਲਾਉਣ ਦੀ ਆਜ਼ਾਦੀ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਸੂਬੇ ਦਾ ਦਿਹਾਤੀ ਵਿਕਾਸ ਫੰਡ (ਆਰ ਡੀ ਐਫ) ਦਾ 3000 ਕਰੋੜ ਰੁਪਿਆ ਰੋਕਿਆ ਹੋਇਆ ਹੈ ਤੇ ਉਹ ਪੰਜਾਬ ਨੂੰ ਬਲੈਕਮੇਲ ਕਰ ਰਿਹਾ ਹੈ ਕਿ ਜੇਕਰ ਇਸਨੂੰ ਆਰ ਡੀ ਐਫ ਚਾਹੀਦਾ ਹੈ ਤਾਂ ਉਹ ਟੈਕਸ ਦਰਾਂ ਘਟਾਵੇ।

ਹਰਸਿਮਰਤ ਕੌਰ ਬਾਦਲ ਨੇ ਇਹ ਵੀ ਮੰਗ ਕੀਤੀ ਕਿ ਸੂਬੇ ਨੂੰ ਸਰਹੱਦੀ ਰਾਜਾਂ ਦੀ ਤਰ੍ਹਾਂ ਟੈਕਸ ਲਾਭ ਦਿੱਤੇ ਜਾਣ ਤਾਂ ਜੋ ਸੂਬੇ ਵਿਚ ਉਦਯੋਗ ਸਥਾਪਿਤ ਕਰਨ ਨੂੰ ਪ੍ਰੋਤਸਾਹਨ ਦਿੱਤਾ ਜਾ ਸਕੇ। ਉਹਨਾਂ ਕਿਹਾ ਕਿ ਅਜਿਹਾ ਕਰਨਾ ਸਰਹੱਦੀ ਇਲਾਕੇ ਦੇ ਵਿਕਾਸ ਵਾਸਤੇ ਅਤੇ ਇਸਦੇ ਲੋਕਾਂ ਨੂੰ ਰੋਜ਼ਗਾਰ ਦੇਣ ਵਾਸਤੇ ਬਹੁਤ ਜ਼ਰੂਰੀ ਹੈ। ਉਹਨਾਂ ਨੇ ਇਹ ਵੀ ਮੰਗ ਕੀਤੀ ਕਿ ਪੰਜਾਬ ਦੀ ਵਿਲੱਖਣ ਸਥਿਤ ਕਾਰਨ ਇਸਨੂੰ ਜੀ ਐਸ ਟੀ ਦਾ ਮੁਆਵਜ਼ਾ ਦੇਣਾ ਜਾਰੀ ਰੱਖਿਆ ਜਾਵੇ।

# ਰੀਨਾ ਰਾਏ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਪਾ ਕੇ ਕਿਹਾ, ਦੀਪ ਸਿੱਧੂ ਦੀ ਮੌਤ ਕਿਸੇ ਕਿਸਮ ਦੀ ਕੋਈ ਸਾਜਿਸ਼ ਨਹੀਂ ਸੀ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): 15 ਫਰਵਰੀ ਨੂੰ ਹਰਿਆਣਾ-ਦਿੱਲੀ ਸਰਹੱਦ ‘ਤੇ ਸੋਨੀਪਤ ਨੇੜੇ ਸੜਕ ਹਾਦਸੇ ‘ਚ ਮਾਰੇ ਗਏ ਫਿਲਮ ਅਦਾਕਾਰ ਦੀਪ ਸਿੱਧੂ ਦੀ ਮੌਤ ਨੂੰ ਇਕ ਸਾਲ ਹੋ ਜਾਵੇਗਾ। ਰੀਨਾ ਰਾਏ ਨੇ ਕਿਹਾ ਕਿ ਜਿਸ ਹਾਦਸੇ ਵਿੱਚ ਦੀਪ ਸਿੱਧੂ ਦੀ ਮੌਤ ਹੋਈ ਹੈ, ਉਸ ਵਿੱਚ ਕਿਸੇ ਕਿਸਮ ਦੀ ਕੋਈ ਸਾਜਿਸ਼ ਨਹੀਂ ਸੀ। ਦੀਪ ਸਿੱਧੂ ਦੇ ਪ੍ਰਸ਼ੰਸਕਾਂ ਨੂੰ ਹਾਦਸੇ ਪਿੱਛੇ ਸਾਜਿਸ਼ ਦਾ ਨਾਂ ਦੇ ਕੇ ਗੁੰਮਰਾਹ ਕੀਤਾ ਗਿਆ। ਦੀਪ ਉਸ ਸਮੇਂ ਗੱਡੀ ਚਲਾ ਰਿਹਾ ਸੀ। ਲੰਬੇ ਸਮੇਂ ਤੋਂ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਸਾਜਿਸ਼ ਦੀ ਜਾਂਚ ਕੀਤੀ ਜਾ ਰਹੀ ਹੈ, ਜਦਕਿ ਸੱਚਾਈ ਇਹ ਹੈ ਕਿ ਕੋਈ ਜਾਂਚ ਨਹੀਂ ਹੋਈ। ਉਸ ਨੇ ਦੀਪ ਦੇ ਭਰਾ ਮਨਦੀਪ ਨੂੰ ਵੀ ਦੱਸਿਆ ਕਿ ਇਹ ਇਕ ਸਾਧਾਰਨ ਹਾਦਸਾ ਸੀ। ਰੀਨਾ ਰਾਏ ਨੇ ਕਈ ਖੁਲਾਸੇ ਕੀਤੇ ਹਨ। ਰੀਨਾ ਨੇ ਸੋਸ਼ਲ ਮੀਡੀਆ ‘ਤੇ ਵੀਡੀਓ ਪਾ ਕੇ ਦੀਪ ਸਿੱਧੂ ਦੀ ਪਤਨੀ ਅਤੇ ਪਰਿਵਾਰ ‘ਤੇ ਕਈ ਗੰਭੀਰ ਦੋਸ਼ ਲਗਾਏ ਹਨ।

ਰੀਨਾ ਰਾਏ ਨੇ ਦੱਸਿਆ ਕਿ ਉਸ ਦਾ ਦੀਪ ਸਿੱਧੂ ਨਾਲ 2018 ਤੋਂ ਸਬੰਧ ਸੀ। ਦੋਵਾਂ ਦਾ ਸਤੰਬਰ 2022 ਵਿੱਚ ਵਿਆਹ ਹੋਣਾ ਸੀ, ਪਰ ਸ਼ਾਇਦ ਰੱਬ ਨੂੰ ਇਹ ਮਨਜ਼ੂਰ ਨਹੀਂ ਸੀ। ਦੀਪ ਉਸਨੂੰ ਛੱਡ ਗਿਆ ਹੈ, ਪਰ ਉਹ ਹਮੇਸ਼ਾ ਉਸਦੇ ਦਿਲ ਵਿੱਚ ਰਹੇਗਾ, ਰੀਨਾ ਨੇ ਦੱਸਿਆ ਕਿ ਦੀਪ ਸਿੱਧੂ 2011 ਤੋਂ ਆਪਣੀ ਪਤਨੀ ਤੋਂ ਵੱਖ ਹੋ ਗਿਆ ਸੀ। ਉਨ੍ਹਾਂ ਦੀ ਪਤਨੀ ਰਾਂਚੀ ‘ਚ ਰਹਿੰਦੀ ਹੈ, ਜਦਕਿ ਦੀਪ ਸਿੱਧੂ ਮੁੰਬਈ ‘ਚ ਰਹਿੰਦਾ ਸੀ। ਸਾਲ 2019 ‘ਚ ਦੋਵਾਂ ਵਿਚਾਲੇ ਵੱਖ ਹੋਣ ਦਾ ਸਮਝੌਤਾ ਵੀ ਹੋਇਆ ਸੀ। ਦੋਵਾਂ ਦਾ ਤਲਾਕ ਦਾ ਕੇਸ ਅਦਾਲਤ ਵਿੱਚ ਚੱਲ ਰਿਹਾ ਸੀ ਅਤੇ ਜਿਸਦਾ ਫੈਸਲਾ ਆਉਣਾ ਬਾਕੀ ਸੀ। ਦੋਵਾਂ ਨੇ ਤੈਅ ਕੀਤਾ ਸੀ ਕਿ ਤਲਾਕ ਤੋਂ ਬਾਅਦ ਉਹ ਵਿਆਹ ਕਰਨਗੇ।

ਰੀਨਾ ਰਾਏ ਨੇ ਦੱਸਿਆ ਕਿ ਜਦੋਂ ਹਾਦਸਾ ਵਾਪਰਿਆ ਤਾਂ ਉਹ ਪਿਛਲੀ ਸੀਟ ‘ਤੇ ਸੌਂ ਰਹੀ ਸੀ। ਜਦੋਂ ਕਾਰ ਦੀ ਟੱਕਰ ਹੋਈ ਤਾਂ ਉਸ ਦੀ ਅੱਖ ਖੁੱਲ੍ਹ ਗਈ। ਹਾਦਸੇ ਤੋਂ ਬਾਅਦ ਦੋਵਾਂ ਨੂੰ ਹਸਪਤਾਲ ਲਿਆਂਦਾ ਗਿਆ। ਉੱਥੇ ਹੀ ਰੀਨਾ ਨੇ ਦੱਸਿਆ ਕਿ ਉਸ ਨੇ ਦੀਪ ਦੇ ਭਰਾ ਮਨਦੀਪ, ਦੋਸਤ ਸਿਮਰ ਅਤੇ ਡਰਾਈਵਰ ਟੋਨੀ ਨੂੰ ਪੁੱਛਿਆ ਕਿ ਦੀਪ ਕਿੱਥੇ ਹੈ, ਪਰ ਉਨ੍ਹਾਂ ਵਲੋਂ ਜਾਣਕਾਰੀ ਨਹੀਂ ਦਿੱਤੀ ਗਈ।





## ਰਾਜਸਥਾਨ ਵਿੱਚ ਦੋ ਸੜਕ ਹਾਦਸਿਆਂ ਵਿੱਚ ਛੇ ਦੀ ਮੌਤ, ਤਿੰਨ ਜ਼ਖ਼ਮੀ

ਜੈਪੁਰ, 9 ਫਰਵਰੀ (ਪੋਸਟ ਬਿਊਰੋ) – ਰਾਜਸਥਾਨ ਦੇ ਬਾਂਸਵਾੜਾ ਅਤੇ ਅਜਮੇਰ ਜ਼ਿਲ੍ਹਿਆਂ ਵਿੱਚ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ ਦੋ ਮਾਸੂਮ ਬੱਚਿਆਂ ਸਮੇਤ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਵੀਰਵਾਰ ਨੂੰ ਬਾਂਸਵਾੜਾ ਜ਼ਿਲੇ ਦੇ ਸੱਜਣਗੜ੍ਹ ਥਾਣਾ ਖੇਤਰ 'ਚ ਡੰਪਰ ਅਤੇ ਕਾਰ ਵਿਚਾਲੇ ਹੋਈ ਟੱਕਰ 'ਚ ਅਸਲੀ ਭਰਾਵਾਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ।

ਥਾਣਾ ਸੱਜਣਗੜ੍ਹ ਦੇ ਹੈੱਡ ਕਾਂਸਟੇਬਲ ਭਰਤ ਕੁਮਾਰ ਪਾਟੀਦਾਰ ਨੇ ਦੱਸਿਆ ਕਿ ਪਿੰਡ ਮਹੁਦੀਆ ਨੇੜੇ ਡੰਪਰ ਅਤੇ ਕਾਰ ਵਿਚਾਲੇ ਹੋਈ ਟੱਕਰ ਵਿੱਚ ਕਾਰ ਵਿੱਚ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਗੁਜਰਾਤ ਦੇ ਸੁੱਖਸਰ ਥਾਣਾ ਖੇਤਰ ਦਾ ਰਹਿਣ ਵਾਲਾ ਹਸਮੁਖਲਾਲ (59) ਆਪਣੇ ਭਰਾ ਜਯੇਸ਼ (50) ਅਤੇ ਇਕ ਹੋਰ ਸਾਥੀ ਰੋਹਿਤ ਨੂੰ ਵਿਆਹ ਲਈ ਬੁਲਾਉਣ ਬਾੜਮੇਰ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਿੰਡ ਮਹੁਦੀਆ ਨੇੜੇ ਉਨ੍ਹਾਂ ਦੀ ਕਾਰ ਸਾਹਮਣੇ ਤੋਂ ਆ ਰਹੇ ਇਕ ਤੇਜ਼ ਰਫਤਾਰ ਬੇਕਾਬੂ ਡੰਪਰ ਨਾਲ ਟਕਰਾ ਗਈ, ਜਿਸ ਕਾਰਨ ਤਿੰਨਾਂ ਦੀ ਮੌਤ ਹੋ ਗਈ।

ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡੰਪਰ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਫਰਾਰ ਹੋਏ ਡੰਪਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਅਜਮੇਰ ਜ਼ਿਲ੍ਹੇ ਦੇ ਕੇਕੜੀ ਸਦਰ ਥਾਣਾ ਖੇਤਰ ਵਿੱਚ ਬੀਤੀ ਰਾਤ ਇੱਕ ਹੋਰ ਸੜਕ ਹਾਦਸੇ ਵਿੱਚ ਦੋ ਕਾਰਾਂ ਦੀ ਟੱਕਰ ਵਿੱਚ ਇੱਕ ਔਰਤ ਅਤੇ ਉਸ ਦੇ ਦੋ ਮਾਸੂਮ ਬੱਚਿਆਂ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ।

ਪੁਲਸ ਸਟੇਸ਼ਨ ਅਧਿਕਾਰੀ ਅਨਿਲ ਦੇਵ ਕਾਲਾ ਨੇ ਵੀਰਵਾਰ ਨੂੰ ਦੱਸਿਆ ਕਿ ਪਾਰਾ ਪਿੰਡ ਨੇੜੇ ਕਾਰ ਪਲਟਣ ਅਤੇ ਖਾਈ 'ਚ ਡਿੱਗਣ ਕਾਰਨ ਕਾਰ 'ਚ ਸਵਾਰ ਮਾਂ, ਬੇਟੀ ਅਤੇ ਬੇਟੇ ਦੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਔਰਤ ਦਾ ਪਤੀ ਅਤੇ ਉਸਦੀ ਦੂਜੀ ਪਤਨੀ ਅਤੇ ਇੱਕ ਹੋਰ ਬੱਚੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਨੂੰ ਸਰਕਾਰੀ ਜ਼ਿਲ੍ਹਾ ਹਸਪਤਾਲ ਕੇਕੜੀ ਤੋਂ ਮੁੱਢਲੀ ਸਹਾਇਤਾ ਤੋਂ ਬਾਅਦ ਅਜਮੇਰ ਰੈਫ਼ਰ ਕਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਾਇਆ (34), ਉਸ ਦੀ ਬੇਟੀ ਕਿਰਨ (8) ਅਤੇ ਪੁੱਤਰ ਰਾਹੁਲ (5) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਵੀਰਵਾਰ ਨੂੰ ਪੋਸਟਮ-ਾਰਟਮ ਤੋਂ ਬਾਅਦ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦੂਜੀ ਕਾਰ ਦੇ ਡਰਾਈਵਰ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

## ਫੈਕਟਰੀ ਵਿੱਚ ਤੇਲ ਟੈਂਕ ਦੀ ਸਫਾਈ ਕਰਦੇ ਸਮੇਂ ਦਮ ਘੁੱਟਣ ਨਾਲ ਸੱਤ ਮਜ਼ਦੂਰਾਂ ਦੀ ਮੌਤ, ਮਾਮਲਾ ਦਰਜ

ਕਾਕੀਨਾਡਾ, 9 ਫਰਵਰੀ (ਪੋਸਟ ਬਿਊਰੋ) – ਆਂਧਰਾ ਪ੍ਰਦੇਸ਼ ਦੇ ਕਾਕੀਨਾਡਾ ਸ਼ਹਿਰ ਵਿੱਚ ਇੱਕ ਖਾਣ ਵਾਲੇ ਤੇਲ ਦੀ ਫੈਕਟਰੀ ਵਿੱਚ ਤੇਲ ਦੀਆਂ ਟੈਂਕੀਆਂ ਦੀ ਸਫ਼ਾਈ ਕਰਦੇ ਸਮੇਂ ਦਮ ਘੁੱਟਣ ਨਾਲ ਸੱਤ ਮਜ਼ਦੂਰਾਂ ਦੀ ਮੌਤ ਹੋ ਗਈ। ਜ਼ਿਲ੍ਹਾ ਪੁਲਿਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਹਾਦਸਾ 'ਜੀ ਰਾਗਮਪੇਟ' ਵਿਖੇ ਸਵੇਰੇ 8:30 ਵਜੇ ਦੇ ਕਰੀਬ ਉਸ ਸਮੇਂ ਵਾਪਰਿਆ ਜਦੋਂ ਪਹਿਲਾ ਮਜ਼ਦੂਰ ਤੇਲ ਦੀ ਟੈਂਕੀ ਸਾਫ਼ ਕਰਨ ਲਈ ਹੇਠਾਂ ਉਤਰਿਆ।

ਮਜ਼ਦੂਰ ਅਚਾਨਕ ਤਿਲਕ ਕੇ ਟੈਂਕੀ ਦੇ ਅੰਦਰ ਜਾ ਡਿੱਗਿਆ। ਉਸ ਨੂੰ ਬਚਾਉਣ ਲਈ ਇਕ ਤੋਂ ਬਾਅਦ ਇਕ ਸੱਤ ਮਜ਼ਦੂਰ ਟੈਂਕਰ ਵਿਚ ਚੜ੍ਹ ਗਏ। ਇਸ ਘਟਨਾ 'ਚ ਦਮ ਘੁੱਟਣ ਨਾਲ 7 ਲੋਕਾਂ ਦੀ ਮੌਤ ਹੋ ਗਈ ਜਦਕਿ ਇਕ ਨੂੰ ਬਚਾ ਲਿਆ ਗਿਆ। ਪੁਲਸ ਨੇ ਦੱਸਿਆ ਕਿ ਘਟਨਾ 'ਚ ਮਾਰੇ ਗਏ 7 ਮਜ਼ਦੂਰਾਂ 'ਚੋਂ 5 ਪਡੇਰੂ ਦੇ ਰਹਿਣ ਵਾਲੇ ਸਨ ਅਤੇ ਦੋ ਪੇਦਾਪੁਰਮ ਦੇ ਰਹਿਣ ਵਾਲੇ ਸਨ।



ਕਾਕੀਨਾਡਾ ਜ਼ਿਲ੍ਹਾ ਮੈਜਿਸਟਰੇਟ ਕ੍ਰਿਤਿਕਾ ਸ਼ੁਕਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਭਾਰਤੀ ਦੰਡਾਵਲੀ ਦੀ ਧਾਰਾ 304ਏ (ਲਾਪਰਵਾਹੀ ਨਾਲ ਮੌਤ ਦਾ ਕਾਰਨ) ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਦੀ ਜਾਂਚ ਲਈ ਸੰਯੁਕਤ ਜ਼ਿਲ੍ਹਾ ਮੈਜਿਸਟਰੇਟ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਨੂੰ ਤਿੰਨ ਦਿਨਾਂ ਵਿੱਚ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਕਮੇਟੀ ਇਸ ਸਮੇਂ ਫੈਕਟਰੀ ਵੱਲੋਂ ਖਾਣ ਵਾਲੇ ਤੇਲ ਦੀ ਪੈਕਿੰਗ ਆਦਿ ਲਈ ਮਿਲੇ ਦਸਤਾਵੇਜ਼ਾਂ ਅਤੇ ਮਨਜ਼ੂਰੀ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਪਾਏ ਜਾਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਧਿਕਾਰਤ ਰੀਲੀਜ਼ ਦੇ ਅਨੁਸਾਰ, ਸੂਬਾ ਸਰਕਾਰ ਵੱਲੋਂ ਘਟਨਾ ਵਿੱਚ ਮਾਰੇ ਗਏ ਮਜ਼ਦੂਰਾਂ ਦੇ ਪਰਿਵਾਰਾਂ ਲਈ 25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ ਗਿਆ ਹੈ, ਨਾਲ ਹੀ ਫੈਕਟਰੀ ਨੂੰ ਵੀ ਮੁਆਵਜ਼ਾ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਲਾਸ਼ਾਂ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਪੀੜਤ ਪਰਿਵਾਰਾਂ ਨੇ ਦੋਸ਼ ਲਾਇਆ ਹੈ ਕਿ ਫੈਕਟਰੀ ਪ੍ਰਬੰਧਕਾਂ ਨੇ ਮਜ਼ਦੂਰਾਂ ਨੂੰ ਸੁਰੱਖਿਆ ਦੇ ਸਹੀ ਉਪਕਰਨ ਮੁਹੱਈਆ ਨਹੀਂ ਕਰਵਾਏ। ਘਟਨਾ ਤੋਂ ਬਾਅਦ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦੀ ਐਕਸਗ੍ਰੇਸ਼ੀਆ ਦੇਣ ਦੀ ਮੰਗ ਕੀਤੀ।

## ਕਰਨਾਟਕ ਵਿਚ ਦਲਿਤ ਔਰਤ ਦੀ ਗਾਂ ਖੇਤ ਵਿੱਚ ਵੜੀ, ਉੱਚ ਜਾਤੀ ਦੇ ਨੌਜਵਾਨ ਨੇ ਔਰਤ ਨੂੰ ਚੱਪਲਾਂ ਨਾਲ ਕੁੱਟਿਆ

ਕੋਪਲ, 9 ਫਰਵਰੀ (ਪੋਸਟ ਬਿਊਰੋ) – ਕਰਨਾਟਕ ਦੇ ਕੋਪਲ ਜ਼ਿਲੇ ਤੋਂ ਦਲਿਤ ਔਰਤ ਦੀ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦਲਿਤ ਭਾਈਚਾਰੇ ਦੀ ਇੱਕ ਔਰਤ ਨੂੰ ਚੱਪਲਾਂ ਨਾਲ ਕੁੱਟਿਆ ਗਿਆ ਕਿਉਂਕਿ ਉਸ ਦੀ ਗਾਂ ਉੱਚ ਜਾਤੀ ਨਾਲ ਸਬੰਧਤ ਵਿਅਕਤੀ ਦੇ ਖੇਤ ਵਿੱਚ ਵੜ ਗਈ ਸੀ ਅਤੇ ਫਸਲ ਨੂੰ ਨੁਕਸਾਨ ਪਹੁੰਚਾਇਆ ਸੀ। ਹਾਲਾਂਕਿ, ਕੋਪਲ ਜ਼ਿਲ੍ਹਾ ਪੁਲਿਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਔਰਤ ਨੂੰ ਚੱਪਲਾਂ ਨਾਲ ਕੁੱਟਿਆ ਗਿਆ ਸੀ। ਰਿਪੋਰਟਾਂ ਅਨੁਸਾਰ ਪੁਲਿਸ ਨੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕੂ) ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਮੁਲਜ਼ਮ ਅਮਰੀਸ਼ ਕੁੰਬਰ ਨੂੰ ਗ੍ਰਿਫਤਾਰ ਕਰ ਲਿਆ ਹੈ।



ਮਹਿਲਾ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦਲਿਤ ਭਾਈਚਾਰੇ ਨਾਲ ਜੁੜੀਆਂ ਸਮਾਜਿਕ ਜਥੇਬੰਦੀਆਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੀਆਂ ਹਨ। ਕੁਝ ਰਿਪੋਰਟਾਂ 'ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਔਰਤ ਨੂੰ ਚੱਪਲਾਂ ਨਾਲ ਬੰਨ੍ਹ ਕੇ ਕੁੱਟਿਆ ਗਿਆ। ਹਾਲਾਂਕਿ, ਕੋਪਲ ਜ਼ਿਲ੍ਹਾ ਪੁਲਿਸ ਨੇ ਟਵਿੱਟਰ ਉਤੇ 'ਦ ਦਲਿਤ ਵਾਇਸ' ਦੁਆਰਾ ਸਾਂਝੀ ਕੀਤੀ ਤਸਵੀਰ ਦਾ ਹਵਾਲਾ ਦਿੰਦੇ ਹੋਏ ਇਸ ਤੋਂ ਇਨਕਾਰ ਕੀਤਾ ਹੈ।

ਰਿਪੋਰਟ ਮੁਤਾਬਕ ਕੋਪਲ 'ਚ ਔਰਤ ਦੀ ਗਾਂ ਜਾਣਕਾਰ ਅਮਰੀਸ਼ ਕੁੰਬਰ ਦੇ ਖੇਤ 'ਚ ਵੜ ਗਈ ਅਤੇ ਉਸ ਦੀ ਫਸਲ ਨੂੰ ਨੁਕਸਾਨ ਪਹੁੰਚਾਇਆ। ਇਸ ਨਾਲ ਕੁੰਬਰ ਨੂੰ ਬਹੁਤ ਗੁੱਸਾ ਆਇਆ। ਉਸ ਨੇ ਔਰਤ ਦੀ ਗਾਂ ਨੂੰ ਬੰਨ੍ਹ ਦਿੱਤਾ। ਪੁਲੀਸ ਅਨੁਸਾਰ ਜਦੋਂ ਔਰਤ ਨੇ ਦੇਖਿਆ ਕਿ ਉਸ ਦੀ ਗਾਂ ਕੁੰਭੜ ਦੇ ਖੇਤ ਵਿੱਚ ਬੰਨ੍ਹੀ ਹੋਈ ਹੈ ਤਾਂ ਉਹ ਇਸ ਨੂੰ ਵਾਪਸ ਲੈਣ ਗਈ। ਇਸੇ ਕਾਰਨ ਕੁੰਬਰ ਨੇ ਔਰਤ ਦੀ ਕੁੱਟਮਾਰ ਕੀਤੀ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਈਡੀ. ਨੇ ਦਿੱਲੀ ਐਕਸਾਈਜ ਮਾਮਲੇ ਵਿਚ ਓਏਸਿਸ ਦੇ ਗੌਤਮ ਮਲਹੋਤਰਾ ਨੂੰ ਕੀਤਾ ਗ੍ਰਿਫਤਾਰ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ) – ਦਿੱਲੀ ਐਕਸਾਈਜ ਮਾਮਲੇ ਵਿਚ ਅੱਜ ਗੌਤਮ ਮਲਹੋਤਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਈਡੀ ਨੇ ਦਿੱਲੀ ਦੀ ਆਬਕਾਰੀ ਨੀਤੀ ਵਿੱਚ ''ਬੇਨਿਯਮੀਆਂ'' ਨਾਲ ਜੁੜੇ ਇੱਕ ਮਨੀ ਲਾਂਡਰਿੰਗ ਮਾਮਲੇ ਵਿੱਚ ਪੰਜਾਬ ਦੇ ਕਾਰੋਬਾਰੀ ਗੌਤਮ ਮਲਹੋਤਰਾ ਨੂੰ ਗ੍ਰਿਫਤਾਰ ਕੀਤਾ ਹੈ। ਗੌਤਮ ਮਲਹੋਤਰਾ ਸ਼ਰਾਬ ਬਣਾਉਣ ਵਾਲੀ ਵੱਡੀ ਕੰਪਨੀ ਓਏਸਿਸ ਗਰੁੱਪ ਦਾ ਡਾਇਰੈਕਟਰ ਹੈ ਅਤੇ ਸਾਬਕਾ ਵਿਧਾਇਕ (ਸ਼੍ਰੋਮਣੀ ਅਕਾਲੀ ਦਲ) ਦੀਪਕ ਮਲਹੋਤਰਾ ਦਾ ਪੁੱਤਰ ਹੈ। ਕਾਰਟਲਾਈਜੇਸ਼ਨ ਵਿਚ ਭੂਮਿਕਾ ਨਿਭਾਉਣ ਦੇ ਦੋਸ਼ਾਂ ਤੋਂ ਇਲਾਵਾ, ਉਸ 'ਤੇ ਗੈਰ-ਕਾਨੂੰਨੀ ਪੈਸਾ ਟ੍ਰਾਂਸਫਰ ਕਰਨ ਅਤੇ ਅਪਰਾਧ ਦੀ ਕਮਾਈ ਦਾ ਵੀ ਦੋਸ਼ ਹੈ। ਇਕ ਚਾਰਟਰਡ ਅਕਾਊਟੈਂਟ ਜੋ ਪਹਿਲਾਂ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਬੇਟੀ ਕਵਿਤਾ ਨਾਲ ਕੰਮ ਕਰ ਚੁੱਕਾ ਹੈ, ਨੂੰ ਸੀਬੀਆਈ ਨੇ ਦਿੱਲੀ ਸ਼ਰਾਬ ਨੀਤੀ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਸੀਬੀਆਈ ਨੇ ਦਾਅਵਾ ਕੀਤਾ ਹੈ ਕਿ 'ਦੱਖਣੀ ਗਰੁੱਪ' ਵਜੋਂ ਜਾਣੀ ਜਾਂਦੀ ਇੱਕ ਲਾਬੀ ਦੀ ਮਿਲੀਭੁਗਤ ਅਤੇ ਰਿਸ਼ਵਤ ਨਾਲ ਦਿੱਲੀ ਦੀ ਐਕਸਾਈਜ ਡਿਊਟੀ ਨੀਤੀ ਨੂੰ ਸੋਧਣ ਦੌਰਾਨ ਬੇਨਿਯਮੀਆਂ ਕੀਤੀਆਂ ਗਈਆਂ ਸਨ। ਸੀਬੀਆਈ ਨੇ ਕਿਹਾ ਕਿ ਕੇ. ਕਵਿਤਾ ਦੇ ਸਾਬਕਾ ਆਡੀਟਰ ਬੁਚੀ ਬਾਬੂ ਨੇ ਇਸ ਕੇਸ ਵਿਚ 'ਸਾਊਥ ਗਰੁੱਪ' ਦੀ ਨੁਮਾਇੰਦਗੀ ਕੀਤੀ ਸੀ। ਏਜੰਸੀ ਨੇ ਕਿਹਾ ਕਿ ਉਸ ਨੂੰ ਮੰਗਲਵਾਰ ਸ਼ਾਮ ਨੂੰ ਅਸਹਿਯੋਗ ਦੇ ਲਈ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਦੀ ਪ੍ਰਤੀਕਿਰਿਆ ਟਾਲ-ਮਟੋਲ ਵਾਲੀ ਪਾਈ ਗਈ ਸੀ। ਸੀਬੀਆਈ ਨੇ ਦੋਸ਼ ਲਾਇਆ ਹੈ ਕਿ ਦਿੱਲੀ ਆਬਕਾਰੀ ਨੀਤੀ ਨੂੰ ਬਣਾਉਣ ਅਤੇ ਲਾਗੂ ਕਰਨ ਵਿਚ ਬਾਬੂ ਦੀ ਭੂਮਿਕਾ, ਜਿਸ ਨੂੰ ਬਾਅਦ ਵਿਚ ਰੱਦ ਕਰ ਦਿੱਤਾ ਗਿਆ ਹੈ, ਦੇ ਨਤੀਜੇ ਵਜੋਂ ਹੈਦਰਾਬਾਦ ਸਥਿਤ ਥੋਕ ਅਤੇ ਪ੍ਰਚੂਨ ਲਾਇਸੰਸਧਾਰਕਾਂ ਅਤੇ ਉਨ੍ਹਾਂ ਦੇ ਲਾਭਪਾਤਰੀ ਮਾਲਕਾਂ ਨੂੰ ਬੇਲੋੜਾ ਪੱਖ ਮਿਲਿਆ।

## ਯੂਪੀ ਕੇ ਮਥੁਰਾ ਵਿੱਚ ਵੀ ਕਾਂਜਾਵਾਲਾ ਜਿਹੀ ਘਟਨਾ, ਸੜਕ 'ਤੇ ਕਈ ਕਿਲੋਮੀਟਰ ਤੱਕ ਘੜੀਸੀ ਗਈ ਲਾਸ਼

ਮਥੁਰਾ, 9 ਫਰਵਰੀ (ਪੋਸਟ ਬਿਊਰੋ) – ਉੱਤਰ ਪ੍ਰਦੇਸ਼ ਦੇ ਮਥੁਰਾ ਜਿਲੇ ਵਿੱਚ ਦਿੱਲੀ ਦੇ ਕਾਂਜਾਵਾਲਾ ਜਿਹਾ ਮਾਮਲਾ ਸਾਹਮਣੇ ਆਇਆ ਹੈ। ਮਥੁਰਾ ਦੇ ਥਾਣਾ ਮਾਂਟ ਖੇਤਰ ਵਿੱਚ ਯਮੁਨਾ ਐਕਸਪ੍ਰੈਸ ਵੇ ਉੱਤੇ ਇੱਕ ਲਾਸ਼ ਕਈ ਕਿਲੋਮੀਟਰ ਤੱਕ ਗੱਡੀ ਵਿੱਚ ਫਸੀ ਰਹੀ। ਜਦੋਂ ਕਾਰ ਮਾਂਟ ਟੋਲ ਪਲਾਜਾ 'ਤੇ ਪਹੁੰਚੀ ਤਾਂ ਜਾ ਕੇ ਐਕਸਪ੍ਰੈਸ ਵੇ ਦੇ ਸੁਰੱਖਿਆ ਕਰਮੀਆਂ ਦੀ ਨਜ਼ਰ ਗੱਡੀ ਦੇ ਹੇਠ ਫਸੀ ਲਾਸ਼ ਉਤੇ ਗਈ। ਦੱਸਿਆ ਜਾ ਰਿਹਾ ਹੈ ਕਿ ਕਾਰ ਵਿਚ ਲਾਸ਼ ਕਰੀਬ 11 ਕਿਲੋਮੀਟਰ ਤੱਕ ਫਸੀ ਰਹੀ। ਕਾਰ ਆਗਰਾ ਤੋਂ ਨੋਏਡਾ ਜਾ ਰਹੀ ਸੀ।

ਕਾਰ ਦਿੱਲੀ ਨਿਵਾਸੀ ਵੀਰੇਂਦਰ ਚਲਾ ਰਿਹਾ ਸੀ। ਜਿਸ ਨੂੰ ਗ੍ਰਿਫਤਾਰ ਕਰ ਕੇ ਪੁਲਸ ਪੁੱਛਗਿਛ ਕਰ ਰਹੀ ਹੈ। ਗ੍ਰਿਫਤਾਰ ਵਿਅਕਤੀ ਨੇ ਕਥਿਤ ਤੌਰ 'ਤੇ ਪੁਲਿਸ ਨੂੰ ਦੱਸਿਆ ਕਿ ਉਹ ਸੋਮਵਾਰ ਰਾਤ ਨੂੰ ਘਣੇ ਕੋਹਰੇ ਵਿੱਚ ਮੁਸ਼ਕਿਲ ਨਾਲ ਦੇਖ ਪਾ ਰਿਹਾ ਸੀ ਅਤੇ ਉਸਦੀ ਕਾਰ ਹੇਠਾਂ ਫਸੀ ਲਾਸ਼ ਬਾਰੇ ਉਸ ਨੂੰ ਨਹੀਂ ਪਤਾ ਸੀ। ਪੁਲਿਸ ਕਪਤਾਨ ਤ੍ਰਿਗੁਣ ਬਿਸੇਨ ਨੇ ਕਿਹਾ, "ਪਿਛਲੀ ਰਾਤ ਐਕਸਪ੍ਰੈਸ 'ਤੇ ਘਣਾ ਕੋਹਰਾ ਸੀ, ਇਸ ਲਈ ਵਿਜਿਬਿਲਿਟੀ ਘੱਟ ਸੀ, ਜਿਸ ਕਾਰਨ ਹਾਦਸੇ ਦਾ ਸ਼ਿਕਾਰ ਹੋਇਆ ਵਿਅਕਤੀ ਕਾਰ ਹੇਠ ਫਸ ਗਿਆ।

ਪੁਲਿਸ ਪੁਛਗਿੱਛ ਕਰ ਰਹੀ ਹੈ ਅਤੇ ਰਸਤੇ ਵਿਚ ਸੁਰੱਖਿਆ ਕੈਮਰਿਆਂ ਦੀ ਜਾਂਚ ਕਰ ਰਹੀ ਹੈ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਕਿਸ ਦੀ ਮੌਤ ਹੋਈ ਹੈ।

## ਮੁੰਬਈ ਫਾਇਰਮੈਨ ਭਰਤੀ ਵਿਚ ਧਾਂਦਲੀ ਦੇ ਦੋਸ਼, ਪੁਲਸ ਨੇ ਲੜਕੀਆਂ 'ਤੇ ਵਰ੍ਹਾਈਆਂ ਲਾਠੀਆਂ

ਮੁੰਬਈ, 9 ਫਰਵਰੀ (ਪੋਸਟ ਬਿਊਰੋ) – ਮੁੰਬਈ ਫਾਇਰ ਬ੍ਰਿਗੇਡ ਦੀ ਭਰਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਮੁੰਬਈ ਦੇ ਦਹਿਸਰ 'ਚ ਮੁੰਬਈ ਫਾਇਰ ਬ੍ਰਿਗੇਡ ਦੀ ਭਰਤੀ ਲਈ ਆਈਆਂ ਲੜਕੀਆਂ ਦਾ ਦੋਸ਼ ਹੈ ਕਿ ਜਿਨ੍ਹਾਂ ਲੜਕੀਆਂ ਦਾ ਕੱਦ ਠੀਕ ਹੈ, ਉਨ੍ਹਾਂ ਨੂੰ ਵੀ ਐਂਟਰੀ ਨਹੀਂ ਦਿੱਤੀ ਜਾ ਰਹੀ ਹੈ। ਲੜਕੀਆਂ ਦਾ ਕਹਿਣਾ ਹੈ ਕਿ ਮੁੰਬਈ ਫਾਇਰ ਬ੍ਰਿਗੇਡ ਭਰਤੀ ਲਈ ਯੋਗਤਾ ਅਤੇ ਯੋਗਤਾ ਪੂਰੀ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾ ਰਿਹਾ ਹੈ। ਪ੍ਰਦਰਸ਼ਨ ਕਰ ਰਹੀਆਂ ਲੜਕੀਆਂ ਅਤੇ ਪੁਲਿਸ ਵਿਚਾਲੇ ਝੜਪ ਹੋਣ ਦੀ ਖਬਰ ਹੈ।



ਦਰਅਸਲ, ਬ੍ਰਿਹਨ ਮੁੰਬਈ ਨਗਰ ਨਿਗਮ ਦੇ ਫਾਇਰ ਡਿਪਾਰਟਮੈਂਟ (ਫਾਇਰ ਡਿਪਾਰਟਮੈਂਟ) ਭਰਤੀ ਬੋਰਡ, ਮੁੰਬਈ ਨੇ ਦਸੰਬਰ 2022 ਵਿੱਚ ਕੁੱਲ 910 ਅਸਾਮੀਆਂ ਲਈ ਫਾਇਰ ਬ੍ਰਿਗੇਡ ਭਰਤੀ ਕੀਤੀ ਸੀ। ਯੋਗ ਉਮੀਦਵਾਰਾਂ ਨੂੰ ਅਧਿਕਾਰਤ ਵੈੱਬਸਾਈਟ 'ਤੇ ਆਨਲਾਈਨ ਅਪਲਾਈ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਬਿਨੈਕਾਰਾਂ ਨੂੰ ਬਾਇਓ-ਡਾਟਾ ਅਤੇ ਅਕਾਦਮਿਕ ਦਸਤਾਵੇਜ਼ਾਂ ਦੇ ਨਾਲ 13 ਤੋਂ 31 ਦਸੰਬਰ ਅਤੇ 1 ਤੋਂ 4 ਫਰਵਰੀ 2023 ਤੱਕ ਚੋਣ ਵਿਚ ਸ਼ਾਮਲ ਹੋਣਾ ਸੀ।

ਮਹਿਲਾ ਉਮੀਦਵਾਰ ਜ਼ਰੂਰੀ ਦਸਤਾਵੇਜ਼ਾਂ ਨਾਲ ਜਨ ਨੇਤਾ ਗੋਪੀਨਾਥ ਮੁੰਡੇ ਸ਼ਕਤੀ ਮੈਦਾਨ (ਭਵ ਦੇਵੀ ਮੈਦਾਨ) ਵਿਚ ਆਯੋਜਿਤ ਭਰਤੀ ਵਿਚ ਵਾਕ ਇਨ ਲਈ ਪਹੁੰਚੀਆਂ ਤਾਂ ਉਨ੍ਹਾਂ ਨੂੰ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਲੜਕੀਆਂ ਦਾ ਦੋਸ਼ ਹੈ ਕਿ ਜਿਸ ਲੜਕੀ ਦਾ ਕੱਦ ਠੀਕ ਹੈ, ਸਭ ਕੁਝ ਪੂਰਾ ਹੈ, ਉਸ ਨੂੰ ਵੀ ਭਰਤੀ ਨਹੀਂ ਕੀਤਾ ਜਾ ਰਿਹਾ। ਜਦੋਂ ਲੜਕੀਆਂ ਨੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਰਸਤਾ ਰੋਕ ਦਿੱਤਾ, ਜਿਸ ਤੋਂ ਬਾਅਦ ਪੁਲਸ ਅਤੇ ਲੜਕੀਆਂ ਵਿਚਾਲੇ ਝੜਪ ਹੋ ਗਈ ਤੇ ਪੁਲਸ ਨੇ ਲੜਕੀਆਂ 'ਤੇ ਲਾਠੀਆਂ ਵਰ੍ਹਾ ਦਿੱਤੀਆਂ, ਜਿਸ ਵਿਚ ਕਈ ਲੜਕੀਆਂ ਜ਼ਖਮੀ ਹੋ ਗਈਆਂ।

## ਗੁਰੂਗ੍ਰਾਮ 'ਚ 13 ਸਾਲਾ ਲੜਕੀ 'ਤੇ ਅੱਤਿਆਚਾਰ, ਕਈ ਦਿਨਾਂ ਤੱਕ ਰੱਖਿਆ ਭੁੱਖੀ, ਕੀਤੀ ਕੁੱਟਮਾਰ, ਪਤੀ-ਪਤਨੀ ਗ੍ਰਿਫਤਾਰ

ਗੁਰੂਗਰਾਮ, 9 ਫਰਵਰੀ (ਪੋਸਟ ਬਿਊਰੋ) – ਬੀਤੀ ਦੇਰ ਸ਼ਾਮ ਗੁਰੂਗ੍ਰਾਮ ਦੇ ਇਕ ਘਰ ਤੋਂ 13 ਸਾਲਾ ਹੈਲਪਰ ਨੂੰ ਬਚਾਇਆ ਗਿਆ। ਇਸ ਘਰ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਉਸ ਨਾਲ ਭਿਆਨਕ ਸ਼ੋਸ਼ਣ ਹੁੰਦਾ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਝਾਰਖੰਡ ਦੀ ਰਹਿਣ ਵਾਲੀ ਲੜਕੀ ਦੇ ਪੂਰੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਮਿਲੇ ਹਨ। ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਡਾਕਟਰ ਇਹ ਪਤਾ ਲਗਾਉਣ ਲਈ ਉਸਦੀ ਡਾਕਟਰੀ ਜਾਂਚ ਵੀ ਕਰ ਰਹੇ ਹਨ ਕਿ ਕੀ ਉਸਦਾ ਜਿਨਸੀ ਸ਼ੋਸ਼ਣ ਹੋਇਆ ਸੀ ਜਾਂ ਨਹੀਂ।



ਸੂਤਰਾਂ ਨੇ ਦੱਸਿਆ ਕਿ ਲੜਕੀ ਨੂੰ ਗਰਮ ਚਿਮਟੇ ਅਤੇ ਡੰਡਿਆਂ ਨਾਲ ਕਥਿਤ ਤੌਰ 'ਤੇ ਕੁੱਟਿਆ ਗਿਆ ਸੀ। ਮੁਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਜੋੜਾ ਲੜਕੀ ਨੂੰ ਸਹੀ ਢੰਗ ਨਾਲ ਕੰਮ ਨਾ ਕਰਨ ਅਤੇ ਖਾਣਾ ਚੋਰੀ ਕਰਨ ਦਾ ਦੋਸ਼ ਲਗਾ ਕੇ ਭੁੱਖਾ ਰੱਖਦਾ ਸੀ ਅਤੇ ਕੁੱਟਦਾ ਸੀ। ਇਕ ਅਧਿਕਾਰੀ ਨੇ ਕਿਹਾ, "ਉਸ ਨੂੰ ਕਈ ਦਿਨਾਂ ਤੋਂ ਖਾਣਾ ਨਹੀਂ ਦਿੱਤਾ ਗਿਆ ਸੀ। ਲੜਕੀ ਡਸਟਬਿਨ ਤੋਂ ਬਚਿਆ ਹੋਇਆ ਭੋਜਨ ਖਾ ਲੈਂਦੀ ਸੀ।

ਗੁਰੂਗ੍ਰਾਮ ਸਥਿਤ ਇਕ ਐਨਜੀਓ ਦੀ ਸ਼ਿਕਾਇਤ ਦੇ ਆਧਾਰ 'ਤੇ ਲੜਕੀ ਨੂੰ ਪੁਲਿਸ ਨੇ ਬਚਾ ਲਿਆ ਸੀ। ਉਸ ਨੇ ਸਥਿਤੀ 'ਤੇ ਟਵੀਟ ਕੀਤਾ ਸੀ। ਟਵਿੱਟਰ ਥਰੈੱਡ ਦੇ ਵਾਇਰਲ ਹੋਣ ਤੋਂ ਬਾਅਦ  ਨੇ ਪੁਲਿਸ ਨਾਲ ਸੰਪਰਕ ਕੀਤਾ। ਕਾਰਕੁਨ ਦੀਪਿਕਾ ਨਰਾਇਣ ਭਾਰਦਵਾਜ ਦੁਆਰਾ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਲੜਕੀ ਦੇ ਮੱਥੇ, ਬੁੱਲ੍ਹਾਂ, ਗੱਲ੍ਹਾਂ ਅਤੇ ਬਾਹਾਂ 'ਤੇ ਕੱਟਾਂ ਅਤੇ ਸਾੜ ਦੇ ਨਿਸ਼ਾਨ ਦਿਖਾਈ ਦਿੰਦੇ ਹਨ।

ਜੋੜੇ ਨੇ ਆਪਣੀ ਤਿੰਨ ਮਹੀਨੇ ਦੀ ਬੇਟੀ ਦੀ ਦੇਖਭਾਲ ਲਈ ਕੁਝ ਮਹੀਨੇ ਪਹਿਲਾਂ ਪਲੇਸਮੈਂਟ ਏਜੰਸੀ ਰਾਹੀਂ ਲੜਕੀ ਨੂੰ ਨੌਕਰੀ 'ਤੇ ਰੱਖਿਆ ਸੀ। ਜੋੜੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਬਾਲ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਜਾਂ ਪੋਕਸੋ ਐਕਟ ਦੇ ਤਹਿਤ ਹੋਰ ਦੋਸ਼ਾਂ ਦੇ ਨਾਲ-ਨਾਲ ਮਾਮਲਾ ਦਰਜ ਕੀਤਾ ਗਿਆ ਹੈ।

## ਵਰਜਿਨਿਟੀ ਟੈਸਟ ਨੂੰ ਦਿੱਲੀ ਹਾਈਕੋਰਟ ਨੇ ਦੱਸਿਆ ਗੈਰ-ਸੰਵਿਧਾਨਿਕ

### 1992 ਦੇ ਸਿਸਟਰ ਸੇਫੀ ਕੇਸ ਦੀ ਸੁਣਵਾਈ ਦੌਰਾਨ ਸੁਣਾਇਆ ਫੈਸਲਾ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ) – ਦਿੱਲੀ ਹਾਈਕੋਰਟ ਨੇ ਮੰਗਲਵਾਰ ਨੂੰ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਕਿਹਾ ਕਿ ਮਹਿਲਾ ਕੈਦੀ ਜਾਂ ਨਿਆਇਕ ਜਾਂ ਪੁਲਿਸ ਹਿਰਾਸਤ ਵਿੱਚ ਮੁਲਜ਼ਮ ਦੀ ਜਾਂਚ ਦੇ ਹਿੱਸੇ ਵਜੋਂ ਕਰਵਾਇਆ ਗਿਆ ਵਰਜਿਨਿਟੀ (ਕੁਆਰੇਪਣ) ਟੈਸਟ ਗੈਰ-ਸੰਵਿਧਾਨਕ ਹੈ। ਦਿੱਲੀ ਹਾਈਕੋਰਟ ਨੇ ਸਾਲ 1992 'ਚ ਸਿਸਟਰ ਅਭਯਾ ਹੱਤਿਆ ਕਾਂਡ ਮਾਮਲੇ ਵਿਚ ਹੁਕਮ ਜਾਰੀ ਕੀਤਾ ਹੈ।

ਦਿੱਲੀ ਹਾਈ ਕੋਰਟ ਦਾ ਕਹਿਣਾ ਹੈ ਕਿ 1992 'ਚ ਕੇਰਲ 'ਚ ਸਿਸਟਰ ਅਭਯਾ ਦੀ ਹੱਤਿਆ ਦੀ ਦੋਸ਼ੀ ਭੈਣ ਸੇਫੀ 'ਤੇ ਕਰਵਾਇਆ ਗਿਆ ਵਰਜਿਨਿਟੀ ਟੈਸਟ ਗੈਰ-ਸੰਵਿਧਾਨਕ ਸੀ। ਸਿਸਟਰ ਸੇਫੀ ਇਸ ਕਦਮ ਲਈ ਸੀਬੀਆਈ ਤੋਂ ਮੁਆਵਜ਼ੇ ਦੀ ਹੱਕਦਾਰ ਹੈ।

ਇਹ ਹੁਕਮ ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਸਿਸਟਰ ਸੇਫੀ ਦੀ ਪਟੀਸ਼ਨ 'ਤੇ ਦਿੱਤਾ ਹੈ, ਜਿਸ ਨੇ 1992 ਵਿਚ ਕੇਰਲ ਵਿਚ ਇਕ ਨਨ ਦੀ ਮੌਤ 'ਤੇ ਇਕ ਅਪਰਾਧਿਕ ਮਾਮਲੇ ਦੇ ਸਬੰਧ ਵਿਚ ਉਸ ਦੇ ਕੁਆਰੇਪਣ ਦੇ ਟੈਸਟ ਨੂੰ ਗੈਰ-ਸੰਵਿਧਾਨਕ ਘੋਸ਼ਿਤ ਕਰਨ ਦੀ ਮੰਗ ਕੀਤੀ ਸੀ।




ਹਾਈ ਕੋਰਟ ਨੇ ਕਿਹਾ, ਨਜ਼ਰਬੰਦ ਕੀਤੇ ਗਏ ਵਿਅਕਤੀ ਦੀ ਬੁਨਿਆਦੀ ਗਰਿਮਾ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ, ਜਿਸ ਦੀ ਮੌਜੂਦਾ ਕੇਸ ਵਿੱਚ ਉਲੰਘਣਾ ਕੀਤੀ ਗਈ ਹੈ। ਦੱਸ ਦੇਈਏ ਕਿ ਪਟੀਸ਼ਨਕਰਤਾ ਨੇ ਅਦਾਲਤ ਦੇ ਸਾਹਮਣੇ ਦੋਸ਼ ਲਗਾਇਆ ਸੀ ਕਿ 1992 ਵਿੱਚ ਇੱਕ ਨਨ ਦੀ ਮੌਤ ਨਾਲ ਜੁੜੇ ਇੱਕ ਮਾਮਲੇ ਵਿੱਚ ਉਸਨੂੰ 2008 ਵਿੱਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੁਆਰਾ ਜ਼ਬਰਦਸਤੀ 'ਵਰਜਿਨਿਟੀ ਟੈਸਟ' ਕਰਵਾਉਣਾ ਪਿਆ ਸੀ। ਇਸ ਵਰਜਿਨਿਟੀ ਟੈਸਟ ਦੇ ਨਤੀਜੇ ਵੀ ਲੀਕ ਹੋ ਗਏ ਸਨ।

ਜਸਟਿਸ ਸ਼ਰਮਾ ਨੇ ਕਿਹਾ, 'ਇਹ ਐਲਾਨ ਕੀਤਾ ਜਾਂਦਾ ਹੈ ਕਿ ਇੱਕ ਔਰਤ ਨਜ਼ਰਬੰਦ, ਜਾਂਚ ਅਧੀਨ ਮੁਲਜ਼ਮ, ਜਾਂ ਹਿਰਾਸਤ ਵਿੱਚ, ਭਾਵੇਂ ਨਿਆਂਇਕ ਜਾਂ ਪੁਲਿਸ, ਨਾਲ ਅਜਿਹਾ ਕਰਨਾ ਗੈਰ-ਸੰਵਿਧਾਨਕ ਹੈ ਅਤੇ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੈ, ਜਿਸ ਵਿੱਚ ਸਨਮਾਨ ਦਾ ਅਧਿਕਾਰ ਸ਼ਾਮਲ ਹੈ। ਇਸ ਲਈ, ਇਸ ਅਦਾਲਤ ਦਾ ਵਿਚਾਰ ਹੈ ਕਿ ਇਹ ਟੈਸਟ ਲਿੰਗਵਾਦੀ ਹੈ ਅਤੇ ਮੁਲਜ਼ਮ ਔਰਤ ਦੇ ਮਾਨ-ਸਨਮਾਨ ਦੇ ਮਨੁੱਖੀ ਅਧਿਕਾਰ ਦੀ ਵੀ ਉਲੰਘਣਾ ਹੈ, ਜੇਕਰ ਉਸ ਨੂੰ ਹਿਰਾਸਤ ਦੌਰਾਨ ਅਜਿਹਾ ਟੈਸਟ ਕੀਤਾ ਜਾਂਦਾ ਹੈ।'

ਦੱਸ ਦੇਈਏ ਕਿ ਮਾਮਲਾ 1992 ਦਾ ਹੈ। ਉਸ ਸਮੇਂ ਨਨ ਅਭਯਾ 20 ਸਾਲ ਦੀ ਸੀ। ਉਹ St.Pious Xth Convent, ਕੋਟਾਯਮ ਵਿੱਚ ਰਹਿੰਦੀ ਸੀ। 27 ਮਾਰਚ 1992 ਨੂੰ ਉਸ ਦੀ ਲਾਸ਼ ਖੂਹ ਵਿੱਚੋਂ ਮਿਲੀ। ਕੇਰਲ ਪੁਲਿਸ ਨੇ ਆਪਣੀ ਜਾਂਚ ਵਿੱਚ ਸਵੀਕਾਰ ਕੀਤਾ ਸੀ ਕਿ ਅਭਯਾ ਨੇ ਖੁਦਕੁਸ਼ੀ ਕੀਤੀ ਹੈ। ਪਰ ਜਦੋਂ ਮਾਮਲਾ ਸੀਬੀਆਈ ਤੱਕ ਪਹੁੰਚਿਆ ਤਾਂ ਉਸ ਵਿੱਚ ਕਈ ਖੁਲਾਸੇ ਹੋਏ। ਸੀਬੀਆਈ ਦੀ ਜਾਂਚ ਮੁਤਾਬਕ ਸਿਸਟਰ ਸੇਫੀ ਦੋਸ਼ੀ ਸਾਬਤ ਹੋਈ ਸੀ। ਸੀਬੀਆਈ ਮੁਤਾਬਕ ਨਨ ਸੇਫੀ ਅਤੇ ਮਾਮਲੇ ਦੇ ਦੂਜੇ ਮੁਲਜ਼ਮ ਫਾਦਰ ਕੁੱਟੂਰ ਵਿਚਾਲੇ ਸਰੀਰਕ ਸਬੰਧ ਸਨ। ਇਸ ਨੂੰ ਲੁਕਾਉਣ ਲਈ ਅਭਯਾ ਦਾ ਕਤਲ ਕੀਤਾ ਗਿਆ ਸੀ।

## ਦੁਬਈ ਤੋਂ ਚੱਲ ਰਹੇ ਅੰਤਰਰਾਸ਼ਟਰੀ ਸੱਟੇਬਾਜ਼ੀ ਰੈਕੇਟ ਦਾ ਪਰਦਾਫਾਸ਼, 16 ਗ੍ਰਿਫਤਾਰ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ) – ਨੋਇਡਾ ਪੁਲਿਸ ਨੇ ਦੁਬਈ ਤੋਂ ਸੱਟਾ ਚਲਾਉਣ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਇਸ ਗਿਰੋਹ ਦੇ 16 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਦੀ ਹੁਣ ਤੱਕ ਦੀ ਜਾਂਚ 'ਚ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੇ ਪਿਛਲੇ ਦੋ ਮਹੀਨਿਆਂ 'ਚ ਕਰੀਬ 400 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਹੈ। ਫਿਲਹਾਲ ਪੁਲਸ ਨੇ ਮੁਲਜ਼ਮਾਂ ਦੇ ਵੱਖ-ਵੱਖ ਬੈਂਕ ਖਾਤਿਆਂ 'ਚ ਜਮ੍ਹਾ ਰਕਮ ਨੂੰ ਫਰੀਜ਼ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਕਈ ਮੋਬਾਈਲ ਫ਼ੋਨ, ਸਿਮ ਕਾਰਡ, 12 ਲੈਪਟਾਪ, ਏਟੀਐਮ ਕਾਰਡ, ਪਾਸਪੋਰਟ ਅਤੇ ਕਈ ਜਾਅਲੀ ਦਸਤਾਵੇਜ਼ ਵੀ ਬਰਾਮਦ ਕੀਤੇ ਹਨ।

ਫਿਲਹਾਲ ਗ੍ਰਿਫਤਾਰ ਮੁਲਜ਼ਮਾਂ ਤੋਂ ਪੁੱਛਗਿੱਛ ਦੇ ਆਧਾਰ 'ਤੇ ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਗਿਰੋਹ ਨੇ ਹੁਣ ਤੱਕ ਕਿੰਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਫਿਲਹਾਲ ਪੁਲਿਸ ਇਸ ਗਿਰੋਹ ਦੇ ਸਰਗਨਾ ਸਮੇਤ 9 ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਮੁਲਜ਼ਮਾਂ ਤੋਂ ਪੁੱਛ-ਪੜਤਾਲ ਕਰਨ ਤੋਂ ਬਾਅਦ ਪੁਲੀਸ ਨੂੰ ਇਹ ਸਾਰਾ ਮਾਮਲਾ ਮਨੀ ਲਾਂਡਰਿੰਗ ਅਤੇ ਹਵਾਲਾ ਦਾ ਵੀ ਲੱਗ ਰਿਹਾ ਹੈ। ਇਸ ਲਈ ਨੋਇਡਾ ਪੁਲਿਸ ਨੇ ਐਨਆਈਏ ਅਤੇ ਈਡੀ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਹੈ।



ਨੋਇਡਾ ਪੁਲਿਸ ਜ਼ੋਨ 1 ਦੇ ਡੀਸੀਪੀ ਹਰੀਸ਼ ਚੰਦਰਾ ਨੇ ਕਿਹਾ ਕਿ ਸਾਨੂੰ ਕੁਝ ਦਿਨ ਪਹਿਲਾਂ ਸੂਚਨਾ ਮਿਲੀ ਸੀ ਕਿ ਨੋਇਡਾ ਦੇ ਪੌਸ਼ ਖੇਤਰ ਸੈਕਟਰ 108 ਵਿੱਚ ਕਿਰ-ਾਏ ਦੇ ਮਕਾਨ ਵਿੱਚ ਕੁਝ ਲੋਕ ਸ਼ੱਕੀ ਢੰਗ ਨਾਲ ਰਹਿ ਰਹੇ ਹਨ ਅਤੇ ਇਹ ਸਾਰੇ ਲੋਕ ਪੇਸ਼ੇਵਰ ਤਰੀਕੇ ਨਾਲ ਆਨਲਾਈਨ ਸੱਟੇਬਾਜ਼ੀ ਦਾ ਕਾਰੋਬਾਰ ਚਲਾ ਰਹੇ ਹਨ। ਮਿਲੀ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਛਾਪਾ ਮਾਰ ਕੇ 16 ਲੋਕਾਂ ਨੂੰ ਆਨਲਾਈਨ ਸੱਟਾ ਚਲਾਉਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ।

ਹਰੀਸ਼ ਚੰਦਰ ਨੇ ਦੱਸਿਆ ਕਿ ਜਾਂਚ ਦੌਰਾਨ ਸਾਡੀ ਟੀਮ ਨੂੰ ਪਤਾ ਲੱਗਾ ਹੈ ਕਿ ਮਹਾਦੇਵ ਗੈਂਬਲਿੰਗ ਐਪ ਰਾਹੀਂ ਦੁਬਈ ਤੋਂ ਸੱਟੇਬਾਜ਼ੀ ਕੀਤੀ ਜਾ ਰਹੀ ਹੈ ਅਤੇ ਦੁਬਈ 'ਚ ਬੈਠਾ ਸੌਰਵ ਨਾਂ ਦਾ ਵਿਅਕਤੀ ਇਸ ਪੂਰੇ ਗੈਂਗ ਦਾ ਸਰਗਨਾ ਹੈ। ਜਦਕਿ ਸਚਿਨ ਨਾਂ ਦਾ ਵਿਅਕਤੀ ਨੋਇਡਾ 'ਚ ਇਸ ਅੰਤਰਰਾਸ਼ਟਰੀ ਆਨਲਾਈਨ ਸੱਟੇਬਾਜ਼ੀ ਨੂੰ ਦੇਖ ਰਿਹਾ ਹੈ। ਸਚਿਨ ਫਿਲਹਾਲ ਆਪਣੇ 8 ਸਾਥੀਆਂ ਨਾਲ ਫਰਾਰ ਹੈ। ਜਿਸ ਦੀ ਭਾਲ ਵਿੱਚ ਸਾਡੀਆਂ ਕਈ ਟੀਮਾਂ ਕੰਮ ਕਰ ਰਹੀਆਂ ਹਨ।

ਡੀਸੀਪੀ ਅਨੁਸਾਰ ਮਹਾਦੇਵ ਗੈਂਬਲਿੰਗ ਐਪ ਦੁਬਈ ਤੋਂ ਚਲਾਈ ਜਾ ਰਹੀ ਹੈ। ਜੋ ਭਾਰਤ ਵਿੱਚ ਇਸਦੀ ਫ੍ਰੈਂਚਾਇਜ਼ੀ ਲੈਂਦੇ ਹਨ, ਉਨ੍ਹਾਂ ਨੂੰ ਪਹਿਲਾਂ ਦੁਬਈ ਵਿੱਚ ਸਿਖਲਾਈ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਹੀ ਠੱਗੀ ਦੀ ਇਹ ਖੇਡ ਸ਼ੁਰੂ ਹੁੰਦੀ ਹੈ। ਜਾਂਚ 'ਚ ਪਤਾ ਲੱਗਾ ਹੈ ਕਿ ਮਹਾਦੇਵ ਐਪ ਰਾਹੀਂ ਦੇਸ਼ ਦੇ ਕਈ ਹਿੱਸਿਆਂ 'ਚ ਲੋਕਾਂ ਨਾਲ ਲਗਾਤਾਰ ਧੋਖਾਧੜੀ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਛੱਤੀਸਗੜ੍ਹ ਪੁਲਿਸ ਨੇ ਇੱਕ ਦਿਨ ਪਹਿਲਾਂ ਨੋਇਡਾ ਵਿੱਚ ਵੀ ਛਾਪਾ ਮਾਰ ਕੇ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਪੁਲਸ ਦੀ ਸ਼ੁਰੂਆਤੀ ਜਾਂਚ 'ਚ ਹੁਣ ਤੱਕ ਚਾਰ ਅਰਬ ਰੁਪਏ ਦੇ ਸੱਟੇਬਾਜ਼ੀ ਦੇ ਲੈਣ-ਦੇਣ ਦਾ ਪਤਾ ਲੱਗਾ ਹੈ। ਪੁਲਿਸ ਹੁਣ ਤੱਕ 22 ਖਾਤਿਆਂ 'ਚੋਂ ਮਿਲੇ ਡੇਢ ਕਰੋੜ ਰੁਪਏ ਫਰੀਜ਼ ਕਰ ਚੁੱਕੀ ਹੈ। ਪੁਲਿਸ ਨੂੰ 100 ਖਾਤਿਆਂ ਦੀ ਜਾਣਕਾਰੀ ਮਿਲੀ ਹੈ, ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿਚ ਹਵਾਲਾ ਅਤੇ ਮਨੀ ਲਾਂਡਰਿੰਗ ਦੇ ਇਨਪੁਟ ਮਿਲਣ ਤੋਂ ਬਾਅਦ ਇਸ ਮਾਮਲੇ ਵਿਚ ਐਨਆਈਏ ਅਤੇ ਈਡੀ ਨੂੰ ਪੱਤਰ ਵੀ ਲਿਖਿਆ ਜਾਵੇਗਾ ਤਾਂ ਜੋ ਉਹ ਆਪਣੇ ਪੱਧਰ 'ਤੇ ਇਸ ਦੀ ਜਾਂਚ ਕਰ ਸਕਣ।

## ਬਿਹਾਰ ਦੇ ਸਮਸਤੀਪੁਰ ਵਿਚ ਦੋ ਕਿਲੋਮੀਟਰ ਲੰਬੀ ਰੇਲ ਦੀ ਪਟੜੀ ਲੈ ਉਡੇ ਚੋਰ

ਪਟਨਾ, 9 ਫਰਵਰੀ (ਪੋਸਟ ਬਿਊਰੋ) – ਟ੍ਰੇਨ ਅਤੇ ਰੇਲਵੇ ਸਟੇਸ਼ਨ ਤੋਂ ਕਈ ਚੀਜ਼ਾਂ ਦੀ ਚੋਰੀ ਦੀਆਂ ਘਟਨਾਵਾਂ ਬਾਰੇ ਤੁਸੀ ਸੁਣਿਆ ਹੋਵੇਗਾ। ਪਰ ਬਿਹਾਰ ਦੀ ਸਮਤੀਪੁਰ ਵਿੱਚ ਅਨੋਖੀ ਚੋਰੀ ਦੀ ਘਟਨਾ ਸਾਹਮਣੇ ਆਈ ਹੈ। ਇੱਥੇ ਲਗਭਗ 2 ਕਿਲੋਮੀਟਰ ਲੰਬੇ ਰੇਲ ਟ੍ਰੈਕ ਪੁੱਟ ਕੇ ਚੋਰ ਫਰਾਰ ਹੋ ਗਏ। ਇਸ ਮਾਮਲੇ ਵਿੱਚ ਜੀਆਰਪੀ ਦੇ ਦੋ ਅਧਿਕਾਰੀ ਮੁਅੱਤਲ ਕੀਤੇ ਗਏ ਹਨ। ਇਨ੍ਹਾਂ ਉਤੇ ਸਕ੍ਰੈਪ (ਕਬਾੜ) ਦੇ ਨਾਮ ਉਤੇ ਪਟੜੀ ਵੇਚਣ ਦਾ ਦੋਸ਼ ਹੈ। ਮਾਮਲੇ ਵਿੱਚ ਅੱਗੇ ਦੀ ਜਾਂਚ ਜਾਰੀ ਹੈ।

ਸਮਸਤੀਪੁਰ ਰੇਲ ਮੰਡਲ ਦੇ ਮੈਨੇਜਰ ਅਸ਼ੋਕ ਅਗਰਵਾਲ ਨੇ ਕਿਹਾ ਕਿ ਜਾਚ ਲਈ ਵਿਭਾਗੀ ਪੱਧਰ 'ਤੇ ਜਾਂਚ ਕਮੇਟੀਆਂ ਦਾ ਨਿਰਧਾਰਨ ਕੀਤਾ ਗਿਆ ਹੈ। ਰੇਲਵੇ ਮੰਡਲ ਦੀ ਝੰਜ਼ਾਰਪੁਰ ਆਰਪੀਐਫ ਚੌਕੀ ਪ੍ਰਭਾਰੀ ਸ਼੍ਰੀਨਿਵਾਸ ਅਤੇ ਕਰਮਚਾਰੀ ਮੁਕੇਸ਼ ਕੁਮਾਰ ਸਿੰਘ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।



ਡੀਆਰਐਮ ਅਗਰਵਾਲ ਨੇ ਅੱਗੇ ਕਿਹਾ, "ਅਜਿਹਾ ਦੱਸਿਆ ਗਿਆ ਹੈ ਕਿ ਲਾਈਨ ਦਾ ਇੱਕ ਸਕ੍ਰੈਪ ਬਿਨਾ ਨੀਲਾਮ ਕੀਤੇ ਆਰਪੀਐਫ ਦੀ ਮਿਲੀਭਗਤ ਨਾਲ ਸਕੈਰਪ ਡੀਲਰ ਨੂੰ ਵੇਚਿਆ ਗਿਆ। ਕੇਸ ਨੂੰ ਲੈ ਕੇ ਰੇਲ ਵਿਭਾਗ ਵਿਚ ਹੜਕੰਪ ਮਚਦਾ ਨਜ਼ਰ ਆ ਰਿਹਾ ਹੈ।" ਸਮਸਤੀਪੁਰ ਰੇਲ ਮੰਡਲ ਦੇ ਪੰਡੌਲ ਸਟੇਸ਼ਨ ਤੋਂ ਲੋਹਟ ਚੀਨੀ ਮਿਲ ਤਕ ਰੇਲ ਲਾਈਨ ਵਿਛਾਈ ਗਈ ਸੀ, ਜੋ ਲੰਬੇ ਸਮੇਂ ਤੋਂ ਬੰਦ ਸੀ। ਦਰਭੰਗਾ ਆਰਪੀਐਫ ਪੋਸਟ ਅਤੇ ਰੇਲਵੇ ਵਿਜੀਲੈਂਸ ਦੀ ਟੀਮ ਵਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਭਾਰਤੀ ਮੂਲ ਦੀ ਸਾਂਸਦ ਪ੍ਰਾਮੀਲਾ ਜਯਾਪਾਲ ਇਮੀਗ੍ਰੇਸ਼ਨ ਬਾਰੇ ਕਮੇਟੀ ਵਿਚ ਨਿਯੁਕਤ



ਸੈਕਰਾਮੈਂਟੋ , ਕੈਲੀਫੋਰਨੀਆ 9 ਫਰਵਰੀ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੀ ਸਾਂਸਦ ਪ੍ਰਾਮੀਲਾ ਜਯਾਪਾਲ ਨੂੰ ਇਮੀਗ੍ਰੇਸ਼ਨ ਬਾਰੇ ਸ਼ਕਤੀਸ਼ਾਲੀ ਹਾਊਸ ਜੁਡੀਸ਼ੀਅਰ ਕਮੇਟੀ ਪੈਨਲ ਵਿਚ ਨਿਯੁਕਤ ਕੀਤਾ ਗਿਆ ਹੈ। 57 ਸਾਲਾ ਜਯਾਪਾਲ ਵਾਸ਼ਿੰਗਟਨ ਰਾਜ ਦੇ 7 ਵੇਂ ਡਿਸਟ੍ਰਿਕਟ ਤੋਂ ਪ੍ਰਤੀਨਿੱਧਤਾ ਕਰਦੇ ਹਨ ਤੇ ਉਹ ਜੋ ਲੋਫਗਰਨ ਦੀ ਥਾਂ ਲੈਣਗੇ। ਜਯਾਪਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਟੀ ਤੇ ਇਨਫੋਰਸਮੈਂਟ ਬਾਰੇ ਸਦਨ ਦੀ ਸਬ ਕਮੇਟੀ ਵਿਚ ਰੈਂਕਿੰਗ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।

## ਤੁਰਕੀ ਵਿੱਚ ਫਿਰ ਲੱਗੇ ਭੂਚਾਲ ਦੇ ਝਟਕੇ, ਤੀਬਰਤਾ 5.9 ਮਾਪੀ ਗਈ

ਅੰਕਾਰਾ, 9 ਫਰਵਰੀ (ਪੋਸਟ ਬਿਊਰੋ) - ਤੁਰਕੀ 'ਚ ਫਿਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 5.9 ਮਾਪੀ ਗਈ ਹੈ। ਤੁਰਕੀ ਅਤੇ ਸੀਰੀਆ ਵਿੱਚ ਬੀਤੇ ਦਿਨ ਹੀ ਆਏ ਸ਼ਕਤੀਸ਼ਾਲੀ ਭੂਚਾਲ ਨੇ ਤਬਾਹੀ ਮਚਾਈ ਹੋਈ ਹੈ। ਤੁਰਕੀ ਅਤੇ ਗੁਆਂਢੀ ਸੀਰੀਆ ਵਿੱਚ ਸੋਮਵਾਰ ਨੂੰ ਆਏ 7.8 ਤੀਬਰਤਾ ਦੇ ਸ਼ਕਤੀਸ਼ਾਲੀ ਭੂਚਾਲ ਵਿੱਚ 5000 ਤੋਂ ਵੱਧ ਲੋਕ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋ ਗਏ।

ਭੂਚਾਲ ਕਾਰਨ ਹਜ਼ਾਰਾਂ ਇਮਾਰਤਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਇੱਥੋਂ ਤੱਕ ਕਿ ਕਈ ਇਮਾਰਤਾਂ ਪੂਰੀ ਤਰ੍ਹਾਂ ਮਲਬੇ ਦੇ ਢੇਰ ਵਿੱਚ ਤਬਦੀਲ ਹੋ ਗਈਆਂ। ਹਾਲਾਂਕਿ, ਅਜੇ ਵੀ ਜਾਨੀ ਨੁਕਸਾਨ ਦੇ ਵਧਣ ਦੀ ਸੰਭਾਵਨਾ ਹੈ, ਕਿਉਂਕਿ ਬਚਾਅ ਕਰਮਚਾਰੀ ਅਜੇ ਵੀ ਪ੍ਰਭਾਵਿਤ ਖੇਤਰਾਂ ਵਿੱਚ ਮਲਬੇ ਵਿੱਚ ਫਸੇ ਲੋਕਾਂ ਦੀ ਭਾਲ ਕਰ ਰਹੇ ਹਨ। ਸੋਮਵਾਰ ਨੂੰ 7.8 ਤੀਬਰਤਾ ਦਾ ਪਹਿਲਾ ਭੂਚਾਲ ਆਇਆ। ਇਸ ਤੋਂ ਬਾਅਦ ਦੋ ਹੋਰ ਤੇਜ਼ ਭੂਚਾਲ ਆਏ, ਜਿਨ੍ਹਾਂ ਦੀ ਤੀਬਰਤਾ ਕ੍ਰਮਵਾਰ 7.6 ਅਤੇ 6.0 ਸੀ।

## ਜਾਸੂਸੀ ਗੁਬਾਰਿਆਂ ਦੇ ਡਰੋਂ ਅਮਰੀਕਾ, ਬ੍ਰਿਟੇਨ ਅਤੇ ਹੁਣ ਆਸਟ੍ਰੇਲੀਆ ਹਟਾ ਰਹੇ ਚੀਨੀ ਕੈਮਰੇ

ਵਾਸ਼ਿੰਗਟਨ, 9 ਫਰਵਰੀ (ਪੋਸਟ ਬਿਊਰੋ) - ਪਿਛਲੇ ਹਫ਼ਤੇ ਅਮਰੀਕੀ ਹਵਾਈ ਖੇਤਰ ਵਿੱਚ ਇੱਕ ਚੀਨੀ ਜਾਸੂਸੀ ਗੁਬਾਰਾ ਮਿਲਣ ਤੋਂ ਬਾਅਦ ਹਲਚਲ ਮਚ ਗਈ ਸੀ, ਜਿਸ ਨੂੰ ਬਾਅਦ ਵਿੱਚ ਅਮਰੀਕੀ ਲੜਾਕੂ ਜਹਾਜ਼ਾਂ ਨੇ ਮਾਰ ਸੁੱਟਿਆ ਸੀ। ਪਰ ਚੀਨ 'ਤੇ ਅਜਿਹੀਆਂ ਚਾਲਾਂ ਨਾਲ ਜਾਸੂਸੀ ਕਰਨ ਦਾ ਦੋਸ਼ ਲੱਗਾ ਹੈ। ਹੁਣ ਸੁਰੱਖਿਆ ਖਤਰਿਆਂ ਨੂੰ ਭਾਂਪਦਿਆਂ ਆਸਟ੍ਰੇਲੀਆ ਸਰਕਾਰ ਨੇ ਰੱਖਿਆ ਮੰਤਰਾਲੇ ਦੀਆਂ ਇਮਾਰਤਾਂ 'ਤੇ ਲੱਗੇ ਚੀਨ ਦੇ ਬਣੇ ਕੈਮਰੇ ਹਟਾਉਣ ਦਾ ਫੈਸਲਾ ਕੀਤਾ ਹੈ।

ਆਸਟ੍ਰੇਲੀਆ ਦੇ ਰੱਖਿਆ ਮੰਤਰੀ ਰਿਚਰਡ ਮਾਰਲਸ ਨੇ ਦੱਸਿਆ ਕਿ ਰੱਖਿਆ ਵਿਭਾਗ ਦੀਆਂ ਇਮਾਰਤਾਂ ਤੋਂ ਚੀਨ 'ਚ ਬਣੇ ਕੈਮਰੇ ਹਟਾ ਦਿੱਤੇ ਜਾਣਗੇ। ਉਨ੍ਹਾਂ ਦਾ ਇਹ ਬਿਆਨ ਉਨ੍ਹਾਂ ਰਿਪੋਰਟਾਂ ਵਿਚਾਲੇ ਆਇਆ ਹੈ, ਜਿਨ੍ਹਾਂ 'ਚ ਕਿਹਾ ਜਾ ਰਿਹਾ ਸੀ ਕਿ ਦੇਸ਼ ਦੀਆਂ ਮਹੱਤਵਪੂਰਨ ਇਮਾਰਤਾਂ 'ਤੇ ਚੀਨ ਦੇ ਬਣੇ ਇਨ੍ਹਾਂ ਕੈਮਰੇ ਸੁਰੱਖਿਆ ਲਈ ਖਤਰਾ ਪੈਦਾ ਕਰਦੇ ਹਨ। ਮਾਰਲਸ ਨੇ ਕਿਹਾ ਕਿ ਇਹ ਇਕ ਤਰ੍ਹਾਂ ਦੀ ਸਮੱਸਿਆ ਹੈ। ਅਸੀਂ ਰੱਖਿਆ ਵਿਭਾਗ ਦੀ ਸਾਰੀ ਨਿਗਰਾਨੀ



ਤਕਨੀਕ ਦਾ ਮੁਲਾਂਕਣ ਕਰ ਰਹੇ ਹਾਂ, ਜਿੱਥੇ ਕਿਤੇ ਵੀ ਚੀਨ ਵਿੱਚ ਬਣੇ ਕੈਮਰਿਆਂ ਦਾ ਪਤਾ ਲਗਾਇਆ ਜਾਵੇਗਾ। ਉਨ੍ਹਾਂ ਨੂੰ ਹਟਾ ਦਿੱਤਾ ਜਾਵੇਗਾ।

ਵਿਰੋਧੀ ਧਿਰ ਦੇ ਸੰਸਦ ਮੈਂਬਰ ਜੇਮਸ ਪੈਟਰਸਨ ਨੇ ਕਿਹਾ ਕਿ ਉਨ੍ਹਾਂ ਦੇ ਆਡਿਟ ਵਿੱਚ ਦੋ ਚੀਨੀ ਕੰਪਨੀਆਂ, ਹਾਂਗਜ਼ੂ ਹਾਈਵਿਜ਼ਨ ਡਿਜੀਟਲ ਟੈਕਨਾਲੋਜੀ ਅਤੇ ਦਹੂਆ ਟੈਕਨਾਲੋਜੀ ਦੇ ਲਗਭਗ 1,000 ਕੈਮਰੇ ਆਸਟਰੇਲੀਆ ਵਿੱਚ 250 ਤੋਂ ਵੱਧ ਸਰਕਾਰੀ ਇਮਾਰਤਾਂ ਵਿੱਚ ਲਗਾਏ ਗਏ ਸਨ। ਦੱਸ ਦੇਈਏ ਕਿ ਆਸਟ੍ਰੇਲੀਆ ਤੋਂ ਪਹਿਲਾਂ ਅਮਰੀਕਾ ਅਤੇ ਬ੍ਰਿਟੇਨ ਵੀ ਅਜਿਹਾ ਕਰ ਚੁੱਕੇ ਹਨ। ਪਿਛਲੇ ਸਾਲ ਨਵੰਬਰ 'ਚ ਅਮਰੀਕੀ ਸਰਕਾਰ ਨੇ ਚੀਨੀ ਬ੍ਰਾਂਡਾਂ ਦੇ ਕਈ ਕੈਮਰਿਆਂ ਅਤੇ ਇੰਟਰਫੇਸ 'ਤੇ ਪਾਬੰਦੀ ਲਗਾ ਦਿੱਤੀ ਸੀ। ਯੂਕੇ ਸਰਕਾਰ ਨੇ ਨਵੰਬਰ ਵਿੱਚ ਹੀ ਹਿਕਵਿਜ਼ਨ ਦੁਆਰਾ ਬਣਾਏ ਗਏ ਸੁਰੱਖਿਆ ਕੈਮਰਿਆਂ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ।

ਆਸਟ੍ਰੇਲੀਆ ਸਰਕਾਰ ਦੇ ਇਸ ਕਦਮ ਨੂੰ ਗਲਤ ਦੱਸਦੇ ਹੋਏ ਚੀਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਚੀਨ ਦੀ ਨਿਗਰਾਨੀ ਕੈਮਰਾ ਕੰਪਨੀਆਂ ਪ੍ਰਤੀ ਨਿਰਪੱਖ ਹੋਣਾ ਚਾਹੀਦਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ ਕਿ ਚੀਨੀ ਸਰਕਾਰ ਨੇ ਬਾਜ਼ਾਰ ਦੇ ਸਿਧਾਂਤਾਂ ਅਤੇ ਅੰਤਰਰਾਸ਼ਟਰੀ ਨਿਯਮਾਂ ਦੇ ਅਨੁਸਾਰ ਚੀਨੀ ਕੰਪਨੀਆਂ ਦੁਆਰਾ ਵਿਦੇਸ਼ੀ ਨਿਵੇਸ਼ ਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਹੈ। ਅਸੀਂ ਅਜਿਹੀ ਕਿਸੇ ਵੀ ਪਹੁੰਚ ਦਾ ਵਿਰੋਧ ਕਰਦੇ ਹਾਂ, ਜੋ ਰਾਸ਼ਟਰੀ ਸੁਰੱਖਿਆ ਦੇ ਸੰਕਲਪ ਨੂੰ ਸਾਧਾਰਨ ਬਣਾਉਂਦਾ ਹੈ ਅਤੇ ਜੋ ਚੀਨੀ ਕੰਪਨੀਆਂ ਦੇ ਵਿਰੁੱਧ ਵਿਤਕਰੇ ਵਾਲਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਆਸਟ੍ਰੇਲੀਆ ਚੀਨੀ ਕੰਪਨੀਆਂ ਨੂੰ ਨਿਰਪੱਖ ਅਤੇ ਭੇਦਭਾਵ ਰਹਿਤ ਮਾਹੌਲ ਪ੍ਰਦਾਨ ਕਰੇਗਾ। ਇਸ ਦੇ ਨਾਲ ਹੀ ਅਜਿਹੇ ਕਦਮ ਚੁੱਕੇ ਜਾਣਗੇ ਜਿਸ ਨਾਲ ਦੋਵਾਂ ਧਿਰਾਂ ਵਿਚਾਲੇ ਆਪਸੀ ਵਿਸ਼ਵਾਸ ਅਤੇ ਸਹਿਯੋਗ ਵਧੇਗਾ।

## ਤੁਰਕੀ 'ਚ ਭੂਚਾਲ ਕਾਰਨ ਹੁਣ ਤੱਕ 17 ਹਜਾਰ ਮੌਤਾਂ, ਰਾਸ਼ਟਰਪਤੀ ਨੇ ਸਰਕਾਰ ਦੀ ਪ੍ਰਤੀਕਿਰਿਆ 'ਚ ਕਮੀਆਂ ਨੂੰ ਮੰਨਿਆ

ਅੰਤਾਲਿਆ, 9 ਫਰਵਰੀ (ਪੋਸਟ ਬਿਊਰੋ) -ਤੁਰਕੀ ਅਤੇ ਸੀਰੀਆ 'ਚ ਆਏ ਭਿਆਨਕ ਭੂਚਾਲ ਤੋਂ ਬਾਅਦ ਵੀਰਵਾਰ ਨੂੰ ਤਾਪਮਾਨ ਹੇਠਾਂ ਡਿੱਗਣ ਕਾਰਨ ਕੜਾਕੇ ਦੀ ਠੰਡ ਵਿਚਾਲੇ ਲੋਕਾਂ ਦੀ ਪਰੇਸ਼ਾਨੀ ਵਧ ਗਈ। ਭੂਚਾਲ ਕਾਰਨ 17,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਬਚਾਅ ਕਰਮਚਾਰੀ ਅਜੇ ਵੀ ਮਲਬੇ 'ਚ ਫਸੇ ਅਣਗਿਣਤ ਲੋਕਾਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਸੋਮਵਾਰ ਦੇ 7.8 ਤੀਬਰਤਾ ਵਾਲੇ ਭੂਚਾਲ ਤੋਂ ਮਰਨ ਵਾਲਿਆਂ ਦੀ ਗਿਣਤੀ ਹੁਣ ਤੇਜ਼ੀ ਨਾਲ ਵਧਣ ਦੀ ਉਮੀਦ ਹੈ ਕਿਉਂਕਿ ਬਚਾਅ ਯਤਨਾਂ ਨੂੰ 72 ਘੰਟੇ ਬੀਤ ਚੁੱਕੇ ਹਨ। ਆਫ਼ਤ ਮਾਹਿਰ ਜਾਨਾਂ ਬਚਾਉਣ ਲਈ ਇਸ ਨੂੰ ਵੱਧ ਤੋਂ ਵੱਧ ਸੰਭਵ ਸਮਾਂ ਮੰਨਦੇ ਹਨ।

ਇਹ ਭੂਚਾਲ ਦੁਨੀਆ ਦੇ ਇਸ ਸਦੀ ਦੇ ਸਭ ਤੋਂ ਘਾਤਕ ਭੂਚਾਲਾਂ ਵਿੱਚੋਂ ਇੱਕ ਸੀ। ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਬੁੱਧਵਾਰ ਨੂੰ ਭੂਚਾਲ ਪ੍ਰਤੀ ਆਪਣੀ ਸਰਕਾਰ ਦੇ ਜਵਾਬ ਵਿੱਚ "ਕਮੀਆਂ" ਨੂੰ ਸਵੀਕਾਰ ਕੀਤਾ। ਸਰਕਾਰ 'ਤੇ ਬਚੇ ਹੋਏ ਲੋਕਾਂ ਨੂੰ ਭੋਜਨ ਅਤੇ ਆਸਰਾ ਲਈ ਸੰਘਰਸ਼ ਕਰਨ ਲਈ ਛੱਡਣ ਦਾ ਦੋਸ਼ ਹੈ। ਕੁਝ ਮਾਮਲਿਆਂ ਵਿੱਚ ਲੋਕ



ਪੂਰੀ ਤਰ੍ਹਾਂ ਬੇਵੱਸ ਨਜ਼ਰ ਆਏ। ਉਸ ਦੇ ਰਿਸ਼ਤੇਦਾਰਾਂ ਨੇ ਉਸ ਨੂੰ ਬਚਾਉਣ ਲਈ ਬੁਲਾਇਆ, ਪਰ ਮਦਦ ਦੀ ਅਣਹੋਂਦ ਵਿੱਚ, ਉਹ ਆਖਰਕਾਰ ਮਲਬੇ ਹੇਠਾਂ ਸਦਾ ਲਈ ਚੁੱਪ ਹੋ ਗਏ।

ਤੁਰਕੀ ਦੇ ਹਤਾਏ ਪ੍ਰਾਂਤ ਵਿੱਚ ਇੱਕ ਕਿੰਡਰਗਾਰਟਨ ਅਧਿਆਪਕ ਸੇਮੀਰ ਕੋਬਾਨ ਨੇ ਕਿਹਾ, "ਮੇਰਾ ਭਤੀਜਾ, ਮੇਰੀ ਭਰਜਾਈ ਅਤੇ ਮੇਰੀ ਭਰਜਾਈ ਦੀ ਭੈਣ ਮਲਬੇ ਹੇਠਾਂ ਦੱਬੇ ਹੋਏ ਹਨ। ਉਹ ਖੰਡਰ ਹੇਠਾਂ ਦੱਬੇ ਹੋਏ ਹਨ ਅਤੇ ਜੀਵਨ ਦਾ ਕੋਈ ਨਾਮੋ ਨਿਸ਼ਾਨ ਨਹੀਂ ਹੈ। ਅਸੀਂ ਉਨ੍ਹਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਉਹ ਜਵਾਬ ਨਹੀਂ ਦੇ ਰਹੇ ਹਨ। ਅਸੀਂ ਮਦਦ ਦੀ ਉਡੀਕ ਕਰ ਰਹੇ ਹਾਂ।

ਬਚਾਅ ਕਰਮਚਾਰੀ ਮਲਬੇ ਤੋਂ ਬਚੇ ਲੋਕਾਂ ਨੂੰ ਕੱਢਣਾ ਜਾਰੀ ਰੱਖਦੇ ਹਨ, ਪਰ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜਿਵੇਂ ਕਿ ਸਰਕਾਰ ਦੀ ਔਨਲਾਈਨ ਆਲੋਚਨਾ ਵਧਦੀ ਗਈ, ਏਰ-ਦੋਗਨ ਨੇ ਸਭ ਤੋਂ ਵੱਧ ਪ੍ਰਭਾਵਿਤ ਸਥਾਨਾਂ ਵਿੱਚੋਂ ਇੱਕ, ਕਾਹਰਾਮਨ-ਮਾਰਸ ਦਾ ਦੌਰਾ ਕੀਤਾ। ਉਨ੍ਹਾਂ ਭੂਚਾਲ ਪ੍ਰਤੀ ਸਰਕਾਰ ਦੇ ਜਵਾਬ ਵਿੱਚ ਸਮੱਸਿਆਵਾਂ ਨੂੰ ਸਵੀਕਾਰ ਕੀਤਾ। ਉਨ੍ਹਾਂ ਕਿਹਾ, "ਬੇਸ਼ੱਕ, ਕਮੀਆਂ ਹਨ। ਸਥਿਤੀ ਸਾਫ਼ ਦਿਖਾਈ ਦੇ ਰਹੀ ਹੈ। ਅਜਿਹੀ ਤਬਾਹੀ ਲਈ ਤਿਆਰ ਰਹਿਣਾ ਸੰਭਵ ਨਹੀਂ ਹੈ।"

## ਜੰਗ ਜਾਰੀ ਰਹੀ ਤਾਂ ਪੈਰਿਸ ਉਲੰਪਿਕ ਤੋਂ ਰੂਸ ਨੂੰ ਬਾਹਰ ਕਰ ਸਕਦਾ ਫਰਾਂਸ

ਫਰਾਂਸ, 9 ਫਰਵਰੀ (ਪੋਸਟ ਬਿਊਰੋ) - ਯੂਕਰੇਨ ਨਾਲ ਜੰਗ ਜਾਰੀ ਰਹਿਣ 'ਤੇ ਰੂਸ ਦਾ ਪੈਰਿਸ ਉਲੰਪਿਕ 'ਚ ਹਿੱਸਾ ਲੈਣ ਦਾ ਸੁਪਨਾ ਚਕਨਾਚੂਰ ਹੋ ਸਕਦਾ ਹੈ। ਯੂਕਰੇਨ 'ਤੇ ਹਮਲਾ ਨਾ ਰੋਕਣ ਦੀ ਸੂਰਤ 'ਚ ਫਰਾਂਸ ਨੇ ਰੂਸ ਨੂੰ ਬਾਹਰ ਦਾ ਰਸਤਾ ਦਿਖਾਉਣ ਦਾ ਸੰਕੇਤ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਪੈਰਿਸ ਉਲੰਪਿਕ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਕੁਝ ਦਿਨ ਪਹਿਲਾਂ ਹੀ ਯੂਕਰੇਨ ਨੇ ਇੱਕ ਟਵੀਟ ਕਰਕੇ ਰੂਸ ਨੂੰ ਪੈਰਿਸ ਉਲੰਪਿਕ ਤੋਂ ਬਾਹਰ ਕਰਨ ਦੀ ਅਪੀਲ ਕੀਤੀ ਸੀ। ਯੂਕਰੇਨ ਦੇ ਰੱਖਿਆ ਮੰਤਰਾਲੇ ਨੇ ਟਵੀਟ ਕਰਕੇ ਰੂਸ ਨੂੰ ਪੈਰਿਸ ਉਲੰਪਿਕ ਵਿੱਚ ਨਾ ਖੇਡਣ ਦੇਣ ਦੀ ਕੀਤੀ ਅਪੀਲ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

ਪੈਰਿਸ ਦੇ ਮੇਅਰ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੇਕਰ ਜੰਗ ਜਾਰੀ ਰਹੀ ਤਾਂ ਰੂਸ ਨੂੰ ਉਲੰਪਿਕ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੈਰਿਸ ਦੀ ਮੇਅਰ ਐਨੀ ਹਿਡਾਲਗੋ ਨੇ ਕਿਹਾ ਹੈ ਕਿ ਜੇਕਰ ਰੂਸ ਨੇ ਯੂਕਰੇਨ 'ਤੇ ਹਮਲਾ ਕਰਨਾ ਜਾਰੀ ਰੱਖਿਆ ਤਾਂ ਉਹ ਅਗਲੇ ਸਾਲ ਹੋਣ ਵਾਲੇ ਪੈਰਿਸ ਉਲੰਪਿਕ 'ਚ ਆਪਣੀ ਟੀਮ ਨੂੰ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦੇਵੇਗਾ। ਹਿਡਾਲਗੋ ਨੇ ਪਹਿਲਾਂ ਕਿਹਾ ਸੀ ਕਿ ਰੂਸ ਦੇ ਖਿਡਾਰੀਆਂ ਨੂੰ ਇੱਕ ਨਿਰਪੱਖ ਝੰਡੇ ਹੇਠ ਖੇਡਣ ਦੀ ਇਜਾਜ਼ਤ ਦਿੱਤੀ ਜਾਵੇਗੀ, ਪਰ ਮੰਗਲਵਾਰ ਨੂੰ ਸਥਾਨਕ ਮੀਡੀਆ ਫਰਾਂਸ ਇਨਫੋ ਨਾਲ ਇੱਕ ਇੰਟਰਵਿਊ ਵਿੱਚ ਪਿੱਛੇ ਹਟ ਗਿਆ। ਹਿਡਾਲਗੋ ਨੇ ਸਵੀਕਾਰ ਕੀਤਾ ਕਿ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਇਸ ਮਾਮਲੇ ਵਿੱਚ ਅੰਤਿਮ ਫੈਸਲਾ ਕਰੇਗੀ, ਪਰ ਵਿਸ਼ਵਾਸ ਕੀਤਾ ਕਿ ਰੂਸੀ ਐਥਲੀਟਾਂ 'ਤੇ ਉਦੋਂ ਤੱਕ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਜਦੋਂ ਤੱਕ ਰੂਸ ਯੂਕਰੇਨ ਵਿਰੁੱਧ ਆਪਣੀ ਜੰਗ ਜਾਰੀ ਰੱਖਦਾ ਹੈ। ਉਨ੍ਹਾਂ ਕਿਹਾ ਕਿ ਰੂਸੀ ਵਫ਼ਦ ਲਈ ਇੱਥੇ ਆ ਕੇ ਪਰੇਡ ਵਿਚ ਹਿੱਸਾ ਲੈਣਾ ਸੰਭਵ ਨਹੀਂ ਹੈ ਜਦੋਂ ਕਿ ਯੂਕਰੇਨ 'ਤੇ ਬੰਬਾਂ ਦੀ ਬਾਰਿਸ਼ ਜਾਰੀ ਹੈ।

ਯੂਕਰੇਨ ਨੇ ਪੈਰਿਸ ਉਲੰਪਿਕ ਨੂੰ ਲੈ ਕੇ ਦੋ ਵੱਖ-ਵੱਖ ਟਵੀਟ ਕੀਤੇ ਹਨ। ਪਹਿਲੇ ਟਵੀਟ 'ਚ ਯੂਕਰੇਨ ਨੇ ਲਿਖਿਆ ਹੈ ਕਿ ਕੀ ਤੁਸੀਂ ਪੈਰਿਸ ਉਲੰਪਿਕ 'ਚ ਰੂਸ ਨੂੰ ਦੇਖਣਾ ਚਾਹੁੰਦੇ ਹੋ? ਇਕ ਵੀਡੀਓ 'ਚ ਯੂਕ੍ਰੇਨ ਨੇ ਇਕ ਰੂਸੀ ਖਿਡਾਰੀ ਨੂੰ ਦਿਖਾਇਆ ਹੈ, ਜੋ ਨਿਸ਼ਾਨਾ ਬਣਾ ਰਿਹਾ ਹੈ, ਪਰ ਵੀਡੀਓ 'ਚ ਯੂਕ੍ਰੇਨੀਅਨ ਉਸ ਦੀ ਟੱਕਰ 'ਚ ਹੈ। ਲੋਕਾਂ ਨੂੰ ਮਰਦੇ ਹੋਏ ਦਿਖਾਇਆ ਗਿਆ ਹੈ। ਇਸ ਵੀਡੀਓ ਰਾਹੀਂ ਯੂਕਰੇਨ ਦੁਨੀਆ ਨੂੰ ਸਪੱਸ਼ਟ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਯੂਕਰੇਨੀਆਂ ਦਾ ਖੂਨ ਵਹਾਉਣ ਲਈ ਜ਼ਿੰਮੇਵਾਰ ਰੂਸ ਨੂੰ ਉਲੰਪਿਕ ਖੇਡਾਂ ਤੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ।

ਇਸ ਦੀ ਦੂਜੀ ਵੀਡੀਓ ਵਿੱਚ ਯੂਕਰੇਨ ਨੇ ਪੁਤਿਨ ਨੂੰ ਇੱਕ ਅੰਡਰਸ਼ਰਟ ਵਿੱਚ ਉਲੰਪਿਕ ਟਾਰਚ ਨਾਲ ਦੌੜਦਾ ਦਿਖਾਇਆ। ਇਸ 'ਚ ਪੁਤਿਨ ਦੇ ਪੈਰਾਂ ਹੇਠ ਅਤੇ ਉਨ੍ਹਾਂ ਦੇ ਚਿਹਰੇ, ਹੱਥਾਂ ਅਤੇ ਸਰੀਰ 'ਤੇ ਖੂਨ ਦੇ ਛਿੱਟੇ ਦਿਖਾਈ ਦੇ ਰਹੇ ਹਨ। ਰੂਸ ਦੇ ਚਿੱਟੇ ਝੰਡੇ ਨੂੰ ਵੀ ਖੂਨ ਦੇ ਧੱਬਿਆਂ ਨਾਲ ਲਾਲ ਦਿਖਾਇਆ ਗਿਆ ਹੈ। ਇਸ ਨੂੰ ਇੱਕ ਕਾਰਟੂਨ ਬਣਾਇਆ ਗਿਆ ਹੈ ਅਤੇ ਇਸ ਵਿੱਚ 'ਬਲੱਡੀ ਉਲੰਪਿਕ' ਲਿਖਿਆ ਗਿਆ ਹੈ।

## ਕੈਲੀਫੋਰਨੀਆ ਦੇ ਪਾਰਕ ਵਿੱਚੋਂ ਛਤਰਪਤੀ ਸ਼ਿਵਾਜੀ ਦੀ ਮੂਰਤੀ ਚੋਰੀ



ਕੈਲੀਫੋਰਨੀਆ, 9 ਫਰਵਰੀ (ਪੋਸਟ ਬਿਊਰੋ) - ਉੱਤਰੀ ਅਮਰੀਕਾ ਵਿਚ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਇਕਲੌਤੀ ਮੂਰਤੀ ਕੈਲੀਫੋਰਨੀਆ ਦੇ ਸੈਨ ਜੋਸ ਦੇ ਇਕ ਪਾਰਕ ਵਿਚੋਂ ਚੋਰੀ ਹੋ ਗਈ। ਸੈਨ ਜੋਸ ਪਾਰਕ ਦੇ ਵਿਭਾਗ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ। ਟਵੀਟ 'ਚ ਕਿਹਾ ਗਿਆ ਕਿ ਸਾਨੂੰ ਆਪਣੇ ਭਾਈਚਾਰੇ ਨੂੰ ਇਹ ਦੱਸਦੇ ਹੋਏ ਅਫਸੋਸ ਹੈ ਕਿ ਗੁਆਡਾਲੁਪੇ ਰਿਵਰ ਪਾਰਕ 'ਚ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਗਾਇਬ ਹੈ। ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਕਦੋਂ ਚੋਰੀ ਹੋਈ ਹੈ।

ਇਹ ਮੂਰਤੀ ਪੁਣੇ ਤੋਂ ਤੋਹਫੇ ਵਜੋਂ ਦਿੱਤੀ ਗਈ ਸੀ। ਉੱਤਰੀ ਅਮਰੀਕਾ ਵਿੱਚ ਮਰਾਠਾ ਸ਼ਾਸਕ ਦੀ ਇਹ ਇੱਕੋ ਇੱਕ ਮੂਰਤੀ ਸੀ। ਟਵੀਟ ਵਿੱਚ ਲਿਖਿਆ ਗਿਆ ਕਿ ਇਸ ਘਟਨਾ ਤੋਂ ਬਾਅਦ ਸ਼ਹਿਰ ਬਹੁਤ ਦੁਖੀ ਹੈ। ਵਿਭਾਗ ਨੇ ਇੱਕ ਟਵੀਟ ਵਿੱਚ ਕਿਹਾ, "ਅਸੀਂ ਇਹ ਪਤਾ ਲਗਾਉਣ ਲਈ ਕਮਿਊਨਿਟੀ ਨੇਤਾਵਾਂ ਨਾਲ ਕੰਮ ਕਰ ਰਹੇ ਹਾਂ ਅਤੇ ਜਿੰਨੀ ਜਲਦੀ ਹੋ ਸਕੇ ਮੂਰਤੀ ਨੂੰ ਵਾਪਸ ਲਿਆ ਜਾਵੇਗਾ।" ਵਿਭਾਗ ਨੇ ਕਿਹਾ ਕਿ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ ਅਤੇ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ।

## ਅਮਰੀਕਾ ਨੇ ਚੀਨ ਨੂੰ 'ਜਾਸੂਸੀ ਗੁਬਾਰੇ' ਦੇ ਅਵਸ਼ੇਸ਼ ਵਾਪਿਸ ਕਰਨ ਤੋਂ ਕੀਤਾ ਇਨਕਾਰ

ਵਾਸ਼ਿੰਗਟਨ, 9 ਫਰਵਰੀ (ਪੋਸਟ ਬਿਊਰੋ) - ਕਥਿਤ ਜਾਸੂਸੀ ਗੁਬਾਰੇ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਅਮਰੀਕਾ ਨੇ ਚੀਨ ਦੇ ਜਾਸੂਸੀ ਗੁਬਾਰੇ ਦੇ ਅਵਸ਼ੇਸ਼ ਉਸ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਗੁਬਾਰੇ ਨੂੰ ਸ਼ਨੀਵਾਰ ਨੂੰ ਦੱਖਣੀ ਕੈਰੋਲੀਨਾ 'ਚ ਅਟਲਾਂਟਿਕ ਮਹਾਸਾਗਰ ਦੇ ਤੱਟ 'ਤੇ ਹੇਠਾਂ ਸੁੱਟਿਆ ਗਿਆ। ਅਮਰੀਕੀ ਫੌਜ ਨੇ ਚੀਨੀ ਜਾਸੂਸੀ ਗੁਬਾਰੇ ਦੇ ਅਵਸ਼ੇਸ਼ਾਂ ਨੂੰ ਇਕੱਠਾ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ, ਜੋ ਪਿਛਲੇ ਹਫਤੇ ਕਈ ਦਿਨਾਂ ਤੋਂ ਮੋਂਟਾਨਾ ਤੋਂ ਦੱਖਣੀ ਕੈਰੋਲੀਨਾ ਤੱਕ ਅਮਰੀਕਾ ਦੇ ਅਸਮਾਨ ਵਿੱਚ ਉੱਡਦਾ ਦੇਖਿਆ ਗਿਆ ਸੀ। ਗੁਬਾਰੇ ਬਾਰੇ ਮਿਲੀ ਸ਼ੁਰੂਆਤੀ ਜਾਣਕਾਰੀ ਦੇ ਆਧਾਰ 'ਤੇ ਵ੍ਹਾਈਟ ਹਾਊਸ ਨੇ ਸੋਮਵਾਰ ਨੂੰ ਪੂਰੇ ਭਰੋਸੇ ਨਾਲ ਕਿਹਾ ਕਿ ਇਹ ਜਾਸੂਸੀ ਗੁਬਾਰਾ ਸੀ। ਅਧਿਕਾਰੀਆਂ ਨੇ ਕਿਹਾ ਕਿ ਇਸ ਨੇ ਅੰਤਰਰਾਸ਼ਟਰੀ ਨਿਯਮਾਂ ਅਤੇ ਦੇਸ਼ਾਂ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ। ਹਾਲਾਂਕਿ ਚੀਨ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ



ਨਕਾਰ ਰਿਹਾ ਹੈ।

ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ, "ਮੈਨੂੰ ਇਸ ਨੂੰ ਵਾਪਸ ਕਰਨ ਦੇ ਕਿਸੇ ਇਰਾਦੇ ਜਾਂ ਯੋਜਨਾ ਬਾਰੇ ਨਹੀਂ ਪਤਾ ਹੈ।" ਉਨ੍ਹਾਂ ਕਿਹਾ ਕਿ ਅਮਰੀਕੀ ਫੌਜ ਨੇ ਸਮੁੰਦਰ 'ਚੋਂ ਕੁਝ ਅਵਸ਼ੇਸ਼ ਬਰਾਮਦ ਕੀਤੇ ਹਨ ਅਤੇ ਉਹ ਅਜੇ ਵੀ ਸਮੁੰਦਰ 'ਚ ਉਨ੍ਹਾਂ ਦੀ ਭਾਲ ਕਰ ਰਹੇ ਹਨ। ਸ਼ਨੀਵਾਰ ਨੂੰ ਇੱਕ ਲੜਾਕੂ ਜਹਾਜ਼ ਦੁਆਰਾ ਗੁਬਾਰੇ ਨੂੰ ਗੋਲੀ ਮਾਰਨ ਤੋਂ ਪਹਿਲਾਂ, ਕਿਰਬੀ ਨੇ ਕਿਹਾ ਕਿ ਇਸ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਇਕੱਠੀ ਕੀਤੀ ਗਈ ਸੀ। ਉੱਤਰੀ ਕਮਾਂਡ ਦੇ ਕਮਾਂਡਰ ਜਨਰਲ ਗਲੇਨ ਵੈਨਹਰਕ ਮੁਤਾਬਕ ਗੁਬਾਰਾ 200 ਫੁੱਟ ਦੀ ਉਚਾਈ 'ਤੇ ਸੀ। ਇਸ ਵਿੱਚ ਕਈ ਹਜ਼ਾਰ ਪੌਂਡ ਦਾ ਇੱਕ ਪੇਲੋਡ ਹੁੰਦਾ ਹੈ, ਖਾਸ ਤੌਰ 'ਤੇ ਇੱਕ ਖੇਤਰੀ ਜੈੱਟ ਜਹਾਜ਼ ਦਾ ਆਕਾਰ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕਰਿਨ ਜੀਨ ਪੀਅਰੇ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡਨ ਨੇ ਫੌਜੀ, ਖੁਫੀਆ ਕਮਿਊਨਿਟੀ ਨੂੰ ਗੁਬਾਰੇ ਬਾਰੇ ਜਾਣਕਾਰੀ ਇਕੱਠੀ ਕਰਨ ਦੇ ਨਿਰਦੇਸ਼ ਦਿੱਤੇ ਹਨ, ਤਾਂ ਜੋ ਉਹ ਚੀਨ ਦੀਆਂ ਸਮਰੱਥਾਵਾਂ ਬਾਰੇ ਵੱਧ ਤੋਂ ਵੱਧ ਜਾਣ ਸਕਣ। ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਚੀਨ ਜਾਣਦਾ ਹੈ ਕਿ ਇਹ ਕੀ ਹੈ। ਅਮਰੀਕੀ ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਚੀਨੀ ਜਾਸੂਸੀ ਵਿਰੁੱਧ ਰੱਖਿਆਤਮਕ ਤਰੀਕਿਆਂ ਦੀ ਤਾਕਤ ਨੂੰ ਸੁਧਾਰਨ ਲਈ ਰਾਸ਼ਟਰਪਤੀ ਜੋ ਬਾਈਡਨ ਦੇ ਆਦੇਸ਼ਾਂ ਨਾਲ ਗੁਬਾਰੇ ਨੂੰ ਫੜ੍ਹਿਆ ਗਿਆ ਸੀ।

## ਕੈਲੀਫੋਰਨੀਆ ਵਿਚ ਮਾਂ ਤੇ 10 ਮਹੀਨਿਆਂ ਦੇ ਬੱਚੇ ਸਮੇਤ ਹੋਈਆਂ 6 ਹੱਤਿਆਵਾਂ ਦੇ ਮਾਮਲੇ ਵਿਚ 2 ਸ਼ੱਕੀ ਗ੍ਰਿਫਤਾਰ

* ਹੱਤਿਆਵਾਂ ਗਿਰੋਹਾਂ ਦੀ ਆਪਸੀ ਦੁਸ਼ਮਣੀ ਦਾ ਸਿੱਟਾ : ਪੁਲਿਸ



ਸੈਕਰਾਮੈਂਟੋ, ਕੈਲੀਫੋਰਨੀਆ, 9 ਫਰਵਰੀ (ਹੁਸਨ ਲੜੋਆ ਬੰਗਾ)- ਪਿਛਲੇ ਮਹੀਨੇ ਕੇਂਦਰੀ ਕੈਲੀਫੋਰਨੀਆ ਦੇ ਗੋਸ਼ਨ ਕਸਬੇ ਵਿਚ ਨਬਾਲਗ ਮਾਂ ਤੇ ਉਸ ਦੇ 10 ਮਹੀਨਿਆਂ ਦੇ ਲੜਕੇ ਸਮੇਤ ਮਾਰੇ ਗਏ ਇਕ ਪਰਿਵਾਰ ਦੇ 6 ਜੀਆਂ ਦੇ ਮਾਮਲੇ ਵਿਚ ਪੁਲਿਸ ਵੱਲੋਂ 2 ਸ਼ੱਕੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਟੂਲੇਰ ਕਾਊਂਟੀ ਦੇ ਸ਼ੈਰਿਫ ਮਾਈਕ ਬੌਡਰੀਅਕਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਐਂਜਲ ਉਰੀਅਰਟ (35) ਤੇ ਨੋਆਹ ਬੀਅਰਡ (25) ਸ਼ਾਮਿਲ ਹਨ ਜੋ ਨਾਰਟੀਨੋ ਗਿਰੋਹ ਦੇ ਮੈਂਬਰ ਹਨ। ਉਨਾਂ ਕਿਹਾ ਕਿ ਇਹ ਹੱਤਿਆਵਾਂ ਸੰਭਾਵੀ ਤੌਰ ਤੇ ਨਾਰਟੀਨੋ ਤੇ ਸੂਰੇਨੋਸ ਗਿਰੋਹ ਦੀ ਆਪਸੀ ਦੁਸ਼ਮਣੀ ਦਾ ਸਿੱਟਾ ਹੈ।

ਸ਼ੈਰਿਫ ਅਨੁਸਾਰ ਸ਼ੱਕੀ ਦੋਸ਼ੀਆਂ ਤੇ ਪੀੜਤਾਂ ਦਾ ਗੰਨ ਹਿੰਸਾ ਦਾ ਪੁਰਾਣਾ ਰਿਕਾਰਡ ਹੈ। ਉਹ ਵੱਡੀ ਪੱਧਰ ਤੇ ਗਿਰੋਹ ਹਿੰਸਾ, ਗੰਨ ਹਿੰਸਾ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਿਲ ਰਹੇ ਹਨ। ਏ ਟੀ ਐਫ ਦੇ ਕਾਰਜਕਾਰੀ ਇੰਚਾਰਜ ਜੋਸ਼ੂਆ ਜੈਕਸਨ ਅਨੁਸਾਰ ਗ੍ਰਿਫਤਾਰੀ ਸਮੇ ਸ਼ੱਕੀ ਉਰੀਅਰਟ ਏ ਟੀ ਐਫ ਜਵਾਨਾਂ ਨਾਲ ਹੋਈ ਗੋਲੀਬਾਰੀ ਦੌਰਾਨ ਜਖਮੀ ਹੋ ਗਿਆ ਸੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਸ ਦੀ ਹਾਲਤ ਸਥਿੱਰ ਹੈ ਜਦ ਕਿ ਦੂਸਰੇ ਸ਼ੱਕੀ ਬੀਅਰਡ ਨੂੰ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪਰਿਵਾਰ ਦੇ ਮਾਰੇ ਗਏ 6 ਜੀਆਂ ਵਿਚ ਰੋਸਾ ਪਰਾਜ਼ (72), ਈਲੀਸਾ ਪਾਰਾਜ਼ (16), 10 ਮਹੀਨਿਆਂ ਦਾ ਬੱਚਾ ਨਿਕੋਲਸ ਪਰਾਜ਼, ਮਾਰਕੋਸ ਪਰਾਜ਼ (19), ਈਲਾਡੀਓ ਪਰਾਜ਼ ਜੂਨੀਅਰ (52) ਤੇ ਜੈਨੀਫਰ ਅਨਾਲਾ (50) ਸ਼ਾਮਿਲ ਸਨ।

## ਰਾਹਤ ਸਮੱਗਰੀ ਲੈ ਕੇ ਤੁਰਕੀ ਜਾ ਰਹੇ ਭਾਰਤੀ ਜਹਾਜ ਨੂੰ ਪਾਕਿਸਤਾਨ ਨੇ ਨਹੀਂ ਦਿੱਤਾ ਰਸਤਾ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ) - ਪਾਕਿਸਤਾਨ ਨੇ ਭੂਚਾਲ ਪ੍ਰਭਾਵਿਤ ਤੁਰਕੀ 'ਚ ਰਾਹਤ ਸਮੱਗਰੀ ਲੈ ਕੇ ਜਾ ਰਹੇ ਭਾਰਤੀ ਜਹਾਜ਼ਾਂ ਨੂੰ ਹਵਾਈ ਖੇਤਰ ਨਹੀਂ ਦਿੱਤਾ, ਜਿਸ ਕਾਰਨ ਉਸ ਨੂੰ ਕਈ ਚੱਕਰ ਲਗਾ ਕੇ ਦੂਜੇ ਰਸਤੇ ਤੋਂ ਤੁਰਕੀ 'ਚ ਉਤਰਨਾ ਪਿਆ। ਪਾਕਿ-ਸਤਾਨ ਦੀ ਇਸ ਹਰਕਤ ਨੇ ਪੂਰੀ ਦੁਨੀਆ 'ਚ ਪਾਕਿਸਤਾਨ ਦਾ ਅਕਸ ਖਰਾਬ ਕੀਤਾ ਹੈ। ਇਸ ਦੇ ਨਾਲ ਹੀ ਤੁਰਕੀ ਨੇ ਭਾਰਤ ਦੀ ਮਦਦ ਦੀ ਸ਼ਲਾਘਾ ਕੀਤੀ ਹੈ ਅਤੇ ਭਾਰਤ ਨੂੰ ਸੱਚਾ ਦੋਸਤ ਕਿਹਾ ਹੈ। ਭਾਰਤ ਵਿੱਚ ਤੁਰਕੀ ਦੇ ਰਾਜਦੂਤ ਫਿਰਤ ਸੁਨੇਲ ਨੇ ਭਾਰਤ ਸਰਕਾਰ ਦੀ ਤਰਫੋਂ ਇਸ ਮਦਦ ਲਈ ਧੰਨਵਾਦ ਕੀਤਾ ਹੈ।

ਫਿਰਤ ਸੁਨੇਲ ਨੇ ਟਵਿੱਟਰ 'ਤੇ ਲਿਖਿਆ, 'ਦੋਸਤ ਤੁਰਕੀ ਅਤੇ ਹਿੰਦੀ ਵਿੱਚ ਇੱਕ ਸਾਂਝਾ ਸ਼ਬਦ ਹੈ। ਸਾਡੀ ਇੱਕ ਤੁਰਕਿਸ਼ ਕਹਾਵਤ ਹੈ ਕਿ ਲੋੜ ਸਮੇਂ ਕੰਮ ਆਉਣ ਵਾਲਾ ਦੋਸਤ ਹੀ ਸੱਚਾ ਦੋਸਤ ਹੁੰਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।' ਇਸ ਤੋਂ ਪਹਿਲਾਂ ਸੋਮਵਾਰ ਨੂੰ, ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਤੁਰਕੀ ਦੇ

ਦੂਤਾਵਾਸ ਗਏ ਅਤੇ ਸੋਗ ਪ੍ਰਗਟ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ




ਨਰਿੰਦਰ ਮੋਦੀ ਦੀ ਹਮਦਰਦੀ ਵੀ ਪ੍ਰਗਟਾਈ।

ਪ੍ਰਧਾਨ ਮੰਤਰੀ ਦਫ਼ਤਰ ਦੀ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਕਿ ਐਨਡੀਆਰਐਫ ਮੈਡੀਕਲ ਟੀਮਾਂ ਅਤੇ ਰਾਹਤ ਸਮੱਗਰੀ ਦੇ ਨਾਲ ਬਚਾਅ ਟੀਮਾਂ ਨੂੰ ਤੁਰੰਤ ਤੁਰਕੀ ਭੇਜਿਆ ਜਾਵੇਗਾ। ਪ੍ਰਧਾਨ ਮੰਤਰੀ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ, ਐਨਡੀਆਰਐਫ ਦੀਆਂ ਦੋ ਟੀਮਾਂ, ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕੁੱਤਿਆਂ ਦੀ ਟੀਮ ਅਤੇ ਲੋੜੀਂਦੇ ਉਪਕਰਣਾਂ ਨਾਲ 100 ਕਰਮਚਾਰੀਆਂ ਨੂੰ ਰਾਹਤ ਅਤੇ ਬਚਾਅ ਲਈ ਤੁਰਕੀ ਭੇਜਿਆ ਜਾ ਰਿਹਾ ਹੈ।

ਦੱਸ ਦੇਈਏ ਕਿ ਭੂਚਾਲ ਤੋਂ ਪ੍ਰਭਾਵਿਤ ਤੁਰਕੀ ਦੇ ਰਾਹਤ ਅਤੇ ਬਚਾਅ ਕਾਰਜਾਂ 'ਚ ਮਦਦ ਲਈ ਐਨਡੀਆਰਐਫ ਦੀ ਟੀਮ ਮੰਗਲਵਾਰ ਨੂੰ ਤੁਰਕੀ ਪਹੁੰਚੀ ਹੈ। ਤੁਰਕੀ ਵਿੱਚ 7.8 ਤੀਬਰਤਾ ਦੇ ਸ਼ਕਤੀਸ਼ਾਲੀ ਭੂਚਾਲ ਕਾਰਨ 4500 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਦਿੱਲੀ ਦੇ ਨੇੜੇ ਸਥਿਤ ਗਾਜ਼ੀਆਬਾਦ ਅਤੇ ਕੋਲਕਾਤਾ ਤੋਂ ਦੋ ਟੀਮਾਂ ਦੇ ਕੁੱਲ 101 ਕਰਮਚਾਰੀਆਂ ਨੂੰ ਸਾਜ਼ੋ-ਸਾਮਾਨ ਸਮੇਤ ਭਾਰਤੀ ਹਵਾਈ ਸੈਨਾ ਦੇ ਜੀ-17 ਜਹਾਜ਼ਾਂ ਵਿੱਚ ਤੁਰਕੀ ਭੇਜਿਆ ਗਿਆ। ਇਹ ਭਾਰਤ ਸਰਕਾਰ ਦੁਆਰਾ ਭੂਚਾਲ ਪ੍ਰਭਾਵਿਤ ਤੁਰਕੀ ਅਤੇ ਗੁਆਂਢੀ ਖੇਤਰਾਂ ਲਈ ਸੋਮਵਾਰ ਨੂੰ ਘੋਸ਼ਿਤ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ (ਐਚਏਡੀਆਰ) ਯਤਨਾਂ ਦਾ ਹਿੱਸਾ ਹੈ। ਟੀਮਾਂ ਮਲਬੇ ਹੇਠਾਂ ਫਸੇ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰਨਗੀਆਂ ਅਤੇ ਸਥਾਨਕ ਅਧਿਕਾਰੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨਗੀਆਂ।

## ਭੂਚਾਲ ਦੀ ਤਬਾਹੀ ਦਾ ਆਈਐਸ ਅੱਤਵਾਦੀਆਂ ਨੇ ਲਿਆ ਫਾਇਦਾ, 20 ਅੱਤਵਾਦੀ ਜੇਲ 'ਚੋਂ ਫਰਾਰ




ਅੰਕਾਰਾ, 9 ਫਰਵਰੀ (ਪੋਸਟ ਬਿਊਰੋ) - ਤੁਰਕੀ ਵਿੱਚ ਸੋਮਵਾਰ ਨੂੰ ਆਏ ਭੂਚਾਲ ਨੇ ਸੀਰੀਆ ਵਿੱਚ ਵੀ ਭਾਰੀ ਤਬਾਹੀ ਮਚਾਈ ਹੈ। ਸੀਰੀਆ ਵਿੱਚ ਹੁਣ ਤੱਕ 2100 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ 1,444 ਲੋਕਾਂ ਦੀ ਮੌਤ ਸਰਕਾਰ ਦੇ ਕੰਟਰੋਲ ਵਾਲੇ ਇਲਾਕਿਆਂ ਵਿੱਚ ਹੋਈ ਹੈ। ਜਦੋਂ ਕਿ ਵਿਦਰੋਹੀਆਂ ਦੇ ਕਬਜ਼ੇ ਵਾਲੇ ਸੀਰੀਆ ਦੇ ਇਲਾਕੇ ਵਿੱਚ 733 ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਸੀਰੀਆ 'ਚ ਭੂਚਾਲ ਕਾਰਨ ਸੈਂਕੜੇ ਇਮਾਰਤਾਂ ਵੀ ਤਬਾਹ ਹੋ ਗਈਆਂ। ਇਸ ਦੌਰਾਨ ਉੱਤਰੀ-ਪੱਛਮੀ ਸੀਰੀਆ ਵਿੱਚ ਇੱਕ ਜੇਲ੍ਹ ਦੀਆਂ ਕੰਧਾਂ ਵੀ ਢਹਿ ਗਈਆਂ। ਇਸ ਤੋਂ ਬਾਅਦ ਕੈਦੀਆਂ ਨੇ ਜੇਲ੍ਹ ਵਿੱਚ ਬਗਾਵਤ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਭੂਚਾਲ ਦਾ ਫਾਇਦਾ ਉਠਾ ਕੇ ਆਈਐਸ ਦੇ 20 ਅੱਤਵਾਦੀ ਫਰਾਰ ਹੋ ਗਏ।

ਤੁਰਕੀ ਦੀ ਸਰਹੱਦ ਨੇੜੇ ਰਾਜੋ ਦੀ ਜੇਲ੍ਹ ਵਿੱਚ ਕਰੀਬ 2000 ਕੈਦੀ ਬੰਦ ਹਨ। ਇਨ੍ਹਾਂ 'ਚੋਂ ਕਰੀਬ 1,300 ਆਈਐਸ ਦੇ ਅੱਤਵਾਦੀ ਹਨ। ਜੇਲ੍ਹ ਵਿੱਚ ਕੁਰਦ ਲੜਾਕੇ ਵੀ ਹਨ। ਜੇਲ 'ਤੇ ਤੁਰਕੀ ਸਮਰਥਕ ਸਮੂਹ ਦਾ ਕੰਟਰੋਲ ਹੈ। ਤੁਰਕੀ ਵਿੱਚ ਭੂਚਾਲ ਨੇ ਰਾਜੋ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜੇਲ੍ਹ ਦੀਆਂ ਕੰਧਾਂ ਡਿੱਗ ਗਈਆਂ। ਇਸ ਤੋਂ ਬਾਅਦ ਇੱਥੋਂ ਦੀ ਜੇਲ੍ਹ ਵਿੱਚ ਬੰਦ ਕੈਦੀਆਂ ਨੇ ਬਗਾਵਤ ਸ਼ੁਰੂ ਕਰ ਦਿੱਤੀ ਅਤੇ ਜੇਲ੍ਹ ਦੇ ਕੁਝ ਹਿੱਸੇ 'ਤੇ ਕਬਜ਼ਾ ਕਰ ਲਿਆ।

ਇਸ ਦੌਰਾਨ 20 ਆਈਐਸ ਅੱਤਵਾਦੀ ਭੱਜਣ ਵਿੱਚ ਕਾਮਯਾਬ ਹੋ ਗਏ। ਇਸ ਤੋਂ ਪਹਿਲਾਂ ਦਸੰਬਰ ਵਿੱਚ ਆਈਐਸ ਨੇ ਰੱਕਾ ਵਿੱਚ ਇੱਕ ਸੁਰੱਖਿਆ ਕੰਪਲੈਕਸ ਉੱਤੇ ਹਮਲਾ ਕੀਤਾ ਸੀ। ਇਹ ਹਮਲਾ ਆਈਐਸ ਦੇ ਅੱਤਵਾਦੀਆਂ ਨੂੰ ਜੇਲ੍ਹ ਤੋਂ ਛੁਡਾਉਣ ਲਈ ਕੀਤਾ ਗਿਆ ਸੀ। ਇਸ ਹਮਲੇ ਨੂੰ ਨਾਕਾਮ ਕਰਦੇ ਹੋਏ 6 ਕੁਰਦਿਸ਼ ਲੜਾਕੇ ਮਾਰੇ ਗਏ। ਸੀਰੀਆ ਵਿੱਚ 2011 ਤੋਂ ਗ੍ਰਹਿ ਯੁੱਧ ਚੱਲ ਰਿਹਾ ਹੈ। ਇਨ੍ਹਾਂ 'ਚ ਕਰੀਬ 5 ਲੱਖ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਸੀਰੀਆ ਦੀ ਅੱਧੀ ਆਬਾਦੀ ਨੂੰ ਆਪਣੇ ਘਰ ਛੱਡਣੇ ਪਏ ਹਨ। ਇਨ੍ਹਾਂ ਵਿੱਚੋਂ ਕਈਆਂ ਨੇ ਤੁਰਕੀ ਵਿੱਚ ਸ਼ਰਨ ਲਈ ਹੈ।

# ਰਿਹਾਇਸ਼ੀ ਇਮਾਰਤ ਵਿੱਚ ਲੱਗੀ ਅੱਗ, ਦੋ ਦੀ ਹਾਲਤ ਨਾਜ਼ੁਕ



ਟੋਰਾਂਟੋ, 9 ਫਰਵਰੀ (ਪੋਸਟ ਬਿਊਰੋ) : ਲੈਜ਼ਲੀਵਿੱਲ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗ ਜਾਣ ਕਾਰਨ ਦੋ ਵਿਅਕਤੀਆਂ ਦੀ ਹਾਲਤ ਗੰਭੀਰ ਹੋ ਗਈ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਰਾਤੀਂ 2:47 ਦੇ ਨੇੜੇ ਤੇੜੇ ਲੋਗਨ ਐਵਨਿਊ ਨੇੜੇ 502 ਈਸਟਰਨ ਐਵਨਿਊ ਉੱਤੇ ਸਥਿਤ ਚਾਰ ਮੰਜ਼ਿਲਾ ਇਮਾਰਤ ਵਿੱਚ ਅੱਗ ਲੱਗ ਜਾਣ ਤੋਂ ਬਾਅਦ ਫਾਇਰਫਾਈਟਰਜ਼ ਨੂੰ ਸੱਦਿਆ ਗਿਆ। ਫਾਇਰਫਾਈਟਰਜ਼ ਨੇ ਇਮਾਰਤ ਦੀ ਦੂਜੀ ਮੰਜ਼ਿਲ ਦੇ ਇੱਕ ਫਲੈਟ ਵਿੱਚੋਂ ਸੰਘਣਾਂ ਧੂੰਆਂ ਨਿਕਲਦਾ ਵੇਖਿਆ। ਉਹ ਦਰਵਾਜ਼ਾ ਤੋੜ ਕੇ ਅਪਾਰਟਮੈਂਟ ਵਿੱਚ ਦਾਖਲ ਹੋਏ ਤੇ ਫਿਰ ਅੱਗ ਉੱਤੇ ਕਾਬੂ ਪਾਉਣ ਵਿੱਚ ਕਾਮਯਾਬ ਰਹੇ।

ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਧੂੰਆਂ ਚੜ੍ਹ ਜਾਣ ਕਾਰਨ ਦੋ ਵਿਅਕਤੀਆਂ ਨੂੰ ਹਸਪਤਾਲ ਲਿਜ-ਾਇਆ ਗਿਆ। ਦੋਵਾਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਫਾਇਰਫਾਈਟਰਜ਼ ਨੇ ਦੱਸਿਆ ਕਿ ਉਹ ਮੌਕੇ ਉੱਤੇ ਹੀ ਰਹਿ ਕੇ ਸਥਿਤੀ ਦਾ ਮੁਆਇਨਾ ਕਰ ਰਹੇ ਹਨ ਤਾਂ ਕਿ ਅੱਗ ਉੱਤੇ ਪੂਰੀ ਤਰ੍ਹਾਂ ਕਾਬੂ ਪਾਇਆ ਜਾ ਸਕੇ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਅੱਗ ਕਿਵੇਂ ਲੱਗੀ।

# ਬੇਅੰਤ ਕੌਰ ਗਿੱਲ ਦਾ ਨਾਵਲ ਤਬਾਦਲਾ ਲੋਕ ਅਰਪਣ

ਮੋਗਾ, 9 ਫਰਵਰੀ(ਪੋਸਟ ਬਿਊਰੋ: ਲੇਖਿਕਾ ਤੇ ਲੋਕ ਸਾਹਿਤ ਅਕਾਦਮੀ ਦੀ ਜਨਰਲ ਸਕੱਤਰ ਬੀਬੀਬਬੇਅੰਤ ਕੌਰ ਗਿੱਲ ਦਾ ਨਵਾਂ ਨਾਵਲ "ਤਬਾਦਲ" ਬੁਘੀਪੁਰਾ ਚੌਕ ਵਿਚ ਇਕ ਹੋਟਲ ਦੇ ਵਿਹੜੇ ਵਿੱਚ ਮੋਗਾ ਹਲਕੇ ਦੇ ਐਮ .ਐੱਲ. ਏ. ਡਾਕਟਰ ਅਮਨਦੀਪ ਕੌਰ ਅਰੋੜਾ ਵੱਲੋਂ ਸਾਹਿਤਕਾਰਾਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਪ੍ਰਧਾਨਗੀ ਮੰਡਲ ਵਿੱਚ ਉੱਘੇ ਸਾਹਿਤਕਾਰ ਜਰਨੈਲ ਸਿੰਘ ਸੇਖਾ ਕੈਨੇਡਾ, ਪ੍ਰਿੰਸੀਪਲ ਜਗਤਾਰ ਸਿੰਘ ਦੌਧਰ, ਡੀ.ਐੱਸ. ਪੀ. ਬਰਜਿੰਦਰ ਸਿੰਘ ਭੁੱਲਰ, ਸ ਅਵਤਾਰ ਸਿੰਘ ਹੇਅਰ ਸਾਬਕਾ ਜਿਲ੍ਹਾ ਅਟਾਰਨੀ ਸ਼ਾਮਿਲ ਸਨ।

ਡਾਕਟਰ ਅਮਨਦੀਪ ਕੌਰ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਇਸ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਗੁਰਮੀਤ ਸਿੰਘ ਰੱਖੜਾ ਨੇ ਬਾਖੂਬੀ ਨਿਭਾਈ।

ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਬੇਅੰਤ ਕੌਰ ਇੱਕ ਸਮਰੱਥ ਸਾਹਿਤਕਾਰ ਹੈ, ਅਕਸਰ ਹੀ ਇਹਨਾਂ ਦੇ ਲੇਖ ਪ੍ਰਮੁੱਖ ਅਖ਼ਬਾਰਾਂ ਅਤੇ ਮੈਗਜੀਨਾਂ ਵਿੱਚ ਛਪਦੇ ਰਹਿੰਦੇ ਹਨ, ਮੋਗਾ ਜ਼ਲ੍ਹਿੇ ਨੂੰ ਇਹਨਾਂ ਉੱਤੇ ਬਹੁਤ ਮਾਣ ਹੈ । ਉਹਨਾਂ ਕਿਹਾ ਕਿ ਲੇਖਿਕਾਂ ਸਾਹਿਤਕਾਰਾਂ ਦੀ ਵੱਖਰੀ ਦੁਨੀਆ ਹੈ ਜਿਥੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ।ਉਹਨਾਂ ਨਾਵਲਕਾਰ ਬੇਅੰਤ ਕੌਰ ਗਿੱਲ ਨੂੰ ਵਧਾਈ ਦਿੱਤੀ।




ਇਸ ਸਮੇਂ ਸ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਬੇਅੰਤ ਕੌਰ ਗਿੱਲ ਦਾ ਇਹ ਦੂਸਰਾ ਨਾਵਲ ਹੈ, ਇਸਤੋਂ ਪਹਿਲਾਂ ਉਹ ਚਾਰ ਕਿਤਾਬਾਂ ਸਾਹਿਤ ਦੀ ਝੋਲੀ ਪਾ ਚੁੱਕੇ ਹਨ । ਉਹਨਾਂ ਬੇਅੰਤ ਕੌਰ ਦੇ ਪਹਿਲਾਂ ਆ ਚੁੱਕੇ ਕਾਵਿ ਸੰਗ੍ਰਹਿ ਦੀ ਵੀ ਤਾਰੀਫ਼ ਕੀਤੀ। ਉਹਨਾਂ ਕਿਹਾ ਮੋਗੇ ਵਿੱਚ ਪੰਜਾਹ ਨਾਵਲਕਾਰ ਹੋਏ ਹਨ ਤੇ ਹੁਣ ਬੇਅੰਤ ਕੌਰ ਗਿੱਲ ਦੇ ਆਉਣ ਨਾਲ ਨਾਵਲਕਾਰਾਂ ਵਿੱਚ ਵਾਧਾ ਹੋਇਆ ਹੈ। ਇਸ ਲਈ ਬੇਅੰਤ ਕੌਰ ਵਧਾਈ ਦੀ ਪਾਤਰ ਹੈ। ਇਸ ਸਮੇਂ ਪ੍ਰਸਿੱਧ ਆਲੋਚਕ ਜਸਬੀਰ ਸਿੰਘ ਕਲਸੀ ਅਤੇ ਨਾਟਕ ਡਾਇਰੈਕਟਰ ਅਮਰਜੀਤ ਮੋਹੀ ਵੱਲੋਂ ਨਾਵਲ ਤੇ ਪਰਚਾ ਪੜ੍ਹਿਆ ਗਿਆ। ਉਹਨਾਂ ਨੇ ਕਿਹਾ ਕਿ ਬੇਅੰਤ ਕੌਰ ਦੇ ਨਾਵਲਾਂ ਦੀ ਸ਼ੈਲੀ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਨਾਲ ਮੇਲ ਖਾਂਦੀ ਹੈ ਡਾਇਰੈਕਟਰ ਅਮਰਜੀਤ ਮੋਹੀ ਨੇ ਕਿਹਾ ਕਿ ਇਹ ਇੱਕ ਸਫ਼ਲ ਤੇ ਸੰਪੂਰਨ ਨਾਵਲ ਹੈ,ਇਹ ਵੱਖਰਾ ਵਿਸ਼ਾ ਹੈ ਜਿਸਨੂੰ ਛੂਹਣਾ ਸਮੇਂ ਦੀ ਲੋੜ ਸੀ , ਉਹਨਾਂ ਨੇ ਕਿਹਾ ਕਿ ਬੇਅੰਤ ਕੌਰ ਜਦੋਂ ਲਿਖਦੀ ਹੈ ਤਾਂ ਸਮੇਂ ਦੀ ਬੁਰਾਈਆਂ ਅਤੇ ਸਿਸਟਮ ਨਾਲ ਸਿੱਧੀ ਟੱਕਰ ਲੈਂਦੀ ਹੈ। ਉਹਨਾਂ ਕਿਹਾ ਬੇਅੰਤ ਕੌਰ ਇੱਕ ਸਮਰੱਥ ਲੇਖਿਕਾ, ਬਹੁਤ ਵਧੀਆ ਸਮਾਜ ਸੇਵਿਕਾ ਹੈ। ਉਹਨਾਂ ਕਿਹਾ ਕਿ ਉਹ ਨਰਮ ਦਿਲ ਪਰ ਨਿੱਡਰ, ਨਿਧੜਕ, ਇਨਸਾਫ਼ ਪਸੰਦ ਲੇਖਿਕਾ ਹੈ। ਸ ਗੁਰਮੇਲ ਸਿੰਘ ਬੌਡੇ ਅਤੇ ਡੀਐੱਸਪੀ ਬਰਜਿੰਦਰ ਸਿੰਘ ਭੁੱਲਰ ਨੇ ਵੀ ਬੇਅੰਤ ਕੌਰ ਦੀਆਂ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਯੋਗਦਾਨ ਦੀ ਸਲਾਘਾ ਕੀਤੀ। ਇਸ ਸਾਹਿਤਕ ਸਮਾਗਮ ਵਿੱਚ

ਵਿਸ਼ੇਸ਼ ਤੌਰ ਉੱਤੇ ਪਹੁੰਚੀਆਂ ਸਾਹਿਤ ਸਭਾਵਾਂ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ, ਕੋਟ ਈਸੇ ਖਾਂ ਅਤੇ ਜੀਰਾ ਸਭਾਵਾਂ ਦਾ ਪ੍ਰਿੰਸੀਪਲ ਜਗਤਾਰ ਸਿੰਘ ਦੌਧਰ ਨੇ ਧੰਨਵਾਦ ਕੀਤਾ। ਇਸ ਸਮੇਂ ਆਪਣੇ ਕਾਵਿ ਰੰਗ ਪ੍ਰਸਿੱਧ ਗਾਇਕ ਜਸਦੀਪ ਸਿੰਘ ਗਰੇਵਾਲ ਲੁਧਿਆਣਾ, ਹਰਵਿੰਦਰ ਰੋਡੇ, ਮਾਸਟਰ ਕਿਸ਼ਨ ਪਰਤਾਪ , ਹਰਵਿੰਦਰ ਬਿਲਾਸਪੁਰ, ਬੂਟਾ ਗੁਲਾਮੀ ਵਾਲਾ, ਸ਼ਿਵਨਾਥ ਦਰਦੀ, ਨਰਿੰਦਰ ਰੋਹੀ, ਗਾਇਕ ਚਰਨਜੀਤ ਸਲੀਣਾ, ਸੁਖਚੈਨ ਸਿੰਘ ਠੱਠੀ ਭਾਈ ਦੁਬਈ ਵਾਲੇ, ਅਰੁਣ ਕੁਮਾਰ ਸ਼ਰਮਾ, ਦਿਲਬਾਗ ਬੁੱਕਣ ਵਾਲਾ, ਪਰਮਜੀਤ ਸਿੰਘ ਚੂਹੜ ਚੱਕ ,ਠਾਣਾ ਸਿੰਘ ਜਲਾਲਾਬਾਦੀ, ਸੀਰਾ ਗਰੇਵਾਲ, ਕਮਲਜੀਤ ਧਾਲੀਵਾਲ, ਮਾਸਟਰ ਪ੍ਰੇਮ ਜੀ, ਬਲਜਿੰਦਰ ਕੌਰ ਕਲਸੀ, ਗੁਰਦੀਪ ਲੋਪੋ, ਦਰਸ਼ਨ ਦੁਸਾਂਝ, ਲੈਕਚਰਾਰ ਅਮਰਜੀਤ ਮਾਹੀ, ਡਾਕਟਰ ਸਾਧੂ ਸਿੰਘ ਲੰਗੇਆਣਾ, ਗੁਰਜੰਟ ਰਾਜੇਆਣਾ,ਸੋਹਣ ਸਿੰਘ ਦੁਸਾਂਝ, ਪ੍ਰੇਮ ਕੁਮਾਰ , ਗੁਰਬਚਨ ਕਮਲ ਨੇ ਪੇਸ਼ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਸਾਮਲ ਹੋਏ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਸੁਖਪਾਲ ਸਿੰਘ ਮੋਗਾ, ਨਵਨੀਤ ਸਿੰਘ ਸੇਖਾ, ਹਰਵਿੰਦਰ ਸਿੰਘ ਰੋਡੇ, ਅਵਤਾਰ ਸਿੰਘ ਮੋਗਾ, ਸੁਨੰਦ ਨਮਨ, ਅਵਤਾਰ ਸਿੰਘ ਕਰੀਰ, ਸੁਖਬੀਰ ਸਿੰਘ ਬਾਬਾ, ਜਗਸੀਰ ਸਿੰਘ ਬੱਧਣੀ ਕਲਾਂ ਐਡਵੋਕੇਟ ਅਮਿਤ ਮਿੱਤਲ, ਐਡਵੋਕੇਟ ਪੁਨੀਤ ਜਿੰਦਲ ਦਾ ਬੇਅੰਤ ਕੌਰ ਗਿੱਲ ਨੇ ਤਹਿ ਦਿਲੋਂ ਧੰਨਵਾਦ ਕੀਤਾ।

# ਨਹਿਰੂ ਯੁਵਾ ਕੇਂਦਰ ਵੱਲੋਂ 'ਜੀ-20 ਗੁਆਂਢ ਯੁਵਾ ਸੰਸਦ' ਦਾ ਆਯੋਜਨ

ਫਿਰੋਜ਼ਪੁਰ, 9 ਫਰਵਰੀ (ਗਿਆਨ ਸਿੰਘ): ਨਹਿਰੂ ਯੁਵਾ ਕੇਂਦਰ ਫਿਰੋਜ਼ਪੁਰ ਵੱਲੋ ਜ਼ਿਲ੍ਹਾ ਯੂਥ ਅਫਸਰ ਮਨੀਸ਼ਾ ਰਾਣੀ ਦੀ ਅਗਵਾਈ ਹੇਠ ਸ਼ਹੀਦ ਗੰਜ ਕਾਲਜ ਲੜਕੀਆਂ ਮੁੱਦਕੀ ਵਿਖੇ "ਜੀ-20 ਨੇਬਰਹੁੱਡ ਯੂਥ ਪਾਰਲੀਮੈਂਟ" (ਗੁਆਂਢ ਯੁਵਾ ਸੰਸਦ) ਪ੍ਰੋਗਰਾਮ ਤਹਿਤ ਭਾਸ਼ਣ ਮੁਕਾਬਲੇ ਕਰਵਾਏ ਗਏ।

ਜ਼ਿਲ੍ਹਾ ਯੂਥ ਅਫਸਰ ਮਨੀਸ਼ਾ ਰਾਣੀ ਨੇ ਕਿਹਾ ਕਿ ਸ਼ੇਸ਼ਨਜ ਜੀ-20 ਸਿਖਰ ਸੰਮੇਲਨ ਦੇ ਨਾਲ ਇਸ ਅੰਤਰ ਰਾਸ਼ਟਰੀ ਵਰ੍ਹੇ ਨੂੰ ਪ੍ਰਚਾਰਿਤ ਕਰਨਾ, ਸਮਾਰਕਾਂ ਨਾਲ ਸੈਲਫੀ, ਕਵੀਂ ਸੰਮੇਲਨ, ਕੁਇਜ਼ ਮੁਕਾਬਲੇ ਆਦਿ ਜੀ-20 ਸਕੱਤਰੇਤ ਵੱਲੋ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿਚ ਪ੍ਰਧਾਨ ਮੰਤਰੀ ਅਤੇ ਕੇਂਦਰੀ ਯੁਵਾ ਮਾਮਲੇ ਅਤੇ ਖੇਡਾਂ ਵਿਭਾਗ ਦਾ ਵਿਸ਼ੇਸ਼ ਯੋਗਦਾਨ ਹੈ।

ਪ੍ਰੋਗਰਾਮ ਸਹਾਇਕ ਅਫਸਰ ਸ. ਮਨਜੀਤ ਸਿੰਘ ਭੁੱਲਰ ਨੇ ਕਿਹਾ ਕਿ ਕਿਹਾ ਕਿ ਭਾਰਤ ਵੱਲੋ ਜੀ-20 ਦੇਸ਼ਾਂ ਦੀ ਪ੍ਰਧਾਨਗੀ ਇਕ ਅਹਿਮ ਮੀਲ ਪੱਥਰ ਹੈ ਕਿਉਂਕਿ ਇਸ ਨਾਲ ਭਾਰਤ ਸਭ ਦੇ ਭਲੇ ਅਤੇ ਤੰਦਰੁਸਤੀ ਦੀ ਕਾਮਨਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜੀ-20 ਦੀ ਭਾਰਤ ਲਈ ਮਹੱਤਤਾ ਨੂੰ ਮੱਦੇਨਜਰ ਰੱਖਦੇ ਹੋਏ ਜ਼ਿਲ੍ਹਾ ਨੇਬਰਹੁੱਡ ਯੂਥ ਪਾਰਲੀਮੈਂਟ (ਐਨ.ਵਾਈ.ਪੀ) ਨੂੰ ਜ਼ਿਲ੍ਹੇ ਵੱਲੋਂ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਪ੍ਰਚਾਰਿਤ ਕਰਨ ਲਈ ਇਸ ਮਹੱਤਵਪੂਰਨ ਪਲਾਂ ਦੀ ਯੋਜਨਾਬੰਦ ਢੰਗ ਨਾਲ ਵਰਤੋਂ ਕਰਨ ਦੀ ਜ਼ਰੂਰਤ ਹੈ।

ਡਾਇਰੈਕਟਰ ਸ਼ਹੀਦ ਗੰਜ ਕਾਲਜ ਦਲਬੀਰ ਸਿੰਘ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆਂ ਦੇ ਅਰਥ ਢਾਂਚੇ ਨੂੰ ਸੁਧਾਰਨ, ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ, ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਨਵੀਆਂ ਖੋਜਾਂ ਨੂੰ ਪ੍ਰਫੁੱਲਿਤ ਕਰਨ ਵਾਸਤੇ ਜੇਕਰ ਜੀ-20 ਦੇ ਸਾਰੇ ਦੇਸ਼ ਵਚਨਵੱਧ ਹੋ ਕੇ ਕੰਮ ਕਰਨ ਤਾ ਸੰਸਾਰ ਸ਼ਾਂਤੀ ਦਾ ਪੰਘੂੜਾ ਬਣ ਜਾਵੇਗਾ। ਇਸ ਮੌਕੇ ਪ੍ਰੋ. ਬ੍ਰਹਮ ਜਗਦੀਸ਼ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਸਹਿਯੋਗ ਕਰਕੇ ਖੋਜ ਕੀਤੀ ਜਾਵੇ ਤਾਂ ਜੋ ਵੱਖ-ਵੱਖ ਦੇਸ਼ਾਂ ਦੁਆਰਾ ਕੀਤੀਆਂ ਖੋਜਾਂ ਦਾ ਲਾਭ ਲਿਆ ਜਾ ਸਕੇ ਜਿਸ ਨਾਲ ਤਰੱਕੀ ਦੇ ਨਵੇਂ ਰਾਹ ਖੁਲ੍ਹ ਸਕਣ।

ਇਸ ਭਾਸ਼ਣ ਮੁਕਾਬਲੇ ਵਿਚ ਅੰਮ੍ਰਿਤ ਕੌਰ ਨੇ ਪਹਿਲਾ, ਸ਼ੁਭਨੀਤ ਕੌਰ ਨੇ ਦੂਜਾ ਅਤੇ ਅਕਾਸ਼ਦੀਪ ਕੌਰ ਤੇ ਅਰਸ਼ਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਡਾਇਰੈਕਟਰ ਦਲਬੀਰ ਸਿੰਘ, ਮਨੀਸ਼ਾ ਰਾਣੀ ਅਤੇ ਮਨਜੀਤ ਸਿੰਘ ਭੁੱਲਰ ਨੇ ਸਾਂਝੇ ਤੌਰ ਤੇ ਮਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਸਮਾਗਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਗਗਨਦੀਪ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਪ੍ਰੋ. ਰਿਤਿਕਾ, ਪ੍ਰੋ. ਗੁਰਬਿੰਦਰ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਸ਼ੈਫੀ ਅਰੋੜਾ, ਪ੍ਰੋ. ਅਮਨਦੀਪ ਕੌਰ, ਗੁਰਜਿੰਦਰ ਸਿੰਘ ਢੁੱਡੀ ਅਤੇ ਹਰਵਿੰਦਰ ਸਿੰਘ ਸਰਾਵਾਂ, ਹਰਵਿੰਦਰ ਸਿੰਘ ਜੈਤੋ ਨੇ ਆਪਣਾ ਸਹਿਯੋਗ ਦਿੱਤਾ।

# ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ ਨੇ ਅਖ਼ਬਾਰ ਵੰਡਣ ਵਾਲਿਆਂ ਨੂੰ ਨਵੇਂ ਸਾਈਕਲ, ਗਰਮ ਜਾਕਟਾਂ ਦੇ ਕੇ ਕੀਤਾ ਸਨਮਾਨਿਤ

**-ਪਹਿਲੀ ਵਾਰ ਮਿਲੇ ਸਨਮਾਨ ਅਤੇ ਤੋਹਫਿਆਂ ਨਾਲ ਭਾਵੁਕ ਹੋਏ ਅਖ਼ਬਾਰ ਵੰਡਣ ਵਾਲੇ**



ਫਿਰੋਜ਼ਪੁਰ, 9 ਫਰਵਰੀ (ਗਿਆਨ ਸਿੰਘ): ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜਦੋਂ ਪਹਿਲੀ ਵਾਰ ਅਖਬਾਰ ਵੰਡਣ ਵਾਲੇ ਵਿਅਕਤੀਆਂ ਦਾ ਸਨਮਾਨ ਹੋਇਆ ਤਾਂ ਬਹੁਤ ਸਾਰੇ ਸਨਮਾਨ ਲੈ ਕੇ ਖੁਸ਼ੀ ਨਾਲ ਭਾਵੁਕ ਹੋ ਗਏ। ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਸ. ਰਣਬੀਰ ਸਿੰਘ ਭੁੱਲਰ, ਫਿਰੋਜ਼ਪੁਰ ਦਿਹਾਤੀ ਹਲਕੇ ਦੇ ਵਿਧਾਇਕ ਸ੍ਰੀ ਰਜਨੀਸ਼ ਦਹੀਆ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਅਖਬਾਰ ਵੰਡਣ ਵਾਲਿਆਂ ਦਾ ਨਵੇਂ ਸਾਈਕਲ, ਗਰਮ ਜਾਕਟ ਅਤੇ ਪਾਣੀ ਵਾਲੀ ਬੋਤਲ ਨਾਲ ਸਨਮਾਨ ਕੀਤਾ।

ਇਸ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਤੇ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਸ੍ਰੀ ਰਜਨੀਸ਼ ਦਹੀਆ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ ਤੇ ਰਕਸ਼ਾ ਫਾਊਂਡੇਸ਼ਨ ਵੱਲੋਂ ਇਹ ਵੱਡਾ ਉਪਰਾਲਾ ਕਰਕੇ ਸਮਾਜ ਵੱਲੋਂ ਅਣਗੌਲੇ ਮਿਹਨਤੀ ਤੇ ਸਿਰੜੀ ਅਖ਼ਬਾਰ ਵੰਡਣ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਇਨ੍ਹਾਂ ਦਾ ਗਰੁੱਪ ਬੀਮਾ ਵੀ ਕਰਵਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਇਸ ਮੌਕੇ ਕਿਹਾ ਕਿ ਅਖ਼ਬਾਰਾਂ ਵੰਡਣ ਵਾਲੇ ਬਿਨਾਂ ਛੁੱਟੀ ਦੇ ਸਵੇਰੇ ਚਾਰ ਵਜੇ ਦੇ ਕਰੀਬ ਉੱਠ ਕੇ ਆਪਣੇ ਵਿਅਕਤੀਗਤ ਸੁੱਖ ਨੂੰ ਛੱਡ ਕੇ ਅੱਤ ਦੀ ਸਰਦੀ, ਗਰਮੀ ਤੇ ਖਰਾਬ ਮੌਸਮ ਵਿੱਚ ਵੀ ਘਰਾਂ / ਦਫ਼ਤਰਾਂ ਤਕ ਬਿਨਾ ਨਾਗਾ ਅਖਬਾਰ ਪਹੁੰਚਾਉਣ ਦਾ ਕਾਰਜ ਕਰਦੇ ਹਨ। ਪਰੰਤੂ ਲੋਕਾਂ ਨੂੰ ਇਨ੍ਹਾਂ ਦੇ ਨਾਮ ਦਾ ਵੀ ਪਤਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਅਣਥੱਕ ਤੇ ਮਿਹਨਤੀ ਵਿਅਕਤੀਆਂ ਦਾ ਮੁੱਖ ਧਰਮ ਇਨ੍ਹਾਂ ਦੀ ਮਿਹਨਤ ਹੀ ਹੈ। ਉਨ੍ਹਾਂ ਬਾਕੀ ਲੋਕਾਂ ਨੂੰ ਵੀ ਇਨ੍ਹਾਂ ਦੀ ਮਿਹਨਤ ਤੇ ਸਿਰੜ ਤੋਂ ਪ੍ਰੇਰਿਤ ਹੋਣ ਦਾ ਸੱਦਾ ਦਿੱਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਦੀ ਮਿਹਨਤ ਤੇ ਜਜ਼ਬੇ ਨੂੰ ਸਲਾਮ ਕਰਦਿਆਂ ਇਨ੍ਹਾਂ ਦਾ ਸਨਮਾਨ ਕਰਕੇ ਇਹ ਨਿਗੁਣਾ ਉਪਰਾਲਾ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਮਿਹਨਤੀ ਲੋਕਾਂ ਦਾ ਸਨਮਾਨ ਕਰਨ ਦਾ ਮਕਸਦ ਉਨ੍ਹਾਂ ਨੂੰ ਹੌਂਸਲਾ ਤੇ ਹੱਲਾਸ਼ੇਰੀ ਦੇ ਨਾਲ ਸਤਿਕਾਰ ਦੇਣਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਦਿੰਦਿਆਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ। ਸ੍ਰੀ ਧੀਮਾਨ ਨੇ ਦੱਸਿਆ ਕਿ ਸਨਮਾਨ ਵਜੋਂ ਅੱਜ ਅਖ਼ਬਾਰ ਵੰਡਣ ਵਾਲਿਆਂ ਨੂੰ ਸਾਈਕਲ, ਗਰਮ ਜੈਕਟਾਂ, ਪਾਣੀ ਵਾਲੀ ਬੋਤਲ ਨਾਲ ਸਨਮਾਨਿਤ ਕੀਤਾ ਗਿਆ ਹੈ ਤੇ ਇਹ ਸਨਮਾਨ ਭਵਿੱਖ ਵਿੱਚ ਵੀ ਜਾਰੀ ਰਹੇਗਾ। ਉਨ੍ਹਾਂ ਇਸ ਕਾਰਜ ਵਿੱਚ ਸਹਿਯੋਗ ਲਈ ਰਕਸ਼ਾ ਫਾਊਂਡੇਸ਼ਨ ਦੇ ਐਡਵੋਕੇਟ ਗਗਨਦੀਪ ਸਿੰਘਲ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਵਧੀਆ ਕਾਰਜਾਂ ਲਈ ਹੋਰ ਦਾਨੀ ਸੱਜਣਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ।

ਸਨਮਾਨਤ ਕੀਤੇ ਗਏ ਅਖ਼ਬਾਰ ਵੰਡਣ ਵਾਲੇ ਰੋਜ਼ਾਨਾ ਫ਼ਿਰੋਜ਼ਪੁਰ ਸ਼ਹਿਰ, ਫ਼ਿਰੋਜ਼ਪੁਰ ਛਾਉਣੀ ਅਤੇ ਨਜ਼ਦੀਕ ਦੇ ਪੱਚੀ ਕਿਲੋਮੀਟਰ ਤੋਂ ਵੱਧ ਪਿੰਡਾਂ ਵਿਚ ਅਖਬਾਰਾਂ ਵੰਡਣ ਦਾ ਕਾਰਜ ਨਿਭਾ ਰਹੇ ਹਨ। ਪਿਛਲੇ ਲਗਭਗ 45 ਸਾਲ ਤੋਂ 60 ਕਿਲੋਮੀਟਰ ਸਾਈਕਲ ਚਲਾ ਕੇ ਅਖਬਾਰਾਂ ਵੰਡਣ ਦਾ ਕੰਮ ਕਰਨ ਵਾਲੇ ਕਰਨਵੀਰ ਚੌਧਰੀ ਦਾ ਕਹਿਣਾ ਸੀ ਕਿ ਉਹ ਲੰਮੇ ਸਮੇਂ ਤੋਂ ਅਖ਼ਬਾਰ ਵੰਡਣ ਦਾ ਕਾਰਜ ਕਰ ਰਿਹਾ ਹੈ, ਪਰ ਅੱਜ ਪਹਿਲੀ ਵਾਰ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਏਨਾ ਮਾਣ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਨਮਾਨ ਨਾਲ ਉਨ੍ਹਾਂ ਨੂੰ ਨਵੀਂ ਉਡਾਣ ਮਿਲੀ ਹੈ। ਅਖਬਾਰ ਵੰਡਣ ਦੇ ਕਈ ਸਾਲਾਂ ਦੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਪਰਿਵਾਰ ਲਈ ਖੁਸ਼ੀਆਂ ਭਰਿਆ ਦਿਨ ਤੇ ਮਾਣ ਵਾਲੇ ਪਲ ਹਨ ਜਿਨ੍ਹਾਂ ਦਾ ਡਿਪਟੀ ਕਮਿ-ਸ਼ਨਰ ਸ੍ਰੀ ਧੀਮਾਨ ਤੇ ਰਕਸ਼ਾ ਫਾਊਡੇਸ਼ਨ ਨੇ ਇੰਨਾ ਮਾਣ-ਸਨਮਾਨ ਕੀਤਾ ਹੈ।


ਅਖਬਾਰ ਵੰਡਣ ਦੇ ਕਿੱਤੇ ਨਾਲ ਪਿਛਲੇ ਕਈ ਸਾਲਾਂ ਤੋਂ ਜੁੜੇ ਮੰਗਤ ਰਾਮ, ਅਨਿਲ ਕੁਮਾਰ, ਪਰਵੀਨ ਗੋਇਲ, ਰਜਿੰਦਰ ਕੁਮਾਰ, ਮੁਕੇਸ਼ ਕੁਮਾਰ, ਰਕੇਸ਼ ਕੁਮਾਰ, ਵਿਕਾਸ, ਕੁਲਦੀਪ, ਸੰਦੀਪ, ਪਰਮਜੀਤ ਆਦਿ ਨੇ ਇਸ ਉੱਦਮ ਲਈ ਡਿਪਟੀ ਕਮਿ-ਸ਼ਨਰ ਦਾ ਧੰਨਵਾਦ ਕੀਤਾ। ਸਨਮਾਨ ਲੈਣ ਮੌਕੇ ਬਹੁਤ ਸਾਰੇ ਅਖ਼ਬਾਰ ਵੰਡਣ ਵਾਲੇ ਭਾਵੁਕ ਹੁੰਦੇ ਵੀ ਵੇਖੇ ਗਏ। ਇਸ ਮੌਕੇ ਸੰਜੇ, ਪਵਨ, ਕਮਲ, ਯਸ਼ਪਾਲ, ਸਤੀਸ਼, ਕ੍ਰਿਸ਼ਨ, ਅਮਿਤ, ਰਿਤਿਸ਼, ਪਵਨ, ਵਿਕਰਮ, ਇੰਦਰਜੀਤ ਸਮੇਤ ਕਰੀਬ 40 ਅਖ਼ਬਾਰ ਵੰਡਣ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ।

ਰਕਸ਼ਾ ਫਾਊਂਡੇਸ਼ਨ ਦੇ ਐਡਵੋਕੇਟ ਗਗਨਦੀਪ ਸਿੰਘਲ ਨੇ ਕਿਹਾ ਕਿ ਇਸ ਫਾਊਂਡੇਸ਼ਨ ਨੂੰ ਇਸ ਉਪਰਾਲੇ ਲਈ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਵੱਲੋਂ ਉਤਸ਼ਾਹਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਰਜ ਕਰਕੇ ਫਾਂਊਡੇਸ਼ਨ ਦੇ ਸਮੁੱਚੇ ਮੈਂਬਰਾਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ ਅਤੇ ਭਵਿੱਖ ਵਿੱਚ ਰਹਿ ਗਏ ਅਖ਼ਬਾਰ ਵੰਡਣ ਵਾਲਿਆਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਸ. ਜਗਦੀਪ ਸਿੰਘ ਸੰਧੂ, ਸਕੱਤਰ ਰੈੱਡ ਕਰਾਸ ਸ੍ਰੀ ਅਸ਼ੋਕ ਬਹਿਲ, ਸੀ.ਈ.ਓ. ਡੀ.ਸੀ.ਐਮ. ਗਰੁੱਪ ਆਫ ਸਕੂਲ ਸ੍ਰੀ ਅਨਿਰੁੱਧ ਗੁਪਤਾ, ਚੇਅਰਮੈਨ ਵਿਵੇਕਾਨੰਦ ਵਰਲਡ ਸਕੂਲ ਸ੍ਰੀ ਗੌਰਵ ਭਾਸਕਰ, ਸ. ਕਿੱਕਰ ਸਿੰਘ ਕੁਤਬੇ ਵਾਲਾ, ਸ. ਰੌਬੀ ਸੰਧੂ, ਸ. ਰਾਜ ਬਹਾਦਰ ਸਿੰਘ ਗਿੱਲ ਅਤੇ ਹੋਰ ਵੀ ਹਾਜ਼ਰ ਸਨ।

# ਫਿਰੋਜ਼ਪੁਰ ਬਾਈਪਾਸ ਅਤੇ ਫਿਰੋਜ਼ਪੁਰ-ਸ੍ਰੀ ਮੁਕਤਸਰ ਸਾਹਿਬ-ਮਲੋਟ ਸੜਕ ਦਾ ਕੰਮ ਸ਼ੁਰੂ ਕਰਨ ਦਾ ਭਰੋਸਾ ਦੇਣ ਲਈ ਗਡਕਰੀ ਦਾ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ ਧੰਨਵਾਦ

**ਅਕਾਲੀ ਦਲ ਦੇ ਪ੍ਰਧਾਨ ਦੀ ਅਗਵਾਈ ਹੇਠ ਵਫਦ ਵੱਲੋਂ ਕੇਂਦਰੀ ਮੰਤਰੀ ਨਾਲ ਮੁਲਾਕਾਤ**



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕੇਂਦਰੀ ਸੜਕ ਟਰਾਂਸਪੋਰਟ ਤੇ ਹਾਈਵੇ ਮੰਤਰੀ ਨਿਤਿਨ ਗਡਕਰੀ ਵੱਲੋਂ ਫਿਰੋਜ਼ਪੁਰ ਬਾਈ ਪਾਸ ਅਤੇ ਫਿਰੋਜ਼ਪੁਰ-ਸ੍ਰੀ ਮੁਕਤਸਰ ਸਾਹਿਬ-ਮਲੋਟ ਸੜਕ ਦੀ ਉਸਾਰੀ ਦਾ ਕੰਮ ਸ਼ੁਰੂ ਕਰਨ ਦਾ ਭਰੋਸਾ ਦੇਣ 'ਤੇ ਉਹਨਾਂ ਦਾ ਧੰਨਵਾਦ ਕੀਤਾ।

ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੇ ਵਫਦ ਨੇ ਅੱਜ ਕੇਂਦਰੀ ਮੰਤਰੀ ਨਾਲ ਮੁਲਾਕਾਤ ਕੀਤੀ। ਵਫਦ ਵਿਚ ਬਾਦਲ ਤੋਂ ਇਲਾਵਾ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਜੋਗਿੰਦਰ ਸਿੰਘ ਜਿੰਦੂ, ਵਰਦੇਵ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਵੀ ਸ਼ਾਮਲ ਸਨ। ਵਫਦ ਨੇ ਮੰਤਰੀ ਨੂੰ ਇਹਨਾਂ ਦੋ ਪ੍ਰਾਜੈਕਟਾਂ ਦੀ ਉਸਾਰੀ ਸ਼ੁਰੂ ਕਰਵਾਉਣ ਦੀ ਲੋੜ ਬਾਰੇ ਜਾਣਕਾਰੀ ਦਿੱਤੀ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਵੇਂ ਫਿਰੋਜ਼ਪੁਰ ਬਾਈਪਾਸ ਵਾਸਤੇ ਮਨਜ਼ੂਰੀ ਦਿੱਤੀ ਗਈ ਤੇ ਇਸ ਲਈ ਜ਼ਮੀਨ ਵੀ ਐਕਵਾਇਰ ਹੋਗਈ ਪਰ ਹਾਲੇ ਤੱਕ ਇਸ ਵਾਸਤੇ ਰੱਖਿਆ ਮੰਤਰਾਲੇ ਤੋਂ ਮਨਜ਼ੂਰੀ ਨਹੀਂ ਮਿਲੀ। ਉਹਨਾਂ ਕਿਹਾ ਕਿ ਉਹਨਾਂ ਪਹਿਲਾਂ ਵੀ ਨਿਤਿਨ ਗਡਕਰੀ ਨੂੰ ਅਪੀਲ ਕੀਤੀ ਸੀ ਕਿ ਇਹ ਮਾਮਲਾ ਰੱਖਿਆ ਮੰਤਰਾਲੇ ਕੋਲ ਚੁੱਕਿਆ ਜਾਵੇ। ਗਡਕਰੀ ਨੇ ਅੱਜ ਭਰੋਸਾ ਦੁਆਇਆ ਕਿ ਲੋੜੀਂਦੀਆਂ ਪ੍ਰਵਾਨਗੀਆਂ ਲੈ ਲਈਆਂ ਜਾਣਗੀਆਂ ਅਤੇ ਬਾਈਪਾਸ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ ਜਿਸ ਨਾਲ ਸ਼ਹਿਰ ਵਿਚ ਟਰੈਫਿਕ ਦੀ ਮੁਸ਼ਕਿਲ ਖਤਮ ਹੋ ਜਾਵੇਗੀ।

ਬਾਦਲ ਨੇ ਦੱਸਿਆ ਕਿ ਕੇਂਦਰੀ ਮੰਤਰੀ ਨੇ ਇਹ ਵੀ ਭਰੋਸਾ ਦੁਆਇਆ ਕਿ ਫਿਰੋਜ਼ਪੁਰ-ਸ੍ਰੀ ਮੁਕਤਸਰ ਸਾਹਿਬ-ਮਲੋਟ ਰੋਡ 10 ਮੀਟਰ ਚੌੜੀ ਕੀਤੀ ਜਾਣੀ ਹੈ।ਉਹਨਾਂ ਕਿਹਾ ਕਿ ਸੜਕ ਸੜਕ ਦੀ ਹਾਲਾਤ ਲੰਬੇ ਸਮੇਂ ਤੋਂ ਖਰਾਬ ਹੈ ਤੇ ਇਹ ਲੋਕਾਂ ਦੀ ਚਿਰੋਕਣੀ ਮੰਗ ਸੀ ਕਿ ਇਸ ਸੜਕ ਨੂੰ ਅਪਗ੍ਰੇਡ ਕੀਤਾ ਜਾਵੇ ਜੋ ਹੁਸੈਨੀਵਾਲਾ ਤੇ ਵਾਹਗਾ ਸਰਹੱਦ ਨਾਲ ਜੁੜਦੀ ਹੈ।

ਅਕਾਲੀ ਦਲ ਦੇ ਵਫਦ ਨੇ ਆਦਮਪੁਰ ਫਲਾਈਓਵਰ (ਜਲੰਧਰ-ਹੁਸ਼ਿਆਰਪੁਰ ਨੈਸ਼ਨਲ ਹਾਈਵੇ 'ਤੇ) ਦੀ ਉਸਾਰੀ ਦਾ ਮੁੱਦਾ ਵੀ ਚੁੱਕਿਆ। ਇਸਦਾ ਕੰਮ 2017 ਤੋਂ ਬੰਦ ਪਿਆ ਹੈ। ਫਲਾਈਓਵਰ ਵਾਸਤੇ ਪ੍ਰਵਾਨਗੀ 2016 ਵਿਚ ਅਕਾਲੀ ਦਲ ਦੀ ਸਰਕਾਰ ਵੇਲੇ ਮਿਲ ਗਈ ਸੀ ਤੇ ਉਸੇ ਸਾਲ ਕੰਮ ਵੀ ਸ਼ੁਰੂ ਹੋ ਗਿਆ ਸੀ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਉਸਾਰੀ ਦਾ ਇਕ ਇੰਚ ਵੀ ਕੰਮ ਨਹੀਂ ਹੋਇਆ, ਜੋ ਆਮ ਆਦਮੀ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਇੱਕ ਸਾਲ ਬਾਅਦ ਵੀ ਜਿਓਂ ਦਾ ਤਿਓਂ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਕੇਂਦਰੀ ਮੰਤਰੀ ਨੂੰ ਕੰਮ ਬੰਦ ਹੋਣ ਨਾਲ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਉਹਨਾਂ ਇਹ ਵੀ ਦੱਸਿਆ ਕਿ ਉਹਨਾਂ ਦੇ ਮੰਗਲਵਾਰ ਨੂੰ ਆਦਮਪੁਰ ਦੇ ਦੌਰੇ ਵੇਲੇ ਲੋਕਾਂ ਨੂੰ ਉਹਨਾਂ ਦੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਸਹਿਯੋਗ ਨਾ ਦੇਣ ਕਾਰਨ ਉਹਨਾਂ ਦਾ ਵਪਾਰ ਤਬਾਹ ਹੋ ਰਿਹਾ ਹੈ।

ਇਸਦੇ ਜਵਾਬ ਵਿਚ ਗਡਕਰੀ ਨੇ ਭਰੋਸਾ ਦੁਆਇਆ ਕਿ ਉਹ ਰਾਜ ਸਰਕਾਰ ਨਾਲ ਇਸ ਸਬੰਧੀ ਗੱਲਬਾਤ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਇਹ ਕੰਮ ਬਿਨਾਂ ਹੋਰ ਦੇਰੀ ਦੇ ਮੁੜ ਸ਼ੁਰੂ ਹੋਵੇ। ਵਫਦ ਨੇ ਮੰਤਰੀ ਵੱਲੋਂ ਤਿੰਨਾਂ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਦਾ ਭਰੋਸਾ ਦੇਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸਰਹੱਦੀ ਸੂਬੇ ਲਈ ਬਹੁਤ ਲਾਹੇ ਵੰਦ ਸਾਬਤ ਹੋਣਗੇ।

# ਸਪੀਕਰ ਸੰਧਵਾਂ ਅਤੇ ਮੰਤਰੀ ਅਨਮੋਲ ਗਗਨ ਮਾਨ ਸਣੇ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

**ਇਤਿਹਾਸਕ ਪਿੰਡ ਕੁਤਬਾ ਦੇ ਵਿਕਾਸ ਲਈ ਪੁਰਜ਼ੋਰ ਯਤਨ ਕੀਤੇ ਜਾਣਗੇ: ਵਿਧਾਇਕ ਪੰਡੋਰੀ**






ਚੰਡੀਗੜ੍ਹ, 9 ਫਰਵਰੀ (ਗਿਆਨ ਸਿੰਘ): ਮਹਿਲ ਕਲਾਂ ਦੇ ਪਿੰਡ ਕੁਤਬਾ ਵਿਖੇ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਤਿੰਨ ਰੋਜ਼ਾ ਸ਼ਹੀਦੀ ਸਮਾਗਮ ਦੌਰਾਨ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਵਿਧਾਇਕ ਲਾਭ ਸਿੰਘ ਉਗੋਕੇ ਸਣੇ ਹੋਰ ਸ਼ਖ਼ਸੀਅਤਾਂ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੁਤਬਾ-ਬਾਹਮਣੀਆਂ ਇਕ ਇਤਿਹਾਸਕ ਪਿੰਡ ਹੈ ਜਿੱਥੇ ਵੱਡੇ ਘੱਲੂਘਾਰੇ ਸਮੇਂ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਲੋਹਾ ਲੈਂਦਿਆਂ ਵੱਡੀ ਗਿਣਤੀ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ, ਜਿਨ੍ਹਾਂ ਦੀ ਸ਼ਹਾਦਤ ਨੂੰ ਭੁਲਾਇਆ ਨਹੀਂ ਜਾ ਸਕਦਾ।

ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਜੇਕਰ ਅਬਦਾਲੀ ਵਰਗੇ ਮੁਗਲਾਂ ਨੂੰ ਕੋਈ ਚੁਣੌਤੀ ਦੇ ਸਕਦਾ ਸੀ ਤਾਂ ਉਹ ਸਿੰਘ ਹੀ ਸਨ, ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ ਅਤੇ ਬਹਾਦਰੀ ਨਾਲ ਲੜਦੇ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਸ ਮੌਕੇ ਸੰਬੋਧਨ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਅੱਗੇ ਪਿੰਡ 'ਚ ਸ਼ਹੀਦਾਂ ਦੀ ਢੁਕਵੀਂ ਯਾਦਗਾਰ ਬਣਾਉਣ ਦੀ ਮੰਗ ਰੱਖੀ। ਸ. ਪੰਡੋਰੀ ਨੇ ਕਿਹਾ ਕਿ ਇਸ ਇਤਿਹਾਸਕ ਪਿੰਡ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ ਤੇ ਖਾਸ ਕਰਕੇ ਇਸ ਇਲਾਕੇ ਵਿੱਚ ਨਹਿਰੀ ਪਾਣੀ ਦੀ ਪਹੁੰਚ ਵਾਸਤੇ ਖਾਲਾਂ, ਕੱਸੀਆਂ, ਰਜਬਾਹੇ ਦਾ ਕੰਮ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ, ਜੋ ਕਿ ਵਿਭਾਗ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਕੋਲ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਰਾਏਕੋਟ ਹਾਕਮ ਸਿੰਘ ਠੇਕੇਦਾਰ, ਵਿਧਾਇਕ ਭਦੌੜ ਲਾਭ ਸਿੰਘ ਉਗੋਕੇ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਦੀਪ ਸਿੰਘ ਬਾਠ, ਐਸਡੀਐਮ ਗੋਪਾਲ ਸਿੰਘ ਤੇ ਹੋਰ ਸ਼ਖ਼ਸੀਅਤਾਂ ਨੇ ਸ਼ਰਧਾਂਜਲੀ ਭੇਟ ਕੀਤੀ।

# ਇਕਬਾਲ ਰਾਂਮੂਵਾਲੀਆ ਸਿਮਰਤੀ ਪੁਰਸਕਾਰ ਧਰਮ ਕੰਮੇਆਣਾ ਨੂੰ ਕੀਤਾ ਭੇਟ




ਪਟਿਆਲਾ, 9 ਫਰਵਰੀ (ਗਿਆਨ ਸਿੰਘ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਵਰਲਡ ਪੰਜਾਬੀ ਸੈਂਟਰ ਦੇ ਸਹਿਯੋਗ ਨਾਲ ਸਵਰਗੀ ਲੇਖਕ ਇਕਬਾਲ ਰਾਂਮੂਵਾਲੀਆ ਦੇ ਪਰਿਵਾਰ ਵਲੋਂ ਪੰਜਾਬੀ ਦੇ ਬਹੁਪੱਖੀ ਲੇਖਕ ਧਰਮ ਕੰਮੇਆਣਾ ਨੂੰ ਪਹਿਲਾ " ਇਕਬਾਲ ਰਾਂਮੂਵਾਲੀਆ ਪੁਰਸਕਾਰ" ਲੇਖਕਾਂ ਦੇ ਵਿਦਵਾਨਾਂ ਦੇ ਭਰੇ ਇਕੱਠ ਵਿਚ ਭੇਟ ਕੀਤਾ। ਸਮਾਗਮ ਦੀ ਪ੍ਰਧਾਨਗੀ ਸੈਂਟਰ ਦੇ ਡਾਇਰੈਕਟਰ ਡਾ ਬਲਕਾਰ ਸਿੰਘ ਨੇ ਕੀਤੀ ਉਹਨਾਂ ਲੇਖਕ ਇਕਬਾਲ ਰਾਂਮੂਵਾਲੀ ਦੀ ਰਚਨਾ ਤੇ ਪ੍ਰਕਿਰਿਆ ਬਾਬਤ ਚਾਨਣਾ ਪਾਇਆ। ਪੁਰਸਕਾਰ ਕਮੇਟੀ ਦੇ ਸਲਾਹਕਾਰ ਨਿੰਦਰ ਘੁਗਿਆਣਵੀ ਨੇ ਸਵ: ਇਕਬਾਲ ਰਾਂਮੂਵਾਲੀਆ ਦੇ ਜੀਵਨ, ਲੇਖਣੀ ਤੇ ਵਿਅਕਤੀਤਵ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਕੇ ਲੇਖਕਾਂ ਤੇ ਪਾਠਕਾਂ ਨੂੰ ਪ੍ਰਭਾਵਿਤ ਕੀਤਾ। ਵਿਸ਼ੇਸ਼ ਮਹਿਮਾਨ ਦੇ ਤੌਰ ਉਤੇ ਆਏ ਸਾਬਕਾ ਡੀ ਆਈ ਜੀ ਹਰਿੰਦਰ ਸਿੰਘ ਚਾਹਲ ਤੇ ਸਾਬਕਾ ਆਈ ਏ ਐਸ ਹਰਕੇਸ਼ ਸਿੰਘ ਸਿੱਧੂ ਨੇ ਇਕਬਾਲ ਰਾਂਮੂਵਾਲੀਆ ਬਾਰੇ ਬੋਲਦਿਆਂ ਉਨਾਂ ਨੂੰ ਮੁਹੱਬਤੀ ਇਨਸਾਨ, ਦਿਲਚਸਪ ਲੇਖਕ ਤੇ ਪਿਆਰੀ ਸ਼ਖਸੀਅਤ ਕਰਾਰ ਦਿੱਤਾ। ਪੁਰਸਕਾਰ ਵਿਚ ਸਨਮਾਨ ਪੱਤਰ, ਫੁਲਕਾਰੀ, ਇਕਵੰਜਾ ਹਜਾਰ ਰੁਪਏ ਦੀ ਰਾਸ਼ੀ ਤੇ ਸਿਮਰਤੀ ਗ੍ਰੰਥ ਭੇਟ ਕੀਤੇ ਗਏ। ਕੰਮੇਆਣਾ ਨੇ ਆਪਣੀ ਕਾਵਿ ਕਲਾ ਦੇ ਵੱਖ ਵੱਖ ਪੱਖਾਂ ਨੂੰ ਛੋਹਿਆ ਤੇ ਗੀਤ ਵੀ ਗਾ ਕੇ ਸੁਣਾਇਆ। ਇਸ ਮੌਕੇ ਦੋਵਾਂ ਲੇਖਕਾਂ ਸਵਰਗੀ ਇਕਬਾਲ ਸਿੰਘ ਰਾਂਮੂੰਵਾਲੀਆ ਤੇ ਧਰਮ ਕੰਮਿਆਣਾ ਦੇ ਰਿਸ਼ਤੇਦਾਰ ਤੇ ਪਰਿਵਾਰਕ ਮੈਂਬਰ ਵੀ ਸ਼ਾਮਲ ਸਨ। ਇਕਬਾਲ ਰਾਂਮੂਵਾਲੀਆ ਦੀ ਪਤਨੀ ਸੁਖਸਾਗਰ ਕੌਰ ਗਿੱਲ ਦਾ ਧੰਨਵਾਦੀ ਸੁਨ-ੇਹਾ ਪੜਿਆ ਗਿਆ। ਮੰਚ ਸੰਚਾਲਨ ਡਾ ਕੁਲਦੀਪ ਸਿੰਘ ਦੀਪ ਨੇ ਕੀਤਾ। ਉਘੇ ਲੇਖਕ ਦਰਸ਼ਨ ਆਸ਼ਟ, ਡਾ ਨਿਵੇਦਿਤਾ ਸਿੰਘ, ਡਾ ਗੁਰਜੰਟ ਸਿੰਘ , ਗੁਰਸੇਵਕ ਲੰਬੀ, ਪ੍ਰੋ ਰਜਿੰਦਰਪਾਲ ਬਰਾੜ, ਉਜਾਗਰ ਸਿੰਘ ਸਾਬਕਾ ਡੀ ਪੀ ਆਰ ਓ , ਬਲਵਿੰਦਰ ਸੰਧੂ, ਪ੍ਰੋ ਹਰਬੰਸ ਧੀਮਾਨ, ਨਾਟਕਕਾਰ ਸਤਿੰਦਰ ਨੰਦਾ, ਚਰਨ ਬੰਬੀਹਾ, ਅਮਰਜੀਤ ਵੜੈਚ ਸਮੇਤ, ਖੋਜ ਵਿਦਿਆਰਥੀ ਤੇ ਕਈ ਹਸਤੀਆਂ ਪੁੱਜੀਆਂ।

# ‘ਅੱਠਵਾਂ ਨਾਦ ਪ੍ਰਗਾਸੁ ਸਾਹਿਤ ਉਤਸਵ’ ਖ਼ਾਲਸਾ ਕਾਲਜ ਫ਼ਾਰ ਵਿਮੈੱਨ ਵਿਚ ਮਨਾਇਆ

## ਸੈਮੀਨਾਰ, ਸੰਵਾਦ, ਬਸੰਤ ਰਾਗ ਵਾਦਨ/ਗਾਇਨ ਤੇ ਕਵੀ-ਦਰਬਾਰ ਹੋਏ
## ‘ਨਾਦੁ ਪ੍ਰਗਾਸ ਸੰਸਥਾ’ ਵੱਲੋਂ ਕਵੀ ਭੁਪਿੰਦਰਪ੍ਰੀਤ ਨੂੰ ਕੀਤਾ ਗਿਆ ਸਨਮਾਨਿਤ







ਅੰਮ੍ਰਿਤਸਰ, (ਡਾ. ਝੰਡ) – ਬਸੰਤ ਦੀ ਸੁਹਾਵਣੀ ਮਿੱਠੀ ਰੁੱਤ ਦੀ ਭਾਰਤ ਵਿਚ ਹਰੇਕ ਨੂੰ ਉਡੀਕ ਰਹਿੰਦੀ ਹੈ। ਇਸ ਦੌਰਾਨ ਨਾ ਬਹੁਤੀ ਠੰਢ ਹੁੰਦੀ ਹੈ ਅਤੇ ਨਾ ਹੀ ਗਰਮੀ, ਕਿਉਂਕਿ ਦਿਨ ਕਾਫ਼ੀ ਖੁੱਲ੍ਹੇ ਹੋ ਜਾਂਦੇ ਹਨ। ਪ੍ਰਚੱਲਤ ਕਹਾਵਤ ਹੈ ਕਿ ਲੋਹੜੀ ਤੋਂ ਅਗਲੇ ਦਿਨ ‘ਮਾਘੀ ਦਾ ਸੂਰਜ’ ਬੱਕਰੇ ਜਿੱਡੀ ਛਾਲ ਮਾਰਦਾ ਹੈ। ਦੇਸੀ ਕੈਲੰਡਰ ਸਾਕਾ ਸੰਮਤ ਦੇ ਦੋ ਮਹੀਨੇ ਮਾਘ ਤੇ ਫੱਗਣ ਬਹਾਰ ਦੀ ਰੁੱਤ ਦੇ ਮਹੀਨੇ ਸਮਝੇ ਜਾਂਦੇ ਹਨ। ਬਸ਼ੰਤ ਰੁੱਤ ਦੇ ਆਗਮਨ ‘ਤੇ ਅੰਮ੍ਰਿਤਸਰ ਦੀ ‘ਨਾਦ ਪ੍ਰਗਾਸੁ ਸੰਸਥਾ’ ਵੱਲੋਂ ਹਰ ਸਾਲ ‘ਨਾਦ ਪ੍ਰਗਾਸੁ ਸਾਹਿਤ ਉਤਸਵ’ ਮਨਾਇਆ ਜਾਂਦਾ ਹੈ। ਇਸ ਸਾਲ ਇਸ ਦਾ ‘ਅੱਠਵਾਂ ਸਾਹਿਤ ਉਤਸਵ’ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਫ਼ਾਰ ਵੋਮੈੱਨ ਵਿਖੇ 1 ਫ਼ਰਵਰੀ ਤੋਂ 3 ਫ਼ਰਵਰੀ ਤੱਕ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਉਤਸਵ ਵਿੱਚ ਜਿੱਥੇ ਸੈਮੀਨਾਰ, ਸੰਵਾਦ, ਬਸ਼ੰਤ ਰਾਗ ਵਾਦਨ ਅਤੇ ਸ਼ਬਦ ਗਾਇਨ ਦੇ ਵੱਖ-ਵੱਖ ਸਮਾਗ਼ਮ ਆਯੋਜਿਤ ਕੀਤੇ ਗਏ, ਉੱਥੇ ਚਿੱਤਰਕਲਾ, ਅੱਖਰਕਾਰੀ, ਲੱਕੜੀ ਉੱਪਰ ਕੀਤੀ ਗਈ ਕਾਰੀਗਰੀ, ਰਵਾਇਤੀ-ਸਾਜ਼ਾਂ ਅਤੇ ਪੁਸਤਕਾਂ ਦੀਆਂ ਵੱਖ-ਵੱਖ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਜੋ ਇਸ ਉਤਸਵ ਵਿਚ ਸ਼ਿਰਕਤ ਕਰਨ ਵਾਲਿਆਂ ਲਈ ਭਾਰੀ ਖਿੱਚ ਦਾ ਕਾਰਨ ਬਣੀਆਂ।

ਉਤਸਵ ਦੇ ਪਹਿਲੇ ਦਿਨ ਦੇ ਉਦਘਾਟਨੀ ਸਮਾਰੋਹ ਦੇ ਮੁੱਖ-ਮਹਿਮਾਨ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਚਾਂਸਲਰ ਉੱਘੇ ਪੰਜਾਬੀ ਵਿਦਵਾਨ ਡਾ. ਜਗਬੀਰ ਸਿੰਘ ਸਨ, ਜਦ ਕਿ ਇਸ ਸੈਸ਼ਨ ਦੇ ਮੁੱਖ ਭਾਸ਼ਨ-ਕਰਤਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਸਿੱਧ ਚਿੰਤਕ ਤੇ ਲੇਖਕ ਡਾ. ਈਸ਼ਵਰ ਦਿਆਲ ਗੌੜ ਸਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰੋ ਰਾਜੇਸ਼ ਸ਼ਰਮਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ. ਗੁਰਪਾਲ ਸਿੰਘ ਸੰਧੂ ਅਤੇ ਪ੍ਰੋ. ਅਮਰਜੀਤ ਸਿੰਘ ਗਰੇਵਾਲ ਨੇ ਇਸ ਵਿਚ ਸ਼ਿਰਕਤ ਕੀਤੀ। ਸਮਕਾਲੀ ਪੰਜਾਬੀ ਸੰਗੀਤ ਉੱਪਰ ਕਰਵਾਏ ਗਏ ਸੈਮੀਨਾਰ ਵਿਚ ਸੂਫ਼ੀ ਗਾਇਕ ਰੱਬੀ ਸ਼ੇਰਗਿੱਲ, ਕੁਰੂਕਸ਼ੇਤਰਾ ਯੂਨੀਵਰਸਿਟੀ ਤੋਂ ਡਾ. ਜਸਵੰਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਅਲੰਕਾਰ ਸਿੰਘ ਅਤੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਜਲੰਧਰ ਤੋਂ ਡਾ. ਕੁਲਵਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ।

ਇਸ ਉਤਸਵ ਦੇ ਦੂਸਰੇ ਦਿਨ ‘ਸਾਹਿਤ ਦੇ ਨਵ-ਰੁਝਾਨ’ ਵਿਸ਼ੇ ‘ਤੇ ਹੋਏ ਸੈਮੀਨਾਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਸਿੱਧ ਆਲੋਚਕ ਡਾ. ਮਨਮੋਹਨ ਸਿੰਘ, ਡਾ. ਸੁਰਜੀਤ ਸਿੰਘ ਅਤੇ ਪੰਜਾਬ ਯੂਨੀਵਸਿਟੀ ਚੰਡੀਗੜ੍ਹ ਤੋਂ ਡਾ. ਯੋਗਰਾਜ ਸ਼ਾਮਲ ਹੋਏ, ਜਦਕਿ ਏਸੇ ਦਿਨ ਪੰਜਾਬੀ ਸਿਨੇਮਾ ਨਾਲ ਸਬੰਧਿਤ ਹੋਏ ਦੂਸਰੇ ਸੈਮੀਨਾਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਡਾ. ਸਤੀਸ਼ ਵਰਮਾ, ਫਿਲਮ ਡਾਇਰੈੱਕਟਰ ਪਾਲੀ ਭੁਪਿੰਦਰ ਅਤੇ ਦਲਜੀਤ ਅਮੀ ਨੇ ਭਾਗ ਲਿਆ। ਏਸੇ ਦਿਨ ਹੀ ਤੀਸਰਾ ਸੈਮੀਨਾਰ ‘ਸਿਧਾਂਤ: ਅਧਿਐਨ ਤੇ ਅਧਿਆਪਨ’ ਵਿਸ਼ੇ ‘ਤੇ ਸੀ ਜਿਸ ਵਿਚ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜਾਰਥੀਆਂ ਨੇ ਸੰਵਾਦ-ਚਰਚਾ ਵਿਚ ਭਰਪੂਰ ਹਿੱਸਾ ਲਿਆ।

ਉਤਸਵ ਦਾ ਤੀਸਰਾ ਦਿਨ ‘ਚੜ੍ਹਿਆ ਬਸੰਤ ਕਵੀ-ਦਰਬਾਰ’ ਦੇ ਨਾਮ ਸੀ। ਇਸ ਵਿਚ ਬਸ਼ੰਤ ਰਾਗ ਵਾਦਨ ਨਾਦ ਮਿਊਜ਼ਿਕ ਇੰਨਸਟੀਚਿਊਟ ਤੋਂ ਪ੍ਰਸਿੱਧ ਪਖਾਵਜ-ਵਾਦਕ ਪ੍ਰੋ.ਹਰਿਭਜਨ ਸਿੰਘ ਧਾਰੀਵਾਲ ਅਤੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਪ੍ਰੋ.ਮਲਕੀਤ ਸਿੰਘ ਜੰਡਿਆਲਾ ਨੇ ਬਸ਼ੰਤ ਰਾਗ ਦਾ ਗਾਇਨ ਕੀਤਾ। ਉਪਰੰਤ, ਇਸ ਦਿਨ ਹੋਏ ਬਸੰਤ ਕਵੀ-ਦਰਬਾਰ ਵਿਚ ਪੰਜਾਬੀ ਕਵੀਆਂ ਵਿਜੇ ਵਿਵੇਕ, ਜਸਦੀਪ, ਸੁਰਿੰਦਰ ਸਿੰਘ, ਅਰਤਿੰਦਰ ਸੰਧੂ, ਸੇਵਾ ਸਿੰਘ ਭਾਟੀਆ, ਅੰਤਰਨੀਰਵ, ਡੋਗਰੀ-ਕਵੀ ਪੀ.ਵੀ.ਠਾਕੁਰ, ਪੁਣਛੀ-ਕਵੀ ਜਾਵੇਦ ਰਾਹੀ ਤੇ ਹਾਫ਼ਿਜ਼ ਸ਼ਫ਼ਾ ਨੇ ਡੋਗਰੀ, ਪੁਣਛੀ ਤੇ ਬਾਂਗਰੂ ਉਪ-ਬੋਲੀਆਂ ਵਿਚ ਆਪਣੀਆਂ ਕਵਿਤਾਵਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆਂ। ਵਿਸ਼ੇਸ਼-ਮਹਿਮਾਨ ਉੱਘੇ ਕਵੀ ਦਰਸ਼ਨ ਬੁੱਟਰ ਨੇ ਬੜੀ ਦਿਲ-ਟੁੰਭਵੀਂ ਕਵਿਤਾ ਸਾਂਝੀ ਕੀਤੀ। ਸਮਾਗ਼ਮ ਦੀ ਪ੍ਰਧਾਨਗੀ ਕਰ ਪ੍ਰਸਿੱਧ ਕਵੀ ਗੁਰਭਜਨ ਗਿੱਲ ਨੇ ਸਮਾਗ਼ਮ ਵਿਚ ਉਪ-ਬੋਲੀਆਂ ਡੋਗਰੀ, ਗੋਜਰੀ ਬਾਂਗਰੂ ਆਦਿ ਵਿਚ ਪੇਸ਼ ਕੀਤੀਆਂ ਗਈਆਂ ਕਵਿਤਾਵਾਂ ਦੀ ਸ਼ਲਾਘਾ ਕਰਦਿਆਂ ਹੋਇਆਂ ਇਨ੍ਹਾਂ ਦੇ ਕਵੀਆਂ ਦੀ ਵੀ ਖ਼ੂਬ ਸਰਾਹਨਾ ਕੀਤੀ ਅਤੇ ਨਾਲ ਹੀ ਆਪਣੀ ਇਕ ਗ਼ਜ਼ਲ ਵੀ ਸੁਣਾਈ।

ਇਸ ਦੌਰਾਨ ‘ਨਾਦੁ ਪ੍ਰਗਾਸ ਸੰਸਥਾ’ ਵੱਲੋਂ ਪੰਜਾਬੀ ਬੋਲੀ ਦੇ ਸਿਰ-ਜਣਾਤਮਿਕ ਕਵੀ ਭੁਪਿੰਦਰਪ੍ਰੀਤ ਨੂੰ ਸਨਮਾਨਿਤ ਕੀਤਾ ਗਿਆ। ਕਿਸੇ ਅਤਿ ਜ਼ਰੂਰੀ ਰੁਝੇਵੇਂ ਕਾਰਨ ਭੁਪਿੰਦਰਪ੍ਰਤਿ ਇਸ ਸਮਾਗ਼ਮ ਵਿਚ ਸ਼ਾਮਲ ਨਾ ਹੋ ਸਕੇ ਅਤੇ ਇਹ ਸਨਮਾਨ ਉਨ੍ਹਾਂ ਦੀ ਪਤਨੀ ਬਿਪਨਪ੍ਰੀਤ ਨੇ ਪ੍ਰਾਪਤ ਕੀਤਾ। ਇਸ ਸਨਮਾਨ ਵਿਚ ਸ਼ਾਨਦਾਰ ਯਾਦਗਾਰ-ਚਿੰਨ੍ਹ, ਲੋਈ ਅਤੇ 21,00 ਰੁਪਏ ਦੀ ਰਾਸ਼ੀ ਸ਼ਾਮਲ ਸਨ। ਸਨਮਾਨ-ਪੱਤਰ ਰਾਜਬੀਰ ਵੱਲੋਂ ਪੜ੍ਹਿਆ ਗਿਆ। ਸਮਾਗ਼ਮ ਦੇ ਮੁੱਖ-ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਡਾ. ਐੱਸ.ਪੀ. ਸਿੰਘ ਨੇ ਆਪਣੇ ਸੰਬੋਧਨ ਵਿਚ ਕਈ ਰਾਜਨੀਤਕ ਕਾਰਨਾਂ ਕਰਕੇ ਜਿੱਥੇ ਇਨ੍ਹਾ ਉਪ-ਬੋਲੀਆਂ ਦੇ ਪੰਜਾਬੀ ਬੋਲੀ ਤੋਂ ਦੂਰ ਹੋ ਜਾਣ ਬਾਰੇ ਅਫ਼ਸੋਸ ਦਾ ਇਜ਼ਹਾਰ ਕੀਤਾ, ਉੱਥੇ ਇਨ੍ਹਾਂ ਦੇ ਵਿਚ ਲਿਖੇ ਜਾ ਰਹੇ ਸਾਹਿਤ ਦੀ ਸ਼ਲਾਘਾ ਵੀ ਕੀਤੀ ਅਤੇ ਕਿਹਾ ਕਿ ਇਸ ਨਾਲ ਇਨ੍ਹਾਂ ਉਪ-ਬੋਲੀਆਂ ਦੇ ਵਿਕਾਸ ਦੇ ਰਾਹ ਹੋਰ ਮੋਕਲ੍ਹੇ ਹੋਏ ਹਨ। ਸਮਾਗ਼ਮ ਦੇ ਅਖ਼ੀਰ ਵਿਚ ‘ਨਾਦ ਪ੍ਰਗਾਸੁ ਸੰਸਥਾ’ ਦੇ ਸੰਚਾਲਕ ਪ੍ਰੋ. ਜਗਦੀਸ਼ ਸਿੰਘ ਵੱਲੋਂ ਸਮਾਗ਼ਮ ਦੇ ਮੁੱਖ-ਮਹਿਮਾਨ ਡਾ. ਐੱਸ.ਪੀ. ਸਿੰਘ, ਸਮੂਹ ਮਹਿਮਾਨਾਂ, ਤਿੰਨ ਦਿਨ ਚੱਲੇ ਉਤਸਵ ਵਿਚ ਸ਼ਿਰਕਤ ਕਰਨ ਵਾਲੇ ਵਿਦਵਾਨਾਂ ਅਤੇ ਇਸ ਦੌਰਾਨ ਵੱਖ-ਵੱਖ ਸਮਾਗ਼ਮਾਂ ਵਿਚ ਸ਼ਾਮਲ ਹੋਣ ਵਾਲੇ ਸਰੋਤਿਆਂ ਤੇ ਦਰਸ਼ਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਸਕੂਲੀ ਬੱਚਿਆਂ ਨੂੰ ਦਿੱਤੇ ਜਾਂਦੇ ਮਿਡ ਡੇ ਮੀਲ ਵਿੱਚ ਹੋਰ ਵਧੇਰੇ ਪੌਸ਼ਟਿਕ ਤੱਤਾਂ ਨੂੰ ਯਕੀਨੀ ਬਣਾਇਆ ਜਾਵੇ : ਡੀ.ਪੀ. ਰੈੱਡੀ

## ਖੁਰਾਕ ਕਮਿਸ਼ਨ ਦੇ ਚੇਅਰਮੈਨ ਨੇ ਮਿਡ ਡੇ ਮੀਲ ਸਕੀਮ ਸਬੰਧੀ ਮੀਟਿੰਗ ਦੀ ਕੀਤੀ ਪ੍ਰਧਾਨਗੀ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ ਬੱਚਿਆਂ ਨੂੰ ਮੁਹੱਈਆ ਕਰਵਾਏ ਜਾ ਰਹੇ ਮਿਡ ਡੇ ਮੀਲ ਵਿੱਚ ਹੋਰ ਵਧੇਰੇ ਪੌਸ਼ਟਿਕ ਤੱਤਾਂ ਨੂੰ ਯਕੀਨੀ ਬਣਾਉਣ ‘ਤੇ ਜ਼ੋਰ ਦਿੰਦਿਆਂ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਡੀ.ਪੀ. ਰੈੱਡੀ ਨੇ ਕਿਹਾ ਕਿ ਖਾਣਾ ਪਕਾਉਣ ਲਈ ਤਾਇਨਾਤ ਕੁੱਕ (ਰਸੋਈਏ) ਵੱਲੋਂ ਲੋੜੀਂਦੀ ਸਾਫ-ਸਫਾਈ ਨੂੰ ਯਕੀਨੀ ਬਣਾਇਆ ਜਾਵੇ।

ਇੱਥੇ ਮਗਸੀਪਾ ਵਿਖੇ ਸਕੂਲ ਸਿੱਖਿਆ ਵਿਭਾਗ ਨਾਲ ਸੂਬੇ ਵਿੱਚ ਮਿਡ ਡੇ ਮੀਲ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਰੈੱਡੀ ਨੇ ਕਿਹਾ ਕਿ ਸਮੇਂ-ਸਮੇਂ ‘ਤੇ ਬੱਚਿਆਂ ਦੀ ਸਿਹਤ ਜਾਂਚ ਕਰਨਾ ਵੀ ਸਮੇਂ ਦੀ ਲੋੜ ਹੈ। ਇਸ ਤੋਂ ਇਲਾਵਾ ਬੱਚਿਆਂ ਦਾ ਹੈਲਥ ਪ੍ਰੋਫਾਈਲ (ਸਿਹਤ ਸਬੰਧੀ ਵੇਰਵੇ) ਬਣਾਉਣ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਜੋ ਬੱਚਿਆਂ ਦੀ ਤੰਦਰੁਸਤੀ ਬਾਰੇ ਸਹੀ ਮੁਲਾਂਕਣ ਕੀਤਾ ਜਾ ਸਕੇ।

ਚੇਅਰਮੈਨ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਤਹਿਤ ਫੰਡਾਂ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਤਾਂ ਜੋ ਆਉਣ ਵਾਲੇ 6 ਮਹੀਨਿਆਂ ਵਿੱਚ ਸੂਬੇ ਭਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਲਗਾਏ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਸ੍ਰੀ ਰੈਡੀ ਨੇ ਇਹ ਵੀ ਕਿਹਾ ਕਿ ਕਮਿਸ਼ਨ ਵੱਲੋਂ ਮਿਡ ਡੇ ਮੀਲ ਸਬੰਧੀ ਬਣਾਈ ਗਈ ਲਘੂ ਫਿਲਮ ਵਿਭਾਗ ਦੇ ਐਜੂਸੈਟ ਪਲੇਟਫਾਰਮ ’ਤੇ ਅਪਲੋਡ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕੁੱਕ ਅਤੇ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਧੂੰਏਂ ਤੋਂ ਛੁਟਕਾਰਾ ਪਾਉਣ ਲਈ ਪ੍ਰਾਪਤ ਸਰੋਤਾਂ ਮੁਤਾ-ਬਕ, ਐਗਜ਼ਾਸਟ ਫੈਨ ਪ੍ਰਦਾਨ ਕੀਤੇ ਜਾਣ ।

ਸ੍ਰੀ ਰੈੱਡੀ ਨੇ ਇਸ ਸਬੰਧ ਵਿਚ ਦੂਜੇ ਰਾਜਾਂ ਦੁਆਰਾ ਅਪਣਾਏ ਗਏ ਵਧੀਆ ਅਭਿਆਸਾਂ ਤੋਂ ਸਿੱਖਣ ਦੀ ਮਹੱਤਤਾ ‘ਤੇ ਜੋਰ ਦਿੱਤਾ।

ਕਮਿਸ਼ਨ ਦੀ ਗਤੀਵਿਧੀਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਮਹੱਤਤਾ ‘ਤੇ ਜੋਰ ਦਿੰਦਿਆਂ ਚੇਅਰਮੈਨ ਨੇ ਸਿੱਖਿਆ ਵਿਭਾਗ ਨੂੰ ਕਮਿਸ਼ਨ ਦੇ ਸੋਸ਼ਲ ਮੀਡੀਆ ਹੈਂਡਲਾਂ ਦੀ ਪਾਲਣਾ ਕਰਨ ਲਈ ਕਿਹਾ ਤਾਂ ਜੋ ਕਮਿਸ਼ਨ ਦੀਆਂ ਵੱਖ-ਵੱਖ ਪਹਿਲਕਦਮੀਆਂ ਲਈ ਵਿਆਪਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਲੋਕਾਂ ਵਲੋਂ ਸੁਝਾਅ ਦੇਣ ਅਤੇ ਜਾਗਰੂਕਤਾ ਫੈਲਾਉਣ ਦੇ ਮੱਦੇਨਜ਼ਰ ਸਾਰੀਆਂ ਥਾਵਾਂ ਉੱਤੇ ਨੋਟਿਸ ਬੋਰਡ ਅਤੇ ਸ਼ਿਕਾਇਤ ਬਾਕਸ ਲਗਾਏ ਜਾਣ ਦੀ ਵੀ ਤਾਕੀਦ ਕੀਤੀ ਗਈ।

ਚੇਅਰਮੈਨ ਅਤੇ ਮੈਂਬਰਾਂ ਨੇ ਫੀਲਡ ਦੌਰੇ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਕੁਝ ਮਹੱਤਵਪੂਰਨ ਸੁਝਾਅ ਦਿੱਤੇ। ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ਅਤੇ ਸੁਚੱਜੇ ਢੰਗ ਨਾਲ ਇਸ ਉੱਤੇ ਅਮਲ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਏ.ਕੇ. ਸ਼ਰਮਾ, ਆਈਆਰਐਸ (ਸੇਵਾਮੁਕਤ), ਪ੍ਰੀਤੀ ਚਾਵਲਾ, ਇੰਦਰਾ ਗੁਪਤਾ, ਵਿਜੇ ਦੱਤ, ਚੇਤਨ ਪ੍ਰਕਾਸ਼ ਧਾਲੀਵਾਲ, ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਅਤੇ ਅਧਿਕਾਰੀ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੈ ਬੁਬਲਾਨੀ ਅਤੇ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਫੀਮੇਲ ਹਾਉਸਕੀਪਰ ਦੀ ਲੋੜ

ਮਾਰਖਮ ਹਾਉਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਉਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਉਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Age -35 years, Height-5.4, Caste-Jatt Sikh, Mother - Retired Principal from Government School, 1 brother - Sarpanch of Village, Father - Expired, Education - Marketing, Master of Business administration, Food Media., Status in Canada - Permanent resident. Right now, living in Etobicoke, Girl is never married. Want clean shave boy and Jatt Sikh only. Phone No - (437) 332-8422

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਸਕੂਲਾਂ ਤੇ ਘਰਾਂ ਦੇ ਮਾਹੌਲ ਵਿੱਚ ਤਾਲਮੇਲ ਜਰੂਰੀ : ਸਤਪਾਲ ਸਿੰਘ ਜੌਹਲ

## ਬੱਚੇ ਪੜ੍ਹਾਉਣ ਦੀ ਵਿਦੇਸ਼ਾਂ ਤੋਂ ਲਿਆਂਦੀ ਸੋਚ ਕੈਨੇਡਾ ਦੇ ਸਿੱਖਿਆ ਸਿਸਟਮ ਵਿੱਚ ਕੰਮ ਨਹੀਂ ਕਰਦੀ : ਪ੍ਰਿੰਸੀਪਲ ਬੈਂਸ



ਬਰੈਂਪਟਨ 'ਚ ਫ੍ਰਨਫਾਰੈਸਟ ਪਬਲਿਕ ਸਕੂਲ ਵਿੱਚ ਪਹੁੰਚੇ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨਾਲ਼, ਸੁਪਰਡੈਂਟ ਨੀਰਜਾ ਪੰਜਾਬੀ, ਪ੍ਰਿੰ. ਗੁਰਮੀਤ ਗਿੱਲ (ਸੱਜੇ), ਅਤੇ ਉਪ-ਪ੍ਰਿੰਸੀਪਲ ਸ਼ਿਲਪਾ ਕੋਟੀਆਂ।

ਬਰੈਂਪਟਨ, (ਹਰਜੀਤ ਸਿੰਘ ਬਾਜਵਾ)- ਬਰੈਂਪਟਨ ਦੇ ਵਾਰਡ 9 ਅਤੇ 10 ਤੋਂ ਪੀਲ ਡਿਸਟਰਿਕਟ ਸਕੂਲ ਬੋਰਡ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਬੀਤੇ ਹਫਤਿਆਂ ਤੋਂ ਆਪਣੇ ਹਲਕੇ ਦੇ ਸਕੂਲਾਂ ਦਾ ਦੌਰਾਨ ਕਰਨਾ ਜਾਰੀ ਰੱਖਿਆ ਹੈ ਜਿਸ ਦੌਰਾਨ ਉਨ੍ਹਾਂ ਨੂੰ ਸਕੂਲਾਂ ਦੇ ਸਟਾਫ, ਮਾਪਿਆਂ ਅਤੇ ਬੱਚਿਆਂ ਵਲੋਂ ਭਰਵਾਂ ਸਹਿਯੋਗ ਪ੍ਰਾਪਤ ਹੋ ਰਿਹਾ ਹੈ। ਲੋਕਾਂ ਦਾ ਧੰਨਵਾਦ ਕਰਦਿਆਂ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਬੀਤੇ ਹਫਤਿਆਂ ਦੌਰਾਨ ਪੇਰੈਂਟ ਕੌਂਸਲ ਮੀਟਿੰਗਾਂ ਵਿੱਚ ਜਾ ਕੇ ਅਤੇ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ਼ ਮੁਲਾਕਾਤਾਂ ਕਰਕੇ ਸਕੂਲਾਂ ਵਿੱਚ ਵਰਦੀ ਬਾਰੇ ਲੋਕਾਂ ਦੇ ਵਿਚਾਰ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਬੋਰਡ ਦੀ ਨੀਤੀ ਅਨੁਸਾਰ ਉਸ ਸਕੂਲ ਵਿੱਚ ਵਰਦੀ ਲਾਗੂ ਕਰਨਾ ਸੰਭਵ ਹੈ ਜਿੱਥੇ 70 ਫੀਸਦ ਮਾਪੇ ਅਤੇ ਵਿਦਿਆਰਥੀ ਇਸ ਦੇ ਹੱਕ ਵਿੱਚ ਹੋਣ। ਪਰ ਵੱਖ ਵੱਖ ਭਾਈਚਾਰਿਆਂ ਵਿੱਚ ਇਸ ਬਾਰੇ ਵੱਖ ਵੱਖ ਰਾਏ ਪਾਈ ਜਾ ਰਹੀ ਅਤੇ ਕੈਨੇਡਾ ਦੇ ਬਹੁਸਭਿਆਚਾਰਕ ਸਮਾਜ ਵਿੱਚ ਹਰੇਕ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਜਰੂਰੀ ਹੈ। ਵਾਰਡ 9 'ਚ ਸਥਿਤ ਸਟੈਨਲੀ ਮਿੱਲਜ਼ ਪਬਲਿਕ ਸਕੂਲ ਦੇ ਪ੍ਰਿੰਸੀਪਲ ਦੀਪ ਬੈਂਸ ਨਾਲ਼ ਬੀਤੇ ਹਫਤੇ ਟਰੱਸਟੀ ਸਤਪਾਲ ਸਿੰਘ ਜੌਹਲ ਦੀ ਵਿਸਥਾਰਿਤ ਮੀਟਿੰਗ ਹੋਈ ਜਿਸ ਵਿੱਚ ਸਕੂਲਾਂ ਵਿੱਚ ਲੜਾਈਆਂ, ਨਸ਼ਿਆਂ, ਸਸਪੈਂਸ਼ਨਾਂ, ਹਥਿਆਰਾਂ, ਅਤੇ ਬੱਚਿਆਂ ਦੇ ਵਿਗੜਨ ਬਾਰੇ ਗੱਲਬਾਤ ਕੀਤੀ ਗਈ। ਉਨ੍ਹਾਂ ਆਖਿਆ ਕਿ ਸੋਸ਼ਲ ਮੀਡੀਆ ਦੇ ਇਸ ਸਮੇਂ ਚੱਲ ਰਹੇ ਦੌਰ ਦੌਰਾਨ ਹੁਣ ਸਮਾਂ ਆ ਗਿਆ ਹੈ ਕਿ ਸਕੂਲਾਂ ਵਿੱਚ ਬੱਚਿਆਂ ਨੂੰ ਦਿੱਤੇ ਜਾਂਦੇ ਮਾਹੌਲ ਦਾ ਘਰਾਂ ਵਿੱਚ ਬੱਚਿਆਂ ਨੂੰ ਮਿਲਣ ਵਾਲੇ ਮਾਹੌਲ ਨੇ ਨਾਲ਼ ਮੇਲ਼ ਕਰਦਾ ਹੋਣਾ ਚਾਹੀਦਾ ਹੈ। ਪ੍ਰਿੰਸੀਪਲ ਬੈਂਸ ਨੇ ਕਿਹਾ ਕਿ ਉਹ ਪੇਰੈਂਟ ਕੌਂਸਲ ਵਿੱਚ ਵਰਦੀ ਬਾਰੇ ਵਿਚਾਰ ਰੱਖਣਗੇ ਅਤੇ ਇਸ ਬਾਰੇ ਮਾਪਿਆਂ ਤੋਂ ਮਿਲੀ ਰਾਏ ਦੇ ਅਧਾਰ 'ਤੇ ਕੰਮ ਕੀਤਾ ਜਾਵੇਗਾ। ਸਕੂਲਾਂ ਦੇ ਛੇ ਘੰਟੇ ਤੇ ਘਰਾਂ ਵਿੱਚ ਅਤੇ ਸਮਾਜ ਵਿੱਚ ਬੱਚੇ ਦੇ 18 ਘੰਟੇ ਉਸ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵ ਰੱਖਦੇ ਹਨ ਜਿਸ ਕਰਕੇ ਘਰਾਂ ਵਿੱਚ ਵੀ ਬੱਚਿਆਂ ਦੇ ਕੰਪਿਊਟਰ ਅਤੇ ਫੋਨਾਂ (ਗਰੁੱਪ ਚੈਟਾਂ) ਉਪਰ ਮਾਪਿਆਂ ਦੀ ਚੌਕਸੀ ਤੇ ਕੰਟਰੋਲ ਰਹਿਣਾ ਜਰੂਰੀ ਹੈ। ਇਹ ਵੀ ਕਿ ਬੱਚਿਆਂ ਦੇ ਬੈੱਡਰੂਮ ਵਿੱਚ ਕੰਪਿਊਟਰ ਅਤੇ ਫੋਨ ਨਹੀਂ ਵੜਨ ਦਿੱਤਾ ਜਾਣਾ ਚਾਹੀਦਾ ਅਤੇ ਇਹ ਚੌਕਸੀ ਮਾਪਿਆਂ ਤੋਂ ਬਿਨਾ ਹੋਰ ਕੋਈ ਨਹੀਂ ਰੱਖ ਸਕਦਾ। ਇਕ ਸੱਚ ਇਹ ਹੈ ਕਿ ਮਾਪਿਆਂ ਦੀ ਬੇਧਿਆਨੀ ਕਾਰਨ ਬੱਚੇ ਵਿਗਾੜਾਂ ਦਾ ਸ਼ਿਕਾਰ ਹੋਣ ਲੱਗਦੇ ਹਨ ਅਤੇ ਸਕੂਲਾਂ ਵਿੱਚ ਜਾ ਕੇ ਅਕਸਰ ਉਹ ਵਿਗਾੜ ਹੋਰ ਵੱਡੇ ਹੋ ਸਕਦੇ ਹੁੰਦੇ ਹਨ। ਪ੍ਰਿੰਸੀਪਲ ਬੈਂਸ ਨੇ ਕਿਹਾ ਕਿ ਬੱਚਿਆ ਨੂੰ ਪੜ੍ਹਾਉਣ ਲਈ ਮਾਪਿਆਂ ਵਲੋਂ ਵਿਦੇਸ਼ਾਂ ਤੋਂ ਲਿਆਂਦੀ ਸੋਚ ਕੈਨੇਡਾ ਦੇ ਸਿੱਖਿਆ ਸਿਸਟਮ ਵਿੱਚ ਕਾਰਗਰ ਸਾਬਿਤ ਨਹੀਂ ਹੋ ਸਕਦੀ। ਏਥੇ ਬੱਚਿਆਂ ਦੇ ਬਿਹਤਰੀ ਵਾਸਤੇ ਮਾਪਿਆਂ ਨੂਮ ਟੀਚਰਾਂ ਨਾਲ਼ ਲਗਾਤਾਰ ਸੰਪਰਕ ਅਤੇ ਸਹਿਯੋਗ ਵਿੱਚ ਰਹਿਣਾ ਜਰੂਰੀ ਹੈ। ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਪਿਛਲੇ ਦਿਨੀਂ ਵਾਰਡ 9 ਵਿੱਚ ਫ੍ਰਨਫਾਰੈਸਟ ਪਬਲਿਕ ਸਕੂਲ ਦਾ ਵੀ ਦੌਰਾ ਕੀਤਾ ਸੀ ਜਿੱਥੇ ਪ੍ਰਿੰਸੀਪਲ ਗੁਰਮੀਤ ਗਿੱਲ ਵਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਸਟੈਨਲੀ ਮਿੱਲਜ਼ ਸਕੂਲ ਅਤੇ ਫ੍ਰਨਫਾਰੈਸਟ ਸਕੂਲਾਂ ਦੀ ਖੂਬਸੂਰਤੀ ਇਹ ਹੈ ਕਿ ਬੀਤੇ ਸਾਲਾਂ ਵਿੱਚ ਓਥੇ ਕੋਈ ਵੀ ਬੱਚਾ ਸਸਪੈਂਡ ਨਹੀਂ ਕਰਨਾ ਪਿਆ ਜਦਕਿ ਲੁਈਸ ਆਰਬਰ, ਕੈਸਲਬਰੁੱਕ, ਰੌਸ ਡ੍ਰਾਈਵ ਸਮੇਤ ਹਲਕੇ ਦੇ ਕਈ ਹੋਰ ਸਕੂਲਾਂ ਵਿੱਚ ਹਾਲਾਤ ਬੜੇ ਵੱਖਰੇ ਹਨ ਜਿੱਥੋਂ ਲੜਾਈਆਂ, ਨਸ਼ਿਆਂ, ਵਿਤਕਰੇ ਕਾਰਨ ਕਈ ਬੱਚੇ ਸਸਪੈਂਡ ਕੀਤੇ ਗਏ ਅਤੇ ਸਕੂਲਾਂ ਵਿੱਚੋਂ ਕੱਢੇ ਵੀ ਗਏ ਜਿਨ੍ਹਾਂ ਵਿੱਚ ਪੰਜਾਬੀ ਬੱਚਿਆਂ ਦੀ ਚੋਖੀ ਗਿਣਤੀ ਹੈ। ਪ੍ਰਿੰਸੀਪਲ ਬੈਨਸ ਨੇ ਕਿਹਾ ਕਿ ਸਕੂਲ ਦੇ ਸਿਸਟਮ ਵਿੱਚ ਕਿਸੇ ਇਕ ਕਮਿਊਨਟੀ ਦੇ ਬੱਚਿਆਂ ਅਤੇ ਮਾਪਿਆਂ ਨਾਲ਼ ਲਿਹਾਜ਼ ਅਤੇ ਹੋਰਨਾਂ ਕਮਿਊਨਿਟੀਆਂ ਦੇ ਬੱਚਿਆਂ ਤੇ ਮਾਪਿਆਂ ਨਾਲ਼ ਵਿਤਕਰੇ ਜਾਂ ਵਧੀਕੀ ਨੂੰ ਸਵਿਕਾਰ ਨਹੀਂ ਕੀਤੀ ਜਾਂਦੀ ਅਤੇ ਹਰੇਕ ਸਥਿਤੀ ਨੂੰ ਨਿਯਮਾਂ ਤਹਿਤ (ਜ਼ਰੂਰਤ ਹੋਵੇ ਤਾਂ ਸਖਤੀ ਨਾਲ਼) ਨਜਿੱਠਿਆ ਜਾਂਦਾ ਹੈ।

# ਅੰਮ੍ਰਿਤਸਰ ਸ਼ਹਿਰ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਰਾਜ ਸਰਕਾਰ ਖਰਚੇਗੀ 16 ਕਰੋੜ ਰੁਪਏ : ਡਾ. ਨਿੱਜਰ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ਼ ਸੁਥਰਾ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਕਰੀਬ 16 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਹੈ।



ਕੈਬਨਿਟ ਮੰਤਰੀ ਨੇ ਕਿਹਾ ਕਿ ਇੰਡੀਆ ਗੇਟ ਤੋਂ ਰੇਲਵੇ ਸਟੇਸ਼ਨ ਤੱਕ ਜੀ.ਟੀ. ਰੋਡ ਦੀ ਰੀ-ਕੰਡੀਸ਼ਨਿੰਗ ਅਤੇ ਡਿਵੈਲਪਮੈਂਟ ਲਈ ਤਕਰੀਬਨ 15 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਸੁੰਦਰੀਕਰਨ ਲਈ ਸੀਮਿੰਟ ਆਧਾਰਿਤ ਪੇਂਟ ਨਾਲ ਪੁਲਾਂ ਦੀ ਪੇਂਟਿੰਗ 'ਤੇ ਲਗਭਗ 48 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਕਬੀਰ ਪਾਰਕ ਐਕਸਟੈਂਸ਼ਨ ਸਕੀਮ ਵਿੱਚ ਫੁੱਟਪਾਥ ਦੀ ਮੁਰੰਮਤ ਅਤੇ ਸੜਕ ਸੁਰੱਖਿਆ ਚਿੰਨ੍ਹ ਅਤੇ ਵਿਸ਼ੇਸ਼ਤਾਵਾਂ ਦੀ ਸਪਲਾਈ/ਨਿਰਮਾਣ ਲਈ ਕ੍ਰਮਵਾਰ 25 ਲੱਖ ਰੁਪਏ ਅਤੇ 49 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਕੇਂਦਰ ਦੇ ਕਿਨਾਰਿਆਂ, ਕਰਬ ਸਟੋਨ, ਸਟਰੀਟ ਲਾਈਟ ਦੇ ਖੰਭਿਆਂ ਅਤੇ ਗੈਂਟਰੀਆਂ ਆਦਿ ਦੀ ਮੁਰੰਮਤ ਅਤੇ ਪੇਂਟਿੰਗ ਲਈ ਲਗਭਗ 49 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਨ੍ਹਾਂ ਕੰਮਾਂ ਲਈ ਦਫ਼ਤਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਦੀ ਵੱਡੀ ਅਬਾਦੀ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਮਿਲੇਗਾ।

ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਪਾਰ-ਦਰਸ਼ਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ।

# ਭਵਿੱਖ 'ਚ ਪ੍ਰੇਸ਼ਾਨੀਆਂ ਤੋਂ ਬਚਣ ਲਈ ਬੱਚੇ ਨੂੰ ਕਾਨੂੰਨੀ ਪ੍ਰਕਿਰਿਆ ਨਾਲ ਲਿਆ ਜਾਵੇ ਗੋਦ : ਡਾ. ਬਲਜੀਤ ਕੌਰ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ): ਬੱਚੇ ਨੂੰ ਪੂਰੇ ਕਾਨੂੰਨੀ ਢੰਗ ਨਾਲ ਗੋਦ ਲਿਆ ਜਾਵੇ ਤਾਂ ਜੋ ਭਵਿੱਖ 'ਚ ਕਿਸੇ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕੇ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇੱਥੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆ ਡਾ. ਬਲਜੀਤ ਕੌਰ ਨੇ ਦੱਸਿਆ ਕਿ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਸੈਂਟਰਲ ਅਡਾਪਸ਼ਨ ਰਿਸੋਰਸ ਏਜੰਸੀ (ਕਾਰਾ) ਦੀ ਵੈਬਸਾਇਟ 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਨ ਨਾਲ ਸ਼ੁਰੂ ਹੁੰਦੀ ਹੈ। ਬੱਚਾ ਗੋਦ ਲੈਣ ਦਾ ਕੋਈ ਚਾਹਵਾਨ ਜੇਕਰ ਆਨਲਾਈਨ ਰਜਿਸਟ੍ਰੇਸ਼ਨ ਨਹੀਂ ਕਰ ਸਕਦਾ ਤਾਂ ਉਹ ਆਪਣੇ ਜ਼ਿਲ੍ਹੇ ਦੀ ਬਾਲ ਸੁਰੱਖਿਆ ਯੂਨਿਟ ਨਾਲ ਸੰਪਰਕ ਕਰ ਸਕਦਾ ਹੈ ਅਤੇ ਦੇਸ਼ ਜਾਂ ਵਿਦੇਸ਼ ਵਿੱਚੋਂ ਬੱਚੇ ਗੋਦ ਲੈਣ ਦੀ ਕਾਨੂੰਨੀ ਪ੍ਰਕਿਰਿਆ ਬਾਰੇ ਜਾਣਕਾਰੀ ਲੈ ਸਕਦਾ ਹੈ।


Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8




SOLD
$1,399,999
CASTLEMORE/GOREWAY


SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866


SOLD
$1,950,000
26 Yellow RomeRd


# ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ। ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1


ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
RSFO
Ramgarhia Sikh Foundation of Ontario
Ramgarhia Sikh Foundation of Ontario
10th International Award 2023
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu, Chairman, 416-305-9878
Jasbir S. Sehmbi, Vice Chairman, 437-774-1410
Manjit S. Bhachu, President, 416-275-2374
Jarnail S. Matharu, Treasurer, 416-409-6207
Hardial S. Jheeta, General Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

# ਫਿਲਮੀ ਦੁਨੀਆ

## 'ਦਿ ਕਰਿਊ' ਵਿੱਚ ਦਿਖਾਈ ਦੇਣਗੇ ਦਲਜੀਤ




ਉੜਤਾ ਪੰਜਾਬ' ਅਤੇ 'ਸੂਰਮਾ' ਸਮੇਤ ਹੋਰ ਫ਼ਿਲਮਾਂ ਵਿੱਚ ਆਪਣਾ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੇ ਅਦਾਕਾਰ ਅਤੇ ਗਾਇਕ ਦਲਜੀਤ ਦੁਸਾਂਝ, ਹੁਣ ਫ਼ਿਲਮ 'ਦਿ ਕਰਿਊ' ਵਿੱਚ ਦਿਖਾਈ ਦੇਣਗੇ। ਇਸ ਫ਼ਿਲਮ ਵਿੱਚ ਅਦਾਕਾਰਾ ਤੱਬੂ, ਕਰੀਨਾ ਕਪੂਰ ਖਾਨ ਅਤੇ ਕ੍ਰਿਤੀ ਸਨਨ ਵੀ ਅਹਿਮ ਭੂਮਿਕਾਵਾਂ ਵਿਚ ਹਨ। ਇਹ ਕਾਮੇਡੀ ਫ਼ਿਲਮ ਸੰਘਰਸ਼ਸ਼ੀਲ ਏਅਰਲਾਈਨ ਸਨਅਤ ਵਿਚਲੀਆਂ ਖਾਮੀਆਂ 'ਤੇ ਆਧਾਰਿਤ ਹੈ। ਫ਼ਿਲਮ ਨਿਰਮਾਤਾ ਰੀਆ ਕਪੂਰ ਨੇ ਕਿਹਾ ਕਿ ਅਸੀਂ ਦਿਲਜੀਤ ਦੇ ਮਿਆਰੀ ਪ੍ਰਾਜੈਕਟਾਂ ਲਈ ਉਸ ਦੀ ਸੂਝ ਨੂੰ ਦੇਖਦੇ ਹੋਏ ਕਲਾਕਾਰਾਂ ਵਿੱਚ ਉਸ ਦੇ ਸ਼ਾਮਲ ਹੋਣ 'ਤੇ ਬਹੁਤ ਖੁਸ਼ ਹਾਂ। ਇਹ ਇਕ ਵੱਖਰੀ ਫ਼ਿਲਮ ਹੈ, ਕਿਉਂਕਿ ਤੁਸੀਂ ਪਹਿਲਾਂ ਕਦੇ ਵੀ ਅਜਿਹੀ ਫ਼ਿਲਮ ਨਹੀਂ ਦੇਖੀ। ਮੈਂ ਅਤੇ ਅਦਾਕਾਰ, ਦਰਸ਼ਕਾਂ ਨੂੰ ਸਿਨੇਮਾ ਦਾ ਯਾਦਗਾਰੀ ਤਜਰਬਾ ਦੇਣ ਲਈ ਬਹੁਤ ਖੁਸ਼ ਹਾਂ। ਫ਼ਿਲਮ ਦੀ ਕਹਾਣੀ ਤਿੰਨ ਔਰਤਾਂ ਦੁਆਲੇ ਘੁੰਮਦੀ ਹੈ, ਜੋ ਕੰਮ ਕਰਦੀਆਂ ਹਨ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਦੌਰਾਨ ਉਨ੍ਹਾਂ ਦੀ ਕਿਸਮਤ ਉਨ੍ਹਾਂ ਨੂੰ ਕੁਝ ਅਣਕਿਆਸੀਆਂ ਅਤੇ ਗੈਰ-ਵਾਜਬ ਸਥਿਤੀਆਂ ਵੱਲ ਲੈ ਜਾਂਦੀ ਹੈ। ਇਸ ਨਾਲ ਉਹ ਝੂਠ ਦੇ ਜਾਲ ਵਿੱਚ ਫਸ ਜਾਂਦੀਆਂ ਹਨ। ਰਾਜੇਸ਼ ਕ੍ਰਿਸ਼ਨਨ ਵੱਲੋਂ ਨਿਰਦੇਸ਼ਿਤ, ਬਾਲਾਜੀ ਮੋਸ਼ਨ ਪਿਕਚਰਜ਼ ਲਿਮਟਿਡ ਅਤੇ ਅਨਿਲ ਕਪੂਰ ਪ੍ਰੋਡਕਸ਼ਨ ਵੱਲੋਂ ਬਣਾਈ ਇਹ ਫਿਲਮ ਇਸ ਸਾਲ ਮਾਰਚ ਮਹੀਨੇ ਦੇ ਅੰਤ ਤੱਕ ਸਿਨੇਮਾਘਰਾਂ ਵਿਚ ਆਵੇਗੀ।

## ਦੁਬਾਰਾ ਫਿਰ ਨਜ਼ਰ ਆਵੇਗੀ ਸੰਜੇ ਦੱਤ ਅਤੇ ਅਰਸ਼ਦ ਵਾਰਸੀ ਦੀ ਜੋੜੀ



ਮੁੰਨਾ ਭਾਈ ਅਤੇ ਸਰਕਿਟ ਦੀ ਜੋੜੀ ਤਾਂ ਤੁਹਾਨੂੰ ਯਾਦ ਹੀ ਹੋਵੇਗੀ। ਇੱਕ ਵਾਰ ਫਿਰ ਇਸ ਪਰਫੈਕਟ ਅਤੇ ਸਭ ਤੋਂ ਮਨਪਸੰਦ ਜੋੜੀ ਨੂੰ ਦੇਖਣ ਲਈ ਤਿਆਰ ਹੋ ਜਾਓ। ਜੀ ਹਾਂ, ਸੰਜੇ ਦੱਤ ਅਤੇ ਅਰਸ਼ਦ ਵਾਰਸੀ ਇੱਕ ਵਾਰ ਫਿਰ ਇਕੱਠੇ ਨਜ਼ਰ ਆਉਣ ਵਾਲੇ ਹਨ। ਸੰਜੇ ਦੱਤ ਨੇ ਇੱਕ ਪੋਸਟਰ ਸ਼ੇਅਰ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਸੰਜੇ ਦੱਤ ਅਤੇ ਅਰਸ਼ਦ ਵਾਰਸੀ ਦੀ ਫਿਲਮ 'ਮੁੰਨਾ ਭਾਈ 3' ਦਾ ਇੰਤਜ਼ਾਰ ਪ੍ਰਸ਼ੰਸਕ ਲੰਬੇ ਸਮੇਂ ਤੋਂ ਕਰ ਰਹੇ ਹਨ। ਅੱਜ ਗਣਤੰਤਰ ਦਿਵਸ ਦੇ ਮੌਕੇ 'ਤੇ ਨਿਰਮਾਤਾਵਾਂ ਨੇ ਐਲਾਨ ਕੀਤਾ ਹੈ ਕਿ ਮੁੰਨਾਭਾਈ ਐੱਮ.ਬੀ.ਬੀ.ਐੱਸ ਜਲਦੀ ਹੀ ਸੀਕਵਲ ਨਾਲ ਬਾਕਸ ਆਫਿਸ 'ਤੇ ਦਸਤਕ ਦੇਵੇਗੀ। ਇਸ ਦਾ ਪੋਸਟਰ ਸੰਜੇ ਦੱਤ ਨੇ ਆਪਣੇ ਇੰਸਟਾਗ੍ਰਾਮ 'ਤੇ ਵੀ ਸਾਂਝਾ ਕੀਤਾ ਹੈ। ਇਸ ਪੋਸਟਰ 'ਚ ਸੰਜੇ ਅਤੇ ਅਰਸ਼ਦ ਜੇਲ੍ਹ 'ਚ ਨਜ਼ਰ ਆ ਰਹੇ ਹਨ। ਦੋਵਾਂ ਨੇ ਕੈਦੀਆਂ ਦੇ ਕੱਪੜੇ ਪਾਏ ਹੋਏ ਹਨ ਅਤੇ ਉਹ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਸ ਪੋਸਟਰ ਨੂੰ ਸ਼ੇਅਰ ਕਰਦੇ ਹੋਏ ਸੰਜੇ ਨੇ ਕੈਪਸ਼ਨ 'ਚ ਲਿਖਿਆ- "ਸਾਡਾ ਇੰਤਜ਼ਾਰ ਤੁਹਾਡੇ ਸਾਰਿਆਂ ਤੋਂ ਵੱਧ ਸੀ। ਮੈਂ ਆਪਣੇ ਭਰਾ ਅਰਸ਼ਦ ਵਾਰਸੀ ਦੇ ਨਾਲ ਇੱਕ ਵਾਰ ਫਿਰ ਸ਼ਾਨਦਾਰ ਫਿਲਮ ਲੈ ਕੇ ਆ ਰਿਹਾ ਹਾਂ। ਤੁਹਾਨੂੰ ਸਾਰਿਆਂ ਨੂੰ ਇਹ ਫਿਲਮ ਦਿਖਾਉਣ ਲਈ ਇੰਤਜ਼ਾਰ ਮੈਂ ਨਹੀਂ ਕਰ ਸਕਦਾ। ਜੁੜੇ ਰਹੋ।" ਹਾਲਾਂਕਿ ਅਜੇ ਤੱਕ ਸੰਜੇ ਦੱਤ ਅਤੇ ਮੇਕਰਸ ਨੇ ਫਿਲਮ ਦੇ ਟਾਈਟਲ ਦਾ ਖੁਲਾਸਾ ਨਹੀਂ ਕੀਤਾ ਹੈ। ਪਰ ਅਰਸ਼ਦ ਅਤੇ ਸੰਜੇ ਦੀ ਲੁੱਕ ਨੂੰ ਦੇਖ ਕੇ ਤਾਂ ਲੱਗ ਰਿਹਾ ਹੈ ਕਿ ਜਿਵੇਂ ਇਸ ਵਾਰ ਇਸ ਸੀਕਵਲ 'ਚ ਕੁਝ ਖਿਚੜੀ ਪੱਕਣ ਵਾਲੀ ਹੈ। ਨਿਰਦੇਸ਼ਕ ਰਾਜਕੁਮਾਰ ਹਿਰਾਨੀ ਦੀ ਫਿਲਮ 'ਮੁੰਨਾ ਭਾਈ ' ਸਾਲ 2003 'ਚ ਰਿਲੀਜ਼ ਹੋਈ ਸੀ। ਫਿਲਮ ਨੇ ਬਾਕਸ ਆਫਿਸ 'ਤੇ ਕਾਫ਼ੀ ਚੰਗਾ ਪ੍ਰਦਰਸ਼ਨ ਕੀਤਾ ਸੀ।

## ਮਨੋਜ ਬਾਜਪਾਈ ਨੇ 'ਗੈਂਗਜ਼ ਆਫ ਵਾਸੇਪੁਰ' ਵਿੱਚ ਕੱਪੜੇ ਧੋਣ ਵਾਲੇ ਆਪਣੇ ਦ੍ਰਿਸ਼ ਨੂੰ ਕੀਤਾ ਯਾਦ



ਮਨੋਜ ਬਾਜਪਾਈ ਨੇ ਫ਼ਿਲਮ 'ਗੈਂਗਜ਼ ਆਫ ਵਾਸੇਪੁਰ' ਵਿੱਚ ਕੱਪੜੇ ਧੋਣ ਵਾਲੇ ਆਪਣੇ ਦ੍ਰਿਸ਼ ਬਾਰੇ ਗੱਲ ਕਰਦਿਆਂ ਕਿਹਾ ਕਿ ਅਸਲ 'ਚ ਇਹ ਸਾਰਾ ਦ੍ਰਿਸ਼ ਰੀਮਾ ਸੇਨ ਦੇ ਆਡੀਸ਼ਨ ਵੇਲੇ ਹੀ ਅੰਤਿਮ ਰੂਪ ਵਿੱਚ ਤਿਆਰ ਕੀਤਾ ਗਿਆ ਸੀ।' ਅਦਾਕਾਰ ਨੇ ਕਿਹਾ, 'ਇੱਕ ਦਿਨ ਮੈਨੂੰ ਅਨੁਰਾਗ ਕਸ਼ਯਪ ਜੀ ਨੇ ਆਪਣੇ ਨਾਲ ਆਡੀਸ਼ਨ ਵਿੱਚ ਚੱਲਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਮੈਨੂੰ ਦ੍ਰਿਸ਼ ਵਿੱਚ ਇਸ ਤਰ੍ਹਾਂ ਖੜ੍ਹੇ ਹੋਣ ਲਈ ਕਿਹਾ, ਜਿੱਥੋਂ ਸਿਰਫ਼ ਉਹ ਮੈਨੂੰ ਵੇਖ ਸਕਦੇ ਸਨ।' 'ਸੱਤਿਆ', 'ਕੌਨ?' 'ਸ਼ੂਲ', 'ਰਾਜਨੀਤੀ' ਤੇ 'ਅਲੀਗੜ੍ਹ' ਵਰਗੀਆਂ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੇ ਅਦਾਕਾਰ ਇਸ ਵਾਰ 'ਦਿ ਕਪਿਲ ਸ਼ਰਮਾ ਸ਼ੋਅ' ਵਿੱਚ ਫਿਲਮ 'ਗੈਂਗਜ਼ ਆਫ ਵਾਸੇਪੁਰ' ਦੀ ਪੂਰੀ ਟੀਮ ਨਾਲ ਸ਼ਾਮਲ ਹੋਏ ਹਨ। ਇਸ ਦੌਰਾਨ ਫਿਲਮ ਵਿਚਲੇ ਕੱਪੜੇ ਧੋਣ ਵਾਲੇ ਦ੍ਰਿਸ਼ ਬਾਰੇ ਗੱਲ ਕਰਦਿਆਂ ਮਨੋਜ ਨੇ ਕਿਹਾ, 'ਜਦੋਂ ਆਡੀਸ਼ਨ ਦੌਰਾਨ ਰੀਮਾ ਕੱਪੜੇ ਧੋ ਰਹੀ ਸੀ ਤੇ ਅਨੁਰਾਗ ਨੇ ਇੱਕਦਮ ਮੈਨੂੰ ਇਸ ਦ੍ਰਿਸ਼ ਵਿੱਚ ਸ਼ਾਮਲ ਹੋਣ ਲਈ ਕਿਹਾ। ਮੈਂ ਹੈਰਾਨ ਸੀ, ਪਰ ਮੈਂ ਜਿਵੇਂ ਕਿਹਾ ਗਿਆ, ਉਵੇਂ ਕੀਤਾ। ਬਾਅਦ ਵਿੱਚ ਸਾਨੂੰ ਪਤਾ ਲੱਗਿਆ ਕਿ ਜੋ ਕੁਝ ਅਸੀਂ ਰਿਹਰਸਲ ਦੌਰਾਨ ਕੀਤਾ ਸੀ, ਉਹੀ ਅਸਲ ਦ੍ਰਿਸ਼ ਬਣਾ ਦਿੱਤਾ ਗਿਆ ਸੀ।

## ਸ੍ਰੀਦੇਵੀ ਦੀ ਜੀਵਨੀ 'ਲਾਈਫ ਆਫ ਏ ਲੈਜੈਂਡ' ਬਣੇਗੀ



ਫਿਲਮ ਨਿਰਮਾਤਾ ਬੋਨੀ ਕਪੂਰ ਨੇ ਆਪਣੀ ਮਰਹੂਮ ਪਤਨੀ ਤੇ ਅਦਾਕਾਰਾ ਸ੍ਰੀਦੇਵੀ ਦੀ ਜੀਵਨੀ 'ਲਾਈਫ ਆਫ ਏ ਲੈਜੈਂਡ' ਦਾ ਐਲਾਨ ਕੀਤਾ ਹੈ। ਇਹ ਐਲਾਨ ਬੋਨੀ ਕਪੂਰ ਨੇ ਸੋਸ਼ਲ ਮੀਡੀਆ 'ਤੇ ਕੀਤਾ ਹੈ। ਬੋਨੀ ਕਪੂਰ ਨੇ ਕਿਹਾ, ''ਸ੍ਰੀਦੇਵੀ ਵਿੱਚ ਕੁਦਰਤੀ ਤਾਕਤ ਸੀ। ਉਹ ਸਕਰੀਨ 'ਤੇ ਆਪਣੇ ਦਰਸ਼ਕਾਂ ਸਾਹਮਣੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਕੇ ਸਭ ਤੋਂ ਵੱਧ ਖੁਸ਼ ਹੁੰਦੀ ਸੀ। ਉਹ ਨਿੱਜੀ ਤੌਰ 'ਤੇ ਬਹੁਤ ਹੀ ਜ਼ਹੀਨ ਤੇ ਇਕੱਲਤਾ ਪਸੰਦ ਕਰਨ ਵਾਲੀ ਇਨਸਾਨ ਸੀ।'' ਪਰਿਵਾਰ ਦੇ ਇੱਕ ਕਰੀਬੀ ਧੀਰਜ ਕੁਮਾਰ ਵੱਲੋਂ ਸ੍ਰੀਦੇਵੀ 'ਤੇ ਇਹ ਕਿਤਾਬ ਲਿਖੀ ਗਈ ਹੈ। ਬੋਨੀ ਨੇ ਦੱਸਿਆ, ''ਧੀਰਜ ਇੱਕ ਖੋਜਾਰਥੀ, ਲੇਖਕ ਤੇ ਕਾਲਮਨਵੀਸ ਹੈ। ਸਾਨੂੰ ਖੁਸ਼ੀ ਹੈ ਕਿ ਧੀਰਜ ਦੀ ਕਲਮ ਸ੍ਰੀਦੇਵੀ ਦੇ ਅਸਾਧਾਰਨ ਜੀਵਨ ਨੂੰ ਬਿਆਨੇਗੀ।''

## ਵਰੁਣ ਧਵਨ ਦੇ ਨਾਲ ਕੰਮ ਕਰੇਗੀ ਸਾਮੰਥਾ






ਪ੍ਰਾਈਮ ਵੀਡੀਓ ਨੇ ਘੋਸ਼ਣਾ ਕੀਤੀ ਹੈ ਕਿ ਪ੍ਰਾਈਮ ਵੀਡੀਓ ਤੇ ਰੂਸੋ ਬ੍ਰਦਰਜ਼ ਏ. ਜੀ. ਬੀ. ਓ. ਦੀ ਗਲੋਬਲ ਈਵੈਂਟ ਸੀਰੀਜ਼, ਸਿਟਾਡੇਲ ਯੂਨੀਵਰਸ ਦੇ ਇੰਡੀਅਨ ਇੰਸਟਾਲਮੈਂਟ 'ਚ ਵਰੁਣ ਧਵਨ ਦੇ ਨਾਲ ਮੁੱਖ ਭੂਮਿਕਾ 'ਚ ਸਾਮੰਥਾ ਰੂਥ ਪ੍ਰਭੂ ਅਭਿਨੈ ਕਰੇਗੀ। ਭਾਰਤ 'ਚ ਬਣੀ ਇਹ ਬਿਨਾਂ ਸਿਰਲੇਖ ਵਾਲੀ ਸਿਟਾਡੇਲ ਸੀਰੀਜ਼, ਮਸ਼ਹੂਰ ਅਭਿਨੇਤਾ ਰਾਜ ਤੇ ਡੀ.ਕੇ. (ਰਾਜ ਨਿਦੀਮੋਰੂ ਅਤੇ ਕ੍ਰਿਸ਼ਨਾ ਡੀ.ਕੇ) ਇਸ ਸੀਰੀਜ਼ ਦੇ ਸ਼ੋਅਰਨਰ ਤੇ ਨਿਰਦੇਸ਼ਕ ਹਨ। ਵਰੁਣ ਧਵਨ ਤੋਂ ਇਲਾਵਾ ਕਈ ਪ੍ਰਤਿਭਾਸ਼ਾਲੀ ਅਭਿਨੇਤਾ ਉਨ੍ਹਾਂ ਨਾਲ ਨਜ਼ਰ ਆਉਣ ਵਾਲੇ ਹਨ। ਸਾਮੰਥਾ ਰੂਥ ਪ੍ਰਭੂ ਨੇ ਕਿਹਾ, "ਜਦੋਂ ਪ੍ਰਾਈਮ ਵੀਡੀਓ ਤੇ ਰਾਜ ਐਂਡ ਡੀ.ਕੇ. ਨੇ ਮੇਰੇ ਨਾਲ ਪ੍ਰਾਜੈਕਟ ਲਈ ਸੰਪਰਕ ਕੀਤਾ ਤਾਂ ਮੈਂ ਤੁਰੰਤ ਫੈਸਲਾ ਲਿਆ। ਮੈਂ 'ਦਿ ਫੈਮਿਲੀ ਮੈਨ' 'ਚ ਇਸ ਟੀਮ ਨਾਲ ਕੰਮ ਕੀਤਾ ਹੈ, ਇਸ ਲਈ ਇਹ ਮੇਰੇ ਲਈ ਘਰ ਵਾਪਸੀ ਵਰਗਾ ਹੈ।" ਪ੍ਰਾਈਮ ਵੀਡੀਓ ਦੇ ਇੰਡੀਆ ਓਰੀਜਨਲਜ਼ ਦੀ ਮੁਖੀ ਅਪਰਨਾ ਪੁਰੋਹਿਤ ਨੇ ਕਿਹਾ, ਸਾਮੰਥਾ ਨੂੰ ਲੈ ਕੇ ਇਕ ਵਾਰ ਫਿਰ ਇਕੱਠੇ ਕੰਮ ਕਰ ਕੇ ਬਹੁਤ ਉਤਸ਼ਾਹਿਤ ਮਹਿਸੂਸ ਕਰ ਰਹੇ ਹਾਂ। ਉਸ ਨੇ ਆਪਣਾ ਸਟ੍ਰੀਮਿੰਗ ਸਫ਼ਰ 'ਦਿ ਫੈਮਿਲੀ ਮੈਨ ਸੀਜ਼ਨ 2' ਨਾਲ ਸ਼ੁਰੂ ਕੀਤਾ। ਇਸ ਦੌਰ 'ਚ ਉਹ ਫ਼ਲਿਮ ਇੰਡਸਟਰੀ ਦੇ ਉੱਘੇ ਅਦਾਕਾਰਾਂ 'ਚੋਂ ਇਕ ਹਨ। ਉਸ ਪਲ ਦਾ ਬੇਸਬਰੀ ਨਾਲ ਇੰਤਜ਼ਾਰ ਹੈ ਜਦੋਂ ਦਰਸ਼ਕ ਉਸ ਨੂੰ ਪਰਦੇ 'ਤੇ ਨਵੇਂ ਅਵਤਾਰ 'ਚ ਦੇਖਣਗੇ।

## ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਦੀ ਸਰਹੱਦ 'ਤੇ ਬਣ ਰਿਹਾ ਸੋਨੂੰ ਸੂਦ ਦੇ ਨਾਮ 'ਤੇ ਮੰਦਰ




ਪੱਤਰਕਾਰ ਵਿਰਾਲ ਭਿਆਨੀ ਵੱਲੋਂ ਹਾਲ ਹੀ ਵਿੱਚ ਇੱਕ ਵੀਡੀਓ ਸਾਂਝੀ ਕੀਤੀ ਗਈ ਸੀ, ਜਿਸ ਵਿੱਚ ਸੋਨੂੰ ਸੂਦ ਦਾ ਪੁਤਲਾ ਬਣਿਆ ਹੋਇਆ ਸੀ ਤੇ ਪਿੱਛੇ ਲੱਗੇ ਬੈਨਰ 'ਤੇ ਲਿਖਿਆ ਹੋਇਆ ਸੀ, 'ਭਾਰਤ ਦੇ ਅਸਲੀ ਹੀਰੋ ਸੋਨੂੰ ਸੂਦ ਦਾ ਮੰਦਰ'। ਇਸ ਸਬੰਧੀ ਪੁੱਛੇ ਜਾਣ 'ਤੇ ਅਦਾਕਾਰ ਨੇ ਕਿਹਾ, ''ਹਾਂ ਮੈਨੂੰ ਹੁਣੇ ਇਹ ਖ਼ਬਰ ਮਿਲੀ ਹੈ ਕਿ ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਦੀ ਸਰਹੱਦ 'ਤੇ ਮੇਰੇ ਨਾਂ 'ਤੇ ਇੱਕ ਹੋਰ ਮੰਦਰ ਬਣਾਇਆ ਜਾ ਰਿਹਾ ਹੈ। ਤੁਹਾਨੂੰ ਪਤਾ ਹੈ ਕਿ ਇਹ ਤਿਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਚੇਨੱਈ ਤੋਂ ਬਾਅਦ ਚੌਥਾ ਮੰਦਰ ਤਿਆਰ ਹੋ ਰਿਹਾ ਹੈ। ਮੇਰੇ ਕੋਲ ਇਸ ਬਾਰੇ ਕਹਿਣ ਲਈ ਸ਼ਬਦ ਹੀ ਨਹੀਂ ਹਨ। ਲੋਕਾਂ ਵੱਲੋਂ ਮਿਲ ਰਹੇ ਇਸ ਬੇਹਿਸਾਬ ਪਿਆਰ ਲਈ ਮੈਂ ਖ਼ੁਦ ਨੂੰ ਖੁਸ਼ਕਿਸਮਤ ਮੰਨਦਾ ਹਾਂ, ਸੋਨੂੰ ਸੂਦ ਨੇ ਕਿਹਾ ਕਿ ਮੈਂ ਇਸ ਸਭ ਦੇ ਲਾਇਕ ਨਹੀਂ ਹਾਂ। ਮੈਂ ਕਦੇ ਨਹੀਂ ਸੀ ਸੋਚਿਆ ਕਿ ਇੱਕ ਦਿਨ ਇਹ ਪਿਆਰ ਮੇਰੇ 'ਤੇ ਵੀ ਨਿਛਾਵਰ ਹੋਵੇਗਾ। ਮੈਂ ਹਰ ਉਸ ਸ਼ਖ਼ਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ ਮੇਰੇ ਨਾਂ 'ਤੇ ਮੰਦਰ ਬਣਾ ਰਿਹਾ ਹੈ, ਪਰ ਉਨ੍ਹਾਂ ਨੂੰ ਇਸ ਦੀ ਥਾਂ ਸਕੂਲ ਜਾਂ ਹਸਪਾਤਲ ਬਣਾਉਣੇ ਚਾਹੀਦੇ ਹਨ ਤਾਂ ਜੋ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ।''




## ਸੁਸ਼ਮਿਤਾ ਸੇਨ ਦੀ ਫਿਲਮ 'ਆਰਿਆ ਸੀਜ਼ਨ 3' ਦਾ ਟੀਜ਼ਰ ਹੋਇਆ ਰਿਲੀਜ਼

ਸੁਸ਼ਮਿਤਾ ਸੇਨ ਦੀ 'ਆਰਿਆ ਸੀਰੀਜ਼' ਦੇ ਦੋਵੇਂ ਸੀਜ਼ਨ ਓਟੀਟੀ ਪਲੇਟਫਾਰਮ 'ਤੇ ਬਹੁਤ ਹਿੱਟ ਰਹੇ ਸਨ। ਅਦਾਕਾਰਾ ਦੇ ਪ੍ਰਸ਼ੰਸਕ ਲੰਬੇ ਸਮੇਂ ਤੋਂ ਇਸ ਸੀਰੀਜ਼ ਦੀ ਤੀਜੀ ਕਿਸ਼ਤ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਟੀਜ਼ਰ ਵਿੱਚ, ਸੁਸ਼ਮਿਤਾ ਕਾਲੇ ਫੁੱਲ-ਸਲੀਵ ਟਾਪ ਅਤੇ ਵੱਡੇ ਸਨਗਲਾਸ ਪਹਿਨੇ ਇੱਕ ਸਿਗਾਰ ਪੀਂਦੀ ਨਜ਼ਰ ਆ ਰਹੀ ਹੈ। ਪ੍ਰਸ਼ੰਸਕਾਂ ਲਈ ਖੁਸ਼ਖਬਰੀ ਹੈ ਕਿਉਂਕਿ ਸੁਸ਼ਮਿਤਾ ਸੇਨ ਦੀ ਆਉਣ ਵਾਲੀ ਵੈੱਬ ਸੀਰੀਜ਼ 'ਆਰਿਆ ਸੀਜ਼ਨ 3' ਦਾ ਪਹਿਲਾ ਟੀਜ਼ਰ ਰਿਲੀਜ਼ ਹੋ ਗਿਆ ਹੈ। ਟੀਜ਼ਰ 'ਚ ਸੁਸ਼ਮਿਤਾ ਕਾਫੀ ਦਮਦਾਰ ਕਿਰਦਾਰ 'ਚ ਨਜ਼ਰ ਆ ਰਹੀ ਹੈ। ਟੀਜ਼ਰ ਵਿੱਚ ਉਹ ਸਿਗਾਰ ਜਲਾਉਂਦੀ ਅਤੇ ਆਪਣੀ ਪਿਸਤੌਲ ਲੋਡ ਕਰਦੀ ਦਿਖਾਈ ਦੇ ਰਹੀ ਹੈ। ਟੀਜ਼ਰ ਵੀਡੀਓ ਨੂੰ ਇੰਸਟਾਗ੍ਰਾਮ 'ਤੇ ਸ਼ੇਅਰ ਕਰਦੇ ਹੋਏ, ਸੁਸ਼ਮਿਤਾ ਨੇ ਕੈਪਸ਼ਨ ਵਿੱਚ ਲਿਖਿਆ, "ਉਹ ਵਾਪਸ ਆ ਗਈ ਹੈ ਅਤੇ ਸ਼ੂਟਿੰਗ ਕਰ ਰਹੀ ਹੈ।





ਮਾਨਸਿਕ ਸਿਹਤ ਸੰਕਟ ਹਰ ਕਿਸੇ ਲਈ ਵੱਖਰਾ ਦਿਖਾਈ ਦਿੰਦਾ ਹੈ।
211 'ਤੇ ਕਾਲ ਕਰੋ।
ਟੋਰਾਂਟੋ ਕਮਿਊਨਿਟੀ ਕਰਾਈਸਿਸ ਸਰਵਿਸ ਮੁਫਤ, ਗੁਪਤ, 24/7 ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ।
Toronto Community Crisis Service
TORONTO
toronto.ca/CrisisService


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017